@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪੱਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 25 February 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 25 ਫਰਵਰੀ 2026, 13 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 112. qpatrika@gmail.com ਫੋਨ : 9971359517 www.qaumipatrika.org

## ਅਮਰੀਕੀ ਸੁਪਰੀਮ ਕੋਰਟ ਨੇ ਟੈਰਿਫ 'ਤੇ ਲਾਈ ਰੋਕ, ਪ੍ਰਧਾਨ ਮੰਤਰੀ ਮੋਦੀ ਡੀਲ ਰੱਦ ਕਰਕੇ ਦਿਖਾਉਣ : ਰਾਹੁਲ ਗਾਂਧੀ

ਕੌਮੀ ਪੱਤ੍ਰਿਕਾ
**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 24 ਫਰਵਰੀ। ਮੱਧ ਪ੍ਰਦੇਸ਼ ਦੇ ਭੋਪਾਲ ਵਿੱਚ ਆਯੋਜਿਤ 'ਕਿਸਾਨ ਮਹਾ-ਚੌਪਾਲ' ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਸੰਸਦ ਮੈਂਬਰ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਹੈ। ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਅਮਰੀਕਾ ਦੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਟਰੰਪ ਦੇ ਟੈਰਿਫ 'ਤੇ ਰੋਕ ਲਗਾ ਦਿੱਤੀ ਹੈ, ਇਸ ਲਈ ਹੁਣ ਜੇਕਰ ਪ੍ਰਧਾਨ ਮੰਤਰੀ ਮੋਦੀ ਵਿੱਚ ਹਿੰਮਤ ਹੈ ਤਾਂ ਉਹ ਇਸ ਟ?ਰੇਡ ਡੀਲ ਨੂੰ ਰੱਦ ਕਰਕੇ ਦਿਖਾਉਣ। ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਕੈਬਨਿਟ ਨਾਲ ਸਲਾਹ ਕੀਤੇ ਬਿਨਾਂ ਹੀ ਟਰੰਪ ਨੂੰ ਫੋਨ ਕੀਤਾ ਅਤੇ ਟ?ਰੇਡ ਡੀਲ ਕਰ ਲਈ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਖੇਤੀਬਾੜੀ ਦੇ ਮੁੱਦੇ ਕਾਰਨ ਪਿਛਲੇ ਚਾਰ ਮਹੀਨਿਆਂ ਤੋਂ ਰੁਕਿਆ ਹੋਇਆ ਸੀ ਕਿਉਂਕਿ ਸਰਕਾਰ ਨਹੀਂ ਚਾਹੁੰਦੀ ਸੀ ਕਿ ਅਮਰੀਕੀ ਕੰਪਨੀਆਂ ਭਾਰਤ ਵਿੱਚ ਸੋਇਆ, ਕਪਾਹ ਅਤੇ ਮੱਕੀ ਵੇਚਣ, ਪਰ ਮੋਦੀ ਨੇ ਅਚਾਨਕ ਦੇਸ਼ ਦੇ ਕਿਸਾਨਾਂ ਨੂੰ 'ਵੇਚ' ਦਿੱਤਾ ਅਤੇ ਭਾਰਤ ਦਾ ਸਾਰਾ ਡੇਟਾ ਅਮਰੀਕਾ ਨੂੰ ਸੌਂਪ ਦਿੱਤਾ। ਉਨ੍ਹਾਂ ਸਵਾਲ ਉਠਾਇਆ ਕਿ ਕੀ ਪੀ.ਐਮ. ਨੇ ਇਸ ਬਾਰੇ ਸ਼ਿਵਰਾਜ ਚੌਹਾਨ ਵਰਗੇ



ਨੇਤਾਵਾਂ ਦੀ ਰਾਏ ਲਈ ਸੀ? ਸਾਬਕਾ ਫੌਜ ਮੁਖੀ ਜਨਰਲ ਨਰਵਣੇ ਦੀ ਕਿਤਾਬ ਦਾ ਹਵਾਲਾ ਦਿੰਦਿਆਂ ਰਾਹੁਲ ਨੇ ਕਿਹਾ ਕਿ ਜਦੋਂ ਚੀਨੀ ਟੈਂਕ ਭਾਰਤੀ ਸਰਹੱਦ ਦੇ ਅੰਦਰ ਆ ਰਹੇ ਸਨ, ਉਦੋਂ ਫੌਜ ਮੁਖੀ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ, ਅਜੀਤ ਡੋਭਾਲ ਅਤੇ ਐਸ. ਜੈਸ਼ੰਕਰ ਨੂੰ ਫੋਨ ਕੀਤਾ ਸੀ, ਪਰ ਕਿਸੇ ਨੇ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਫੈਸਲਾ ਲੈਣ ਦਾ ਸਮਾਂ ਆਇਆ ਤਾਂ ਪ੍ਰਧਾਨ ਮੰਤਰੀ 'ਗਾਇਬ' ਹੋ ਗਏ ਅਤੇ ਫੌਜ ਮੁਖੀ ਨੂੰ ਇਹ ਕਹਿ ਦਿੱਤਾ ਗਿਆ ਕਿ ਜੋ ਉਚਿਤ ਸਮਝਣ ਉਹ ਕਰਨ। ਰਾਹੁਲ ਅਨੁਸਾਰ, ਫੌਜ ਮੁਖੀ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ ਕਿ ਉਸ ਦਿਨ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਬਿਲਕੁਲ ਇਕੱਲਾ ਛੱਡ ਦਿੱਤਾ ਸੀ। ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨੂੰ 'ਕੰਪਰੋਮਾਈਜ਼ਡ' ਦੱਸਦਿਆਂ ਕਿਹਾ ਕਿ ਅਮਰੀਕਾ ਕੋਲ ਐਪਸਟੀਨ ਦੀਆਂ 30 ਲੱਖ ਫਾਈਲਾਂ ਪਈਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕਾ ਨੇ ਭਾਰਤ ਸਰਕਾਰ ਨੂੰ ਧਮਕਾਉਣ ਲਈ ਹਰਦੀਪ ਪੁਰੀ ਦਾ ਨਾਂ ਰਿਲੀਜ਼ ਕੀਤਾ ਹੈ ਤਾਂ ਜੋ ਇਹ ਸੰਦੇਸ਼ ਦਿੱਤਾ ਜਾ ਸਕੇ ਕਿ ਜੇਕਰ ਗੱਲ ਨਾ ਮੰਨੀ ਗਈ ਤਾਂ ਸਬੂਤ ਜਨਤਕ ਕੀਤੇ ਜਾਣਗੇ। ਇਸ ਤੋਂ ਇਲਾਵਾ, ਉਨ੍ਹਾਂ ਕਿਹਾ ਕਿ ਅਡਾਨੀ 'ਤੇ ਅਮਰੀਕਾ ਵਿੱਚ ਅਪਰਾਧਿਕ ਕੇਸ ਹੈ ਅਤੇ ਕਿਉਂਕਿ ਅਡਾਨੀ ਭਾਜਪਾ ਤੇ ਮੋਦੀ ਦਾ 'ਫਾਈਨੈਂਸ਼ੀਅਲ ਸਟ?ਰਕਚਰ' ਹਨ, ਇਸ ਲਈ ਇਹ ਕੇਸ ਸਿੱਧਾ ਨਰਿੰਦਰ ਮੋਦੀ 'ਤੇ ਹੈ। ਰਾਹੁਲ ਨੇ ਕਿਹਾ ਕਿ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੂੰ ਬੋਲਣ ਨਹੀਂ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਜਿਵੇਂ ਹੀ ਉਨ੍ਹਾਂ ਨੇ ਸਦਨ ਵਿੱਚ ਨਰਵਣੇ ਦੀ ਕਿਤਾਬ ਦਾ ਜ਼ਿਕਰ ਕਰਨਾ ਸ਼ੁਰੂ ਕੀਤਾ, ਤਾਂ ਉਨ੍ਹਾਂ ਨੂੰ ਰੋਕਿਆ ਗਿਆ ਅਤੇ ਅਮਿਤ ਸ਼ਾਹ ਖੜ੍ਹੇ ਹੋ ਗਏ ਤਾਂ ਜੋ ਸੱਚਾਈ ਸਾਹਮਣੇ ਨਾ ਆ ਸਕੇ।

## ਲਗਜ਼ਰੀ ਨਹੀਂ, ਜ਼ਰੂਰਤ ਹੈ ਹਵਾਈ ਯਾਤਰਾ, ਵਧੇ ਹਵਾਈ ਕਿਰਾਇਆਂ 'ਤੇ ਸੁਪਰੀਮ ਕੋਰਟ ਦੀ ਟਿੱਪਣੀ

ਨਵੀਂ ਦਿੱਲੀ 24 ਫਰਵਰੀ। ਸੁਪਰੀਮ ਕੋਰਟ ਨੇ ਤਿਉਹਾਰਾਂ ਦੇ ਮੌਸਮ ਅਤੇ ਛੁੱਟੀਆਂ ਦੌਰਾਨ ਹਵਾਈ ਕਿਰਾਏ 'ਚ ਵਾਧੇ 'ਤੇ ਚਿੰਤਾ ਜਤਾਈ ਹੈ। ਜੱਜ ਵਿਕਰਮ ਨਾਥ ਅਤੇ ਸੰਦੀਪ ਮੇਹਤਾ ਦੀ ਬੈਂਚ ਨੇ ਸੋਮਵਾਰ ਨੂੰ ਹਵਾਈ ਕਿਰਾਏ 'ਚ ਵਾਧੇ ਨੂੰ ਕੰਟਰੋਲ ਕਰਨ ਲਈ ਰੈਗੂਲੇਟਰੀ ਦਿਸ਼ਾ-ਨਿਰਦੇਸ਼ਾਂ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਕੀਤੀ। ਫੈਡਰੇਸ਼ਨ ਆਫ ਇੰਡੀਅਨ ਏਅਰਲਾਈਨਜ਼ (691) ਨੇ ਮਾਮਲੇ 'ਚ ਸ਼ਾਮਲ ਹੋਣ ਦੀ ਮੰਗ ਕੀਤੀ ਪਰ ਅਦਾਲਤ ਨੇ ਫਿਲਹਾਲ ਇਹ ਕਹਿੰਦੇ ਹੋਏ ਮਨ੍ਹਾ ਕਰ ਦਿੱਤਾ ਕਿ ਇਸ 'ਤੇ ਬਾਅਦ 'ਚ ਵਿਚਾਰ ਕੀਤਾ ਜਾ ਸਕਦਾ ਹੈ। ਅਦਾਲਤ ਦੇ ਸਾਹਮਣੇ ਦਾਇਰ ਪਟੀਸ਼ਨ ਅਨੁਸਾਰ, ਹਵਾਈ ਯਾਤਰਾ ਹੁਣ ਲੱਖਾਂ ਲੋਕਾਂ



ਲਈ ਇਕ 'ਲਗਜ਼ਰੀ ਨਹੀਂ ਸਗੋਂ ਇਕ ਜ਼ਰੂਰੀ ਸੇਵਾ' ਹੈ। ਇਸ 'ਚ ਕੇਂਦਰ ਸਰਕਾਰ ਅਤੇ ਸਿਵਲ ਏਵੀਏਸ਼ਨ ਡਾਇਰੈਕਟੋਰੇਟ ਜਨਰਲ (4731) ਨੂੰ ਹਵਾਈ ਕਿਰਾਏ ਤੈਅ ਕਰਨ, ਕੀਮਤਾਂ 'ਚ ਵਾਧੇ ਨੂੰ ਕੰਟਰੋਲ ਕਰਨ ਅਤੇ ਸਮਾਨ ਅਤੇ ਵਾਧੂ ਖਰਚਿਆਂ ਨੂੰ ਨਿਯਮਿਤ ਕਰਨ ਲਈ ਜ਼ਰੂਰੀ ਨਿਯਮ ਬਣਾਉਣ ਦਾ ਨਿਰਦੇਸ਼ ਦੇਣ ਦੀ ਮੰਗ ਕਰਦੀ ਹੈ। ਸਰਕਾਰ ਦੀ ਨੁਮਾਇੰਦਗੀ ਕਰ ਰਹੇ ਵਧੀਕ ਸਾਲਿਸੀਟਰ ਜਨਰਲ ਅਨਿਲ ਕੌਸ਼ਿਕ ਨੇ ਕਿਹਾ ਕਿ ਸਰਕਰਾ ਇਸ ਮੁੱਦੇ ਨੂੰ ਤਰਜੀਹ ਦੇ ਤੌਰ 'ਤੇ ਦੇਖ ਰਹੀ ਹੈ ਅਤੇ ਚਾਰ ਹਫ਼ਤਿਆਂ ਦੇ ਅੰਦਰ ਜਵਾਬ ਦਾਇਰ ਕਰੇਗੀ। ਇਸ ਤੋਂ ਬਾਅਦ, ਅਦਾਲਤ ਨੇ ਸੁਣਵਾਈ 20 ਮਾਰਚ ਤੱਕ ਟਾਲ ਦਿੱਤੀ।

## ਸੁਖਬੀਰ ਬਾਦਲ ਦਾ ਅਕਾਲੀ ਦਲ ਪੁਨਰ ਸੁਰਜੀਤ ਨੂੰ ਵੱਡਾ ਝਟਕਾ

ਸੰਗਰੂਰ 24 ਫਰਵਰੀ। ਮਹਿਲ ਕਲਾਂ ਤੇ ਧੂਰੀ ਹਲਕਿਆਂ 'ਚ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਪੁਨਰ ਸੁਰਜੀਤ ਨੂੰ ਫਿਰ ਵੱਡਾ ਝਟਕਾ ਦਿੱਤਾ ਹੈ। ਪਿੰਡ ਬਾਦਲ ਵਿਖੇ ਸ਼?ਰੋਮਣੀ ਅਕਾਲੀ ਦਲ ਦੇ ਸੁਖਬੀਰ ਸਿੰਘ



ਬਾਦਲ ਦੀ ਹਾਜ਼ਰੀ ਵਿਚ ਹਲਕਾ ਮਹਿਲ ਕਲਾਂ ਦੇ ਦਰਜਨ ਤੋਂ ਵੱਧ ਆਗੂ ਗਗਨਦੀਪ ਸਿੰਘ ਖੰਡੇਬਾਦ ਅਤੇ ਨਾਥ ਸਿੰਘ ਹਮੀਦੀ ਹਲਕਾ ਇੰਚਾਰਜ ਦੇ ਉਪਰਾਲੇ ਸਦਕਾ ਸ਼?ਰੋਮਣੀ ਅਕਾਲੀ ਦਲ ਵਿਚ ਸ਼ਾਮਿਲ ਹੋਏ ਹਨ। ਇਨ੍ਹਾਂ ਵਿੱਚ ਗੁਰਮੀਤ ਸਿੰਘ ਸਰਪੰਚ ਮਾਮਦਪੁਰ, ਮਨਜੀਤ ਸਿੰਘ ਚੀਮਾ, ਬਲਜਿੰਦਰ ਸਿੰਘ ਪੰਚ, ਪ੍ਰਦੀਪ ਸਿੰਘ ਪੰਚ, ਰਮਨਜੀਤ ਸਿੰਘ ਕਰਵਾਲ, ਨਿਰਭੈ ਸਿੰਘ ਸਮਰਾ, ਬਲਿਹਾਰ ਸਿੰਘ ਜੈਲਦਾਰ, ਜਗਦੇਵ ਸਿੰਘ ਸ਼ੇਰਪੁਰ, ਬਲਵਿੰਦਰ ਸਿੰਘ ਭੋਤਨਾ, ਸਿਮਰਜੀਤ ਸਿੰਘ ਭੋਤਨਾ ਤੇ ਰੁਪਿੰਦਰ ਸਿੰਘ ਭੋਤਨਾ ਨੇ ਅਕਾਲੀ ਦਲ ਪੁਨਰ ਸੁਰਜੀਤ ਛੱਡ ਸ਼?ਰੋਮਣੀ ਅਕਾਲੀ ਦਲ ਵਿਚ ਸ਼ਮੂਲੀਅਤ ਕੀਤੀ। ਇਸ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਸਾਰਿਆਂ ਨੂੰ ਜੀ ਆਇਆ ਆਖਣ ਦੇ ਨਾਲ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਸਮੂਹ ਪੰਜਾਬੀ ਵਿਰੋਧੀਆਂ ਦੀਆ ਚਾਲਾਂ ਨੂੰ ਸਮਝਣ ਤੋਂ ਬਾਅਦ ਆਪਣੀ ਮਾਂ ਪਾਰਟੀ ਸ਼?ਰੋਮਣੀ ਅਕਾਲੀ ਦਲ ਵਿਚ ਘਰ ਵਾਪਸੀ ਕਰ ਰਹੇ ਹਨ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਹ ਲੋਕ ਲਹਿਰ 2027 'ਚ ਸ਼?ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਮੁੱਢ ਬੰਨ੍ਹੇਗੀ ਜੋ ਕਿ ਪੰਜਾਬੀਆਂ ਦੀ ਆਪਣੀ ਸਰਕਾਰ ਹੋਵੇਗੀ।

## ਅਕਾਲੀ ਅਤੇ ਕਾਂਗਰਸ ਸਰਕਾਰਾਂ ਨੇ ਪੰਜਾਬ ਦੇ ਬੱਚਿਆਂ ਨੂੰ ਜਾਣ-ਬੁੱਝ ਕੇ ਅਨਪੜ੍ਹ ਰੱਖਿਆ: ਭਗਵੰਤ ਮਾਨ

ਕੌਮੀ ਪੱਤ੍ਰਿਕਾ

ਮਾਨਸਾ, 24 ਫਰਵਰੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਅਕਾਲੀ ਅਤੇ ਕਾਂਗਰਸ ਦੇ ਦਹਾਕਿਆਂ ਦੇ ਸ਼ਾਸਨ ਨੇ ਜਾਣ-ਬੁੱਝ ਕੇ ਪੰਜਾਬ ਦੇ ਬੱਚਿਆਂ ਨੂੰ ਅਨਪੜ੍ਹ ਰੱਖਿਆ, ਜਦੋਂ ਕਿ ਸਿਆਸੀ ਪਰਿਵਾਰ ਵਧਦੇ-ਫੁੱਲਦੇ ਰਹੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਪਾਰਟੀਆਂ ਨੂੰ ਕਦੇ ਵੀ ਲੋਕਾਂ ਦੀ ਤਰੱਕੀ ਦੀ ਚਿੰਤਾ ਨਹੀਂ ਸੀ, ਸਗੋਂ ਸਿਰਫ਼ ਆਪਣੇ ਧੀਆਂ-ਪੁੱਤਰਾਂ ਅਤੇ ਰਿਸ਼ਤੇਦਾਰਾਂ ਲਈ ਸੱਤਾ ਹਾਸਲ ਕਰਨ ਦੀ ਚਿੰਤਾ ਸੀ। ਸਰਦੂਲਗੜ੍ਹ ਵਿੱਚ ਸਰਕਾਰੀ ਆਈ.ਟੀ.ਆਈ., ਜੋ ਹਰ ਸਾਲ 240 ਵਿਦਿਆਰਥੀਆਂ ਨੂੰ ਹੁਨਰਮੰਦ ਬਣਾਏਗੀ, ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਹੁਣ ਚੋਣ ਸੁਪਨਾ ਪੂਰਾ ਕਰਨ ਲਈ ਦੂਜੀਆਂ ਪਾਰਟੀਆਂ ਦੇ ਦਲ-ਬਦਲੂਆਂ 'ਤੇ ਨਿਰਭਰ ਕਰ ਰਹੀ ਹੈ ਪਰ ਪੰਜਾਬ ਨੇ ਵੱਖਰਾ ਰਸਤਾ ਚੁਣਿਆ ਹੈ। ਪੰਜਾਬ ਸਰਕਾਰ ਵੱਲੋਂ ਸਰਕਾਰੀ ਖ਼ਜ਼ਾਨੇ ਦਾ ਇਕ-ਇਕ ਪੈਸਾ ਇਮਾਨਦਾਰੀ ਨਾਲ ਲੋਕਾਂ ਦੀ ਭਲਾਈ ਅਤੇ ਤਰੱਕੀ 'ਤੇ ਖ਼ਰਚਣ ਦੀ ਗੱਲ ਆਖਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ 'ਆਪ' ਸਰਕਾਰ, ਪੰਜਾਬ ਵਿਕਾਸ ਦੇ ਲਈ ਨਵੇਂ ਇੰਜਣ 'ਤੇ ਚੱਲ ਰਹੀ ਹੈ, ਜਦੋਂ ਕਿ ਭਾਜਪਾ, ਅਕਾਲੀ ਦਲ ਤੇ ਕਾਂਗਰਸ ਦੇ ਇੰਜਣ ਪੁਰਾਣੇ ਹੋ ਚੁੱਕੇ ਹਨ ਅਤੇ ਸੂਬੇ ਨੂੰ ਅੱਗੇ ਵਧਾਉਣ ਦੇ ਸਮਰੱਥ ਨਹੀਂ ਹਨ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ



ਸਿੰਘ ਮਾਨ ਨੇ ਕਿਹਾ, "ਅਕਾਲੀ ਦਲ ਖ਼ੁਦ ਇਕ ਡਾਇਨਾਸੋਰ ਹੈ, ਜਿਸ ਨੇ ਸੂਬੇ ਅਤੇ ਇਸ ਦੇ ਲੋਕਾਂ ਦੀ ਕਮਾਈ ਨੂੰ ਹੜੱਪ ਲਿਆ। ਜਿੱਥੇ 'ਆਪ' ਸਰਕਾਰ ਪੰਜਾਬੀ ਨੌਜਵਾਨਾਂ ਨੂੰ ਡਾਕਟਰ ਅਤੇ ਇੰਜਨੀਅਰ ਬਣਾ ਕੇ ਭਵਿੱਖ ਲਈ ਤਿਆਰ ਕਰਨ ਲਈ ਸਖ਼ਤ ਯਤਨ ਕਰ ਰਹੀ ਹੈ, ਉੱਥੇ ਅਕਾਲੀ ਦਲ ਸੂਬੇ ਦੇ ਨੌਜਵਾਨਾਂ ਨੂੰ ਡਾਇਨਾਸੋਰ ਯੁੱਗ ਵਿੱਚ ਵਾਪਸ ਖਿੱਚਣ 'ਤੇ ਤੁਲਿਆ ਹੋਇਆ ਹੈ। ਉਨ੍ਹਾਂ ਲੋਕਾਂ ਨੂੰ ਚੇਤੇ ਕਰਵਾਇਆ ਕਿ ਡਾਇਨਾਸੋਰ ਮਨੁੱਖਾਂ ਲਈ ਘਾਤਕ ਸਨ। ਉਨ੍ਹਾਂ ਕਿਹਾ ਕਿ ਡਾਇਨਾਸੋਰ ਅਕਾਲੀਆਂ ਦਾ ਪਸੰਦੀਦਾ ਜਾਨਵਰ ਹੈ ਕਿਉਂਕਿ ਅਕਾਲੀਆਂ ਨੇ ਵੀ ਪੰਜਾਬ ਤੇ ਪੰਜਾਬੀਆਂ ਦੀ ਮਿਹਨਤ ਦੀ ਕਮਾਈ ਖਾਧੀ ਹੈ। ਉਨ੍ਹਾਂ ਕਿਹਾ, "ਲੋਕ ਕਦੇ ਵੀ ਅਜਿਹੇ ਆਗੂਆਂ ਨੂੰ ਨਹੀਂ ਚੁਣਨਗੇ, ਜਿਨ੍ਹਾਂ ਨੇ ਸੂਬੇ ਨੂੰ ਬਰਬਾਦ ਕੀਤਾ ਹੈ ਅਤੇ ਆਪਣੀਆਂ ਘਿਨਾਉਣੀਆਂ ਹਰਕਤਾਂ ਨਾਲ ਸਾਡੀਆਂ ਪੀੜ੍ਹੀਆਂ ਨੂੰ ਹੜੱਪ ਲਿਆ ਹੈ। ਅਕਾਲੀ ਦਲ ਦੀ ਪੰਜਾਬ ਬਚਾਓ ਯਾਤਰਾ 'ਤੇ ਵਿਅੰਗ ਕਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀ ਦਲ ਦੀ ਇਸ ਚਾਲ ਦਾ ਅਸਲੀ ਨਾਮ 'ਪਰਿਵਾਰ ਬਚਾਓ ਯਾਤਰਾ' ਹੈ। ਉਨ੍ਹਾਂ ਕਿਹਾ, "ਮੈਂ ਅਕਾਲੀ ਆਗੂਆਂ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਇਹ ਦੱਸਣ ਕਿ 15 ਸਾਲ ਸੂਬੇ ਨੂੰ ਲੁੱਟਣ ਤੋਂ ਬਾਅਦ ਉਹ ਸੂਬੇ ਨੂੰ ਕਿਸ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਲੋਕਾਂ ਨੇ ਅਕਾਲੀਆਂ ਨੂੰ ਚੁਣਿਆ ਸੀ ਪਰ ਉਹ ਗੱਦਾਰ ਸਾਬਤ ਹੋਏ ਅਤੇ ਹਮੇਸ਼ਾ ਸੂਬੇ ਅਤੇ ਇਸ ਦੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਚੇਤੇ ਕਰਵਾਇਆ ਕਿ ਜਦੋਂ ਸਮੁੱਚੀ ਕਿਸਾਨੀ ਆਪਣੇ ਹੱਕਾਂ ਲਈ ਲੜ ਰਹੀ ਸੀ ਤਾਂ ਅਕਾਲੀਆਂ ਨੇ ਕੇਂਦਰੀ ਮੰਤਰੀ ਮੰਡਲ ਵਿੱਚ ਆਪਣੀ ਕੁਰਸੀ ਬਚਾਉਣ ਖ਼ਾਤਰ ਕਾਲੇ ਖੇਤੀ ਕਾਨੂੰਨਾਂ 'ਤੇ ਮੋਦੀ ਸਰਕਾਰ ਦਾ ਸਮਰਥਨ ਕੀਤਾ ਸੀ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਪੰਥ ਦੀ ਦੁਰਵਰਤੋਂ ਕੀਤੀ ਹੈ, ਜਿਸ ਕਾਰਨ ਲੋਕਾਂ ਵੱਲੋਂ ਉਨ੍ਹਾਂ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ। ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਭਗਵਾਂ ਪਾਰਟੀ ਚੋਣਾਂ ਜਿੱਤਣ ਦੀ ਉਮੀਦ ਵਿੱਚ ਦੂਜੀਆਂ ਪਾਰਟੀਆਂ ਦੇ ਦਲਬਦਲੂਆਂ 'ਤੇ ਨਿਰਭਰ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਭਾਜਪਾ ਦੀ ਇਹ ਰਣਨੀਤੀ ਪੰਜਾਬ ਵਿੱਚ ਕੰਮ ਨਹੀਂ ਕਰੇਗੀ ਕਿਉਂਕਿ ਦੂਜੀਆਂ ਮਸ਼ੀਨਾਂ ਦੇ ਖਰਾਬ ਹੋਏ ਪੁਰਜ਼ਿਆਂ ਵਾਲਾ ਇੰਜਣ ਜ਼ਿਆਦਾ ਦੇਰ ਨਹੀਂ ਚੱਲ ਸਕੇਗਾ। ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਉਨ੍ਹਾਂ ਤੋਂ ਸਾੜਾ ਰੱਖਦੀਆਂ ਹਨ ਕਿਉਂਕਿ ਉਹ ਇਹ ਹਜ਼ਮ ਨਹੀਂ ਕਰ ਪਾ ਰਹੀਆਂ ਕਿ ਇਕ ਆਮ ਆਦਮੀ ਦਾ ਪੁੱਤਰ ਸੂਬੇ ਦਾ ਸ਼ਾਸਨ ਪ੍ਰਭਾਵਸ਼ਾਲੀ ਢੰਗ ਨਾਲ ਚਲਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ, "ਰਵਾਇਤੀ ਸਿਆਸੀ ਪਾਰਟੀਆਂ ਦੇ ਲੋਕ ਵਿਰੋਧੀ ਅਤੇ ਪੰਜਾਬ ਵਿਰੋਧੀ ਰੁਖ਼ ਕਾਰਨ ਪੰਜਾਬ ਦੇ ਲੋਕਾਂ ਦਾ ਉਨ੍ਹਾਂ ਤੋਂ ਵਿਸ਼ਵਾਸ ਉੱਠ ਗਿਆ ਹੈ।

Contd......................page-3

## ਕੇਂਦਰ ਸਰਕਾਰ ਨੇ ਦੇਸ਼ ਵਾਸੀਆਂ ਲਈ ਕਰ'ਤੇ ਕਈ ਵੱਡੇ ਐਲਾਨ

ਕੌਮੀ ਪੱਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 24 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਅੱਜ ਨਵੇਂ ਬਣੇ ਪ੍ਰਧਾਨ ਮੰਤਰੀ ਦਫ਼ਤਰ ਭਵਨ 'ਸੇਵਾ ਤੀਰਥ' ਵਿੱਚ ਕੇਂਦਰੀ ਮੰਤਰੀ ਮੰਡਲ ਦੀ ਪਹਿਲੀ ਇਤਿਹਾਸਕ ਬੈਠਕ ਹੋਈ। ਕੇਂਦਰੀ ਕੈਬਨਿਟ ਮੀਟਿੰਗ ਵਿੱਚ ਕਈ ਮਹੱਤਵਪੂਰਨ ਫੈਸਲੇ ਲਏ ਗਏ। ਇਸ ਮੌਕੇ ਕੈਬਨਿਟ ਨੇ 'ਸੇਵਾ ਸੰਕਲਪ' ਮਤਾ ਪਾਸ ਕਰਦਿਆਂ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਅਤੇ ਵਿਸ਼ਵ ਦੀ ਤੀਜੀ ਸਭ ਤੋਂ ਵੱਡੀ ਆਰਥਿਕਤਾ ਬਣਾਉਣ ਦੀ ਵਚਨਬੱਧਤਾ ਦੁਹਰਾਈ ਹੈ। ਕੈਬਨਿਟ ਮੀਟਿੰਗ ਖਤਮ ਹੋਣ ਤੋਂ ਬਾਅਦ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਸਰਕਾਰ ਵੱਲੋਂ ਮੀਟਿੰਗ 'ਚ ਲਏ ਗਏ ਫੈਸਲਿਆਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਇਸ ਦੌਰਾਨ ਜਾਣਕਾਰੀ ਦਿੰਦਿਆ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ ਇਸ ਬੈਠਕ ਵਿੱਚ ਇੱਕ ਵੱਡਾ ਫ਼ੈਸਲਾ ਲੈਂਦੇ ਹੋਏ ਕੇਂਦਰ ਸਰਕਾਰ ਨੇ ਕੇਰਲ ਰਾਜ ਦਾ ਨਾਂ



ਬਦਲ ਕੇ 'ਕੇਰਲਮ' ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਇਲਾਵਾ, ਇਨਫਰਾਸਟਰਕਚਰ ਵਿਕਾਸ ਨੂੰ ਗਤੀ ਦੇਣ ਲਈ 12,236 ਕਰੋੜ ਰੁਪਏ ਦੇ ਅਹਿਮ ਪ੍ਰੋਜੈਕਟਾਂ ਨੂੰ ਹਰੀ ਝੰਡੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸ੍ਰੀਨਗਰ ਹਵਾਈ ਅੱਡੇ ਦਾ ਹੋਵੇਗਾ ਕਾਇਆਕਲਪ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ ਸ੍ਰੀਨਗਰ ਹਵਾਈ ਅੱਡੇ 'ਤੇ 1,677 ਕਰੋੜ ਰੁਪਏ ਦੀ ਲਾਗਤ ਨਾਲ 'ਸਿਵਲ ਐਨਕਲੇਵ' ਬਣਾਉਣ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਹ ਨਵਾਂ ਟਰਮੀਨਲ 71,500 ਵਰਗ ਮੀਟਰ ਵਿੱਚ ਬਣੇਗਾ, ਜਿਸ ਦੀ ਸਾਲਾਨਾ ਸਮਰੱਥਾ ਇਕ ਕਰੋੜ ਯਾਤਰੀਆਂ ਦੀ ਹੋਵੇਗੀ। ਇਸ ਨਾਲ ਇਲਾਕੇ ਵਿੱਚ ਰੁਜ਼ਗਾਰ ਅਤੇ ਨਿਵੇਸ਼ ਦੇ ਨਵੇਂ ਰਾਹ ਖੁੱਲ੍ਹਣਗੇ। ਜੂਟ ਦਾ ਸਮਰਥਨ ਮੁੱਲ ਸਾਲ 2026-27 ਦੇ ਸੀਜ਼ਨ ਲਈ ਜੂਟ ਦੇ ਵਿੱਚ 275 ਰੁਪਏ ਦਾ ਵਾਧਾ ਕਰਕੇ ਇਸਨੂੰ 5,925 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

## ਰਾਸ਼ਟਰਪਤੀ ਭਵਨ 'ਚ ਲੁਟੀਅਨਜ਼ ਦੀ ਜਗਹਾ ਰਾਜਗੋਪਾਲਾਚਾਰੀ ਦਾ ਬੁੱਤ

ਨਵੀਂ ਦਿੱਲੀ 24 ਫਰਵਰੀ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਸੋਮਵਾਰ ਨੂੰ ਰਾਸ਼ਟਰਪਤੀ ਭਵਨ 'ਚ ਆਜ਼ਾਦ ਭਾਰਤ ਦੇ ਪਹਿਲੇ ਅਤੇ ਇਕਲੌਤੇ ਭਾਰਤੀ ਗਵਰਨਰ ਜਨਰਲ ਚੱਕਰਵਰਤੀ ਰਾਜਗੋਪਾਲਾਚਾਰੀ ਦੇ ਬੁੱਤ ਦੀ ਘੁੰਢ-ਚੁਕਾਈ ਕੀਤੀ। ਰਾਸ਼ਟਰਪਤੀ ਸਕੱਤਰੇਤ ਨੇ ਕਿਹਾ ਕਿ ਇਹ ਪਹਿਲ ਬਸਤੀਵਾਦੀ ਮਾਨਸਿਕਤਾ ਦੇ ਨਿਸ਼ਾਨਾਂ ਨੂੰ ਮਿਟਾਉਣ ਦੀ ਦਿਸ਼ਾ 'ਚ ਚੁੱਕੇ ਜਾ ਰਹੇ ਕਦਮਾਂ ਦੀ ਲੜੀ ਦਾ ਹਿੱਸਾ ਹੈ। ਰਾਸ਼ਟਰਪਤੀ ਭਵਨ 'ਚ ਅਸ਼ੋਕ ਮੰਡਪ ਦੇ ਕੋਲ ਰਾਜਗੋਪਾਲਾਚਾਰੀ ਦੀ ਮੂਰਤੀ ਨੂੰ ਸਥਾਪਿਤ ਕੀਤਾ ਗਿਆ ਹੈ। ਇਹ ਬੁੱਤ ਨਵੀਂ ਦਿੱਲੀ 'ਚ ਕਈ ਇਮਾਰਤਾਂ ਦੇ ਮੁੱਖ ਵਾਸਤੂਕਾਰ ਐਡਵਿਨ ਲੁਟੀਅਨਜ਼ ਦੇ ਬੁੱਤ ਦੇ ਸਥਾਨ 'ਤੇ ਲਾਇਆ ਗਿਆ ਹੈ। ਰਾਸ਼ਟਰਪਤੀ ਸਕੱਤਰੇਤ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਇਹ ਪਹਿਲ ਬਸਤੀਵਾਦੀ ਮਾਨਸਿਕਤਾ ਦੇ ਨਿਸ਼ਾਨਾਂ ਨੂੰ ਮਿਟਾਉਣ ਅਤੇ ਭਾਰਤ ਦੇ ਅਮੀਰ ਸੱਭਿਆਚਾਰ, ਵਿਰਾਸਤ, ਸਦੀਵੀ ਪਰੰਪਰਾਵਾਂ ਨੂੰ ਮਾਣ ਨਾਲ ਅਪਣਾਉਣ ਅਤੇ ਭਾਰਤ ਮਾਤਾ ਦੀ ਸੇਵਾ 'ਚ ਅਸਾਧਾਰਨ ਯੋਗਦਾਨ ਪਾਉਣ ਵਾਲਿਆਂ ਨੂੰ ਸਨਮਾਨਿਤ ਕਰਨ ਦੀ ਦਿਸ਼ਾ 'ਚ ਚੁੱਕੇ ਜਾ ਰਹੇ ਕਦਮਾਂ ਦੀ ਲੜੀ ਦਾ ਹਿੱਸਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ ਰਾਸ਼ਟਰਪਤੀ ਭਵਨ 'ਚ ਚੱਕਰਵਰਤੀ ਰਾਜਗੋਪਾਲਾਚਾਰੀ ਦੇ ਬੁੱਤ ਦੀ ਘੁੰਢ-ਚੁਕਾਈ ਦੀ ਸੋਮਵਾਰ ਨੂੰ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਕਦਮ ਬਸਤੀਵਾਦ ਮਾਨਸਿਕਤਾ ਦੇ ਨਿਸ਼ਾਨ ਮਿਟਾਉਣ ਅਤੇ ਉਨ੍ਹਾਂ ਲੋਕਾਂ ਨੂੰ



ਸਨਮਾਨਿਤ ਕਰਨ ਦੀ ਦੇਸ਼ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜਿਨ੍ਹਾਂ ਨੇ ਇਸ ਦੇ ਭਵਿੱਖ ਨੂੰ ਨਵਾਂ ਰੂਪ ਦਿੱਤਾ। ਮੋਦੀ ਨੇ 'ਐਕਸ' 'ਤੇ ਪੋਸਟ ਕੀਤਾ ਕਿ ਰਾਜਾਜੀ ਇਕ ਮਹਾਨ ਵਿਦਵਾਨ, ਆਜ਼ਾਦੀ ਘੁਲਾਟੀਏ, ਚਿੰਤਕ ਅਤੇ ਪ੍ਰਸ਼ਾਸਕ ਸਨ। ਉਨ੍ਹਾਂ ਦਾ ਜੀਵਨ ਇਮਾਨਦਾਰੀ, ਸਿਆਣਪ ਅਤੇ ਰਾਸ਼ਟਰ ਪ੍ਰਤੀ ਅਟੁੱਟ ਵਚਨਬੱਧਤਾ ਦਾ ਪ੍ਰਤੀਕ ਸੀ।

## ਚੋਣ ਕਮਿਸ਼ਨ ਦੀ ਦਿੱਲੀ 'ਚ ਵੱਡੀ ਬੈਠਕ: ਪੰਜਾਬ ਸਮੇਤ ਕਈ ਰਾਜਾਂ ਦੇ ਚੋਣ ਅਧਿਕਾਰੀ ਹੋਣਗੇ ਸ਼ਾਮਲ

ਨਵੀਂ ਦਿੱਲੀ/ਚੰਡੀਗੜ੍ਹ 24 ਫਰਵਰੀ। ਭਾਰਤੀ ਚੋਣ ਕਮਿਸ਼ਨ ਵੱਲੋਂ ਬੁਲਾਈ ਗਈ ਇੱਕ ਅਹਿਮ ਬੈਠਕ ਵਿੱਚ ਹਿੱਸਾ ਲੈਣ ਲਈ ਪੰਜਾਬ ਦੇ ਚੋਣ ਅਧਿਕਾਰੀ ਅੱਜ ਦਿੱਲੀ ਪਹੁੰਚਣਗੇ। ਇਹ




ਮੀਟਿੰਗ ਬੇਹੱਦ ਖਾਸ ਮੰਨੀ ਜਾ ਰਹੀ ਹੈ, ਕਿਉਂਕਿ ਚੋਣ ਕਮਿਸ਼ਨ ਨੇ ਲਗਭਗ 25 ਸਾਲਾਂ ਬਾਅਦ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਚੋਣ ਕਮਿਸ਼ਨਰਾਂ ਦੀ ਰਾਸ਼ਟਰੀ ਕਾਨਫਰੰਸ ਬੁਲਾਈ ਹੈ। ਇਸ ਕਾਨਫਰੰਸ ਵਿੱਚ ਤਕਨਾਲੋਜੀ, ਈਵੀਐਮ ਅਤੇ ਵੋਟਰ-ਸੂਚੀ ਸਾਂਝਾਕਰਨ ਬਾਰੇ ਚਰਚਾ ਕੀਤੀ ਜਾਵੇਗੀ। ਕਮਿਸ਼ਨ ਦੇ ਅਨੁਸਾਰ ਅਜਿਹੀ ਕਾਨਫਰੰਸ 27 ਸਾਲਾਂ ਬਾਅਦ ਹੋ ਰਹੀ ਹੈ। ਸਾਂਝੀ ਭਾਗੀਦਾਰੀ: ਪੰਜਾਬ ਦੇ ਨਾਲ-ਨਾਲ ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਦੇ ਚੋਣ ਕਮਿਸ਼ਨਰ ਵੀ ਇਸ ਉੱਚ-ਪੱਧਰੀ ਮੀਟਿੰਗ ਵਿੱਚ ਮੌਜੂਦ ਰਹਿਣਗੇ। ਜਿੱਥੇ ਇੱਕ ਪਾਸੇ ਪ੍ਰਸ਼ਾਸਨਿਕ ਪੱਧਰ 'ਤੇ ਚੋਣਾਂ ਨੂੰ ਲੈ ਕੇ ਇਹ ਵੱਡੀ ਤਿਆਰੀ ਚੱਲ ਰਹੀ ਹੈ, ਉੱਥੇ ਹੀ ਦੂਜੇ ਪਾਸੇ ਮੇਰੇ ਕੋਲ ਮੌਜੂਦ ਸਰੋਤਾਂ ਅਨੁਸਾਰ ਸੂਬੇ ਦੀ ਸਿਆਸਤ ਵਿੱਚ ਪੁਲਸ ਅਤੇ ਅਫਸਰਸ਼ਾਹੀ ਦੀ ਕਾਰਗੁਜ਼ਾਰੀ ਨੂੰ ਲੈ ਕੇ ਤਿੱਖੀ ਬਹਿਸ ਜਾਰੀ ਹੈ। ਸਰੋਤਾਂ ਮੁਤਾਬਕ, ਕੁਝ ਆਗੂਆਂ ਨੇ ਪੰਜਾਬ ਪੁਲਸ ਅਤੇ ਅਧਿਕਾਰੀਆਂ 'ਤੇ ਸੂਬੇ ਦੇ ਹਾਲਾਤ ਵਿਗਾੜਨ ਦੇ ਗੰਭੀਰ ਦੋਸ਼ ਲਾਏ ਹਨ।

## 57 ਲੱਖ ਸਕੂਲੀ ਬੱਚਿਆਂ ਨੂੰ ਮਿਲੇਗੀ ਮੌਖਿਕ ਸਿਹਤ ਸਿੱਖਿਆ, ਹਰਿਆਣਾ ਮੁੱਖ ਮੰਤਰੀ ਵੱਲੋਂ ਵੱਡੀ ਪਹਿਲ

ਕੌਮੀ ਪੱਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 24 ਫਰਵਰੀ। ਹਰਿਆਣਾ ਸਰਕਾਰ ਨੇ ਰਾਜ ਦੇ 57 ਲੱਖ ਸਕੂਲੀ ਬੱਚਿਆਂ ਨੂੰ ਮੌਖਿਕ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਇੱਕ ਅਹਿਮ ਪਹਿਲਕਦਮੀ ਸ਼ੁਰੂ ਕੀਤੀ ਹੈ। ਇਸ ਪ੍ਰੋਗਰਾਮ ਤਹਿਤ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ ਬੱਚਿਆਂ ਵਿੱਚ ਬਚਪਨ ਤੋਂ ਹੀ ਬੁਰਸ਼ ਕਰਨ ਅਤੇ ਸਫਾਈ ਦੀਆਂ ਸਹੀ ਆਦਤਾਂ ਵਿਕਸਿਤ ਕਰਨ ਲਈ 'ਬ੍ਰਾਈਟ ਸਮਾਈਲ ਬ੍ਰਾਈਟ ਫਿਊਚਰ' ਪ੍ਰੋਗਰਾਮ ਨੂੰ ਸਿੱਧੇ ਤੌਰ 'ਤੇ ਸ਼ਾਮਲ ਕੀਤਾ ਜਾਵੇਗਾ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬੱਚਿਆਂ ਦੀ ਸਿਹਤ ਰਾਜ ਦੇ ਉਜਵਲ ਭਵਿੱਖ ਦੀ ਨੀਂਹ ਹੈ। ਉਨ੍ਹਾਂ ਕਿਹਾ ਕਿ ਕੋਲਗੇਟ ਨਾਲ ਇਹ ਸਹਿਯੋਗ ਵਿਦਿਆਰਥੀਆਂ ਵਿੱਚ ਮੌਖਿਕ ਸਫਾਈ ਪ੍ਰਤੀ ਜਾਗਰੂਕਤਾ ਵਧਾਏਗਾ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਵਿੱਚ ਸਹਾਈ ਹੋਵੇਗਾ। ਕੰਪਨੀ ਦੀ ਪ੍ਰਬੰਧ ਨਿਰਦੇਸ਼ਕ ਅਤੇ ਸੀ.ਈ.ਓ. ਪ੍ਰਭਾ ਨਰਸਿਮਹਨ ਨੇ ਦੱਸਿਆ ਕਿ ਇਹ ਸਿਰਫ਼ ਸਫਾਈ ਤੱਕ ਸੀਮਤ



ਨਹੀਂ ਹੈ, ਸਗੋਂ ਜੀਵਨ ਭਰ ਚੱਲਣ ਵਾਲੀ ਸਿਹਤ ਸੰਸਕ੍ਰਿਤੀ ਬਣਾਉਣ ਦਾ ਯਤਨ ਹੈ। ਇਸ ਪ੍ਰੋਗਰਾਮ ਤਹਿਤ ਅਧਿਆਪਕਾਂ ਨੂੰ ਦੰਦਾਂ ਦੀ ਬਣਤਰ ਅਤੇ ਸਿਹਤ ਬਾਰੇ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਉਹ ਜਮਾਤਾਂ ਵਿੱਚ ਇਨ੍ਹਾਂ ਸੰਦੇਸ਼ਾਂ ਨੂੰ ਦੁਹਰਾ ਸਕਣ। ਇਸ ਤੋਂ ਇਲਾਵਾ, ਬੱਚਿਆਂ ਨੂੰ ਘਰ ਲੈ ਜਾਣ ਲਈ ਡੈਂਟਲ ਕਿੱਟਾਂ ਅਤੇ 'ਬ੍ਰਸ਼ਿੰਗ ਕੈਲੰਡਰ' ਵੀ ਦਿੱਤੇ ਜਾਣਗੇ ਤਾਂ ਜੋ ਪਰਿਵਾਰ ਦੀ ਭਾਗੀਦਾਰੀ ਵੀ ਯਕੀਨੀ ਬਣ ਸਕੇ। ਪ੍ਰੋਗਰਾਮ ਦੇ ਤਹਿਤ ਮਾਹਿਰਾਂ ਵੱਲੋਂ ਸਕੂਲਾਂ ਵਿੱਚ ਸੈਸ਼ਨ ਕਰਵਾਏ ਜਾਣਗੇ, ਜਿੱਥੇ ਬੱਚਿਆਂ ਨੂੰ ਦਿਨ ਵਿੱਚ ਦੋ ਵਾਰ ਬੁਰਸ਼ ਕਰਨ, ਸਮੇਂ ਸਿਰ ਟੂਥਬ੍ਰਸ਼ ਬਦਲਣ, ਤੰਬਾਕੂ ਤੋਂ ਦੂਰ ਰਹਿਣ ਅਤੇ ਸੰਤੁਲਿਤ ਖੁਰਾਕ ਲੈਣ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਹਰ ਸਕੂਲ ਵਿੱਚ 'ਓਰਲ ਹੈਲਥ ਬੋਰਡ' ਵੀ ਲਗਾਇਆ ਜਾਵੇਗਾ ਤਾਂ ਜੋ ਬੱਚਿਆਂ ਨੂੰ ਰੋਜ਼ਾਨਾ ਇਨ੍ਹਾਂ ਸਿਹਤਮੰਦ ਆਦਤਾਂ ਦੀ ਯਾਦ ਦਿਵਾਈ ਜਾ ਸਕੇ। ਜ਼ਿਕਰਯੋਗ ਹੈ ਕਿ ਕੋਲਗੇਟ ਦਾ ਇਹ ਪ੍ਰੋਗਰਾਮ ਭਾਰਤ ਵਿੱਚ ਹੁਣ ਤੱਕ 19.5 ਕਰੋੜ ਤੋਂ ਵੱਧ ਬੱਚਿਆਂ ਤੱਕ ਪਹੁੰਚ ਚੁੱਕਾ ਹੈ। ਹਰਿਆਣਾ ਵਿੱਚ ਇਸ ਦੇ ਵਿਸਥਾਰ ਨਾਲ ਰਾਜ ਦੇ ਜਨਤਕ ਸਿਹਤ ਢਾਂਚੇ ਨੂੰ ਹੋਰ ਮਜ਼ਬੂਤੀ ਮਿਲੇਗੀ। ਈ.ਸੀ.ਜੀ. ਅਤੇ ਕਮਿਊਨੀਕੇਸ਼ਨਜ਼ ਡਾਇਰੈਕਟਰ ਸ਼ਿਲਪਾਸ਼੍ਰੀ ਮੁਨੀਸ਼ਵਾਮਾਪਾ ਅਨੁਸਾਰ, ਬਚਪਨ ਵਿੱਚ ਦਿੱਤੀ ਗਈ ਇਹ ਸਿੱਖਿਆ ਪਰਿਵਾਰ ਅਤੇ ਸਮਾਜ ਤੱਕ ਸਕਾਰਾਤਮਕ ਪ੍ਰਭਾਵ ਪਾਵੇਗੀ।

# ਪੰਜਾਬ ਦੇ ਸਰਕਾਰੀ ਸਕੂਲ 'ਚ ਤਣਾਅਪੂਰਨ ਮਾਹੌਲ, ਪ੍ਰਿੰਸੀਪਲ ਸਾਹਮਣੇ ਅਧਿਆਪਕ ਨੇ ਖਾਧੀਆਂ ਗੋਲੀਆਂ

**ਕੌਮੀ ਪਤ੍ਰਿਕਾ**

ਮਲੋਟ 24 ਫਰਵਰੀ। ਮਲੋਟ ਨੇੜੇ ਇਕ ਆਦਰਸ਼ ਸਕੂਲ ਦੀ ਮਹਿਲਾ ਲੈਕਚਰਾਰ ਵੱਲੋਂ ਨਸ਼ੀਲੀਆਂ ਗੋਲੀਆਂ ਖਾ ਕੇ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ। ਜਿਸ ਦੀ ਹਾਲਤ ਵਿਗੜਨ ਤੋਂ ਬਾਅਦ ਉਸਨੂੰ ਮਲੋਟ ਦੇ ਸਰਕਾਰੀ ਹਸਪਤਾਲ ਵਿਖੇ ਭਰਤੀ ਕਰਾਇਆ ਗਿਆ। ਮਹਿਲਾ ਲੈਕਚਰਾਰ ਨੇ ਦੋਸ਼ ਲਾਏ ਕਿ ਸਕੂਲ ਦੀ ਪ੍ਰਿੰਸੀਪਲ ਵੱਲੋਂ ਲਗਾਤਾਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਮਾਮਲੇ 'ਤੇ ਭਾਵੇਂ ਪ੍ਰਿੰਸੀਪਲ ਵੱਲੋਂ ਮਹਿਲਾ ਲੈਕਚਰਾਰ ਦੇ ਦੋਸ਼ਾਂ ਨੂੰ ਗਲਤ ਦੱਸਿਆ ਹੈ ਕਿ ਮੌਜੂਦਾ ਪ੍ਰਿੰਸੀਪਲ ਦੇ ਸਕੂਲ ਵਿਚ ਆਉਣ ਤੋਂ ਬਾਅਦ ਸਟਾਫ਼ ਵਿਚ ਤਣਾਅ ਦਾ ਮਹੌਲ ਹੈ। ਇਸ ਸਬੰਧੀ ਹਸਪਤਾਲ ਵਿਚ ਦਾਖਲ ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਚੱਲ ਰਹੇ ਸਰਕਾਰੀ ਸੁਰਿੰਦਰ ਕੌਰ ਬਾਦਲ ਆਦਰਸ਼ ਸੀਨੀਅਰ ਸੈਕੰਡਰੀ ਈਨਾਖੇੜਾ ਦੀ ਪੰਜਾਬੀ ਲੈਕਚਰਾਰ ਸੰਦੀਪ ਕੌਰ ਨੇ ਦੱਸਿਆ ਕਿ ਉਹ ਪਿਛਲੇ 9 ਸਾਲਾਂ ਤੋਂ ਸਕੂਲ ਵਿਚ ਪੰਜਾਬੀ ਲੈਕਚਰਾਰ ਵਜੋਂ ਰੈਗੂਲਰ ਨੌਕਰੀ ਕਰ ਰਹੀ ਹੈ। ਸਕੂਲ ਵਿਚ ਪ੍ਰਿੰਸੀਪਲ ਜਗਜੀਤ ਕੌਰ ਨੇ ਜਦੋਂ ਦਾ ਚਾਰਜ ਸੰਭਾਲਿਆ ਹੈ ਉਸ ਵੇਲੇ ਦਾ ਮਾਹੌਲ ਤਣਾਅਪੂਰਨ ਹੈ। ਪ੍ਰਿੰਸੀਪਲ ਵੱਲੋਂ ਲਗਾਤਾਰ ਗਲਤ ਤਰੀਕੇ ਨਾਲ ਉਨ੍ਹਾਂ ਸਮੇਤ ਸਟਾਫ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਜਿਸ ਕਰਕੇ ਪਹਿਲਾਂ 8 ਦੇ ਕਰੀਬ ਕਰਮਚਾਰੀ ਸਕੂਲ ਛੱਡ ਕੇ ਚਲੇ ਗਏ ਹਨ। ਪ੍ਰਿੰਸੀਪਲ ਵੱਲੋਂ ਉਨ੍ਹਾਂ ਦੇ ਚਰਿੱਤਰ ਅਤੇ ਪਰਵਰਿਸ਼ 'ਤੇ ਸਵਾਲ ਚੁੱਕੇ ਜਾਂਦੇ ਹਨ ਅਤੇ ਈ.ਸੀ.ਆਰ.ਖਰਾਬ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ। ਵਾਰ-ਵਾਰ ਦਫ਼ਤਰ ਵਿਚ ਬੁਲਾ ਕੇ ਸਪੱਸ਼ਟੀਕਰਨ ਮੰਗਿਆ ਜਾਂਦਾ ਹੈ ਅਤੇ ਲਿਖਤੀ ਸਪੱਸ਼ਟੀਕਰਨ ਲੈਣ ਤੋਂ ਬਾਅਦ ਪਾੜ ਕੇ ਸੁੱਟ ਦਿੱਤਾ ਜਾਂਦਾ ਹੈ। ਸਟਾਫ਼ ਦੀ ਬੇਇਜ਼ਤੀ ਕਰਕੇ ਦਫ਼ਤਰ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਕੱਲ ਵੀ ਮੈਡਮ ਵੱਲੋਂ ਬੇਇਜ਼ਤੀ ਕਰਕੇ ਜਦੋਂ ਉਨ੍ਹਾਂ ਨੇ ਪ੍ਰਿੰਸੀਪਲ ਨੂੰ ਕਿਹਾ ਕਿ ਉਹ ਵਾਰ ਵਾਰ ਕੀਤੀ ਬੇਇਜ਼ਤੀ ਅਤੇ ਬੋਝ ਬਰਦਾਸ਼ਤ ਨਹੀਂ ਕਰ ਸਕਦੇ ਇਸ ਲਈ ਮਰਨ ਲਈ ਮਜਬੂਰ ਨਾ ਕੀਤਾ ਜਾਵੇ। ਇਸ 'ਤੇ ਪ੍ਰਿੰਸੀਪਲ ਨੇ ਉਨ੍ਹਾਂ ਨੂੰ ਗੋਲੀਆਂ ਦਿੰਦੇ ਕਿਹਾ ਕਿ ਆਹ ਲਓ ਖਾ ਲਓ, ਜਿਸ ਤੋਂ ਬਾਅਦ ਉਸਨੇ



ਸਾਰੀਆਂ ਗੋਲੀਆਂ ਖਾ ਲਈਆਂ ਅਤੇ ਹਾਲਤ ਵਿਗੜ ਗਈ। ਉਧਰ ਇਸ ਮਾਮਲੇ 'ਤੇ ਪ੍ਰਿੰਸੀਪਲ ਜਗਜੀਤ ਕੌਰ ਨੇ ਸਕੂਲ ਦੀ ਲੈਕਚਰਾਰ ਵੱਲੋਂ ਲਾਏ ਦੋਸ਼ਾਂ ਨੂੰ ਗਲਤ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਕੂਲ ਦੀ ਮੁਖੀ ਹੋਣ ਕਰਕੇ ਉਨ੍ਹਾਂ ਵੱਲੋਂ ਸਟਾਫ਼ ਤੋਂ ਕੰਮ ਤਾਂ ਕਰਾਉਣਾ ਹੈ। ਜੇ ਕੋਈ ਸਟਾਫ਼ ਮੈਂਬਰ ਕੰਮ ਨੂੰ ਬੋਝ ਦੱਸਦਾ ਹੈ ਤਾਂ ਉਹ ਇਹ ਉਨ੍ਹਾਂ ਦੀ ਸੋਚ ਹੈ। ਮੇਰਾ ਮੰਤਵ ਕੰਮ ਕਰਾਉਣਾ ਹੈ ਪਰ ਇਸ ਤਰ੍ਹਾਂ ਕੋਈ ਦਬਾਅ ਪਾ ਕੇ ਮਹੌਲ ਖਰਾਬ ਕਰੇਗਾ ਤਾਂ ਉਹ ਹਾਈ ਅਥਾਰਟੀ ਦੇ ਧਿਆਨ ਵਿਚ ਲਿਆਉਣਗੇ। ਪਹਿਲਾਂ ਸਕੂਲ ਛੱਡਣ ਵਾਲੇ ਸਟਾਫ ਕਰਮਚਾਰੀਆਂ ਬਾਰੇ ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦੇ ਜੁਆਇਨ ਕਰਨ ਤੋਂ ਪਹਿਲਾਂ ਪ੍ਰਿੰਸੀਪਲ ਨੇ ਰੱਖਿਆ ਸੀ ਪਰ ਉਹ ਵੀ ਕੰਮ ਨਹੀਂ ਕਰਦੇ ਸਨ। ਇਸ ਲਈ ਉਹ ਛੱਡ ਕੇ ਚਲੇ ਗਏ। ਜ਼ਿਕਰਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਵੀ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਤੋਂ ਜ਼ਬਰੀ ਫੰਡ ਲੈ ਕੇ ਟੂਰ ਦੇ ਮਾਮਲੇ 'ਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਹੜਤਾਲ ਵੀ ਕੀਤੀ ਸੀ।

## ਸਹੁਰੇ ਪਰਿਵਾਰ ਦਾ ਸ਼ਰਮਨਾਕ ਕਾਰਾ, ਫਾਹਾ ਦੇ ਕੇ ਮਾਰ'ਤੀ ਸੋਹਣੀ ਸੁਨੱਖੀ ਨੂੰਹ

ਬਾਬਾ ਬਕਾਲਾ ਸਾਹਿਬ 24 ਫਰਵਰੀ। ਥਾਣਾ ਬਿਆਸ ਦੀ ਬੁੱਕਲ 'ਚ ਵਸਦੇ ਪਿੰਡ ਬੁੱਢਾਥੇਹ ਵਿਖੇ ਬੀਤੀ ਸ਼ਾਮ ਇਕ 20 ਸਾਲਾ ਨਵ-ਵਿਆਹੁਤਾ ਔਰਤ ਦੀ ਘਰ ਦੀ ਦੀਵਾਰ ਨਾਲ ਲਟਕਦੀ ਹੋਈ ਲਾਸ਼ ਮਿਲੀ ਹੈ। ਇਸ ਸਬੰਧ 'ਚ ਮ੍ਰਿਤਕ ਲੜਕੀ ਗਗਨਦੀਪ ਕੌਰ ਦੇ ਚਾਚਾ ਗੁਰਵਿੰਦਰ ਸਿੰਘ ਵਾਸੀ ਪਿੰਡ ਬੀਜ਼ੋਲਾ (ਸੁਲਤਾਨਪੁਰ) ਨੇ ਆਪਣੀ ਭਤੀਜੀ ਦੀ ਮੌਤ ਬਾਰੇ ਗੱਲਬਾਤ ਕਰਦਿਆਂ ਕਿਹਾ ਹੈ ਕਿ ਉਸ ਦੀ ਭਤੀਜੀ ਨੂੰ ਅਕਸਰ ਹੀ ਉਸ ਦੇ ਸੱਸ-ਸਹੁਰੇ ਵੱਲੋਂ ਦਾਜ (ਦਹੇਜ) ਹੋਰ ਲਿਆਉਣ ਲਈ ਪਰੇਸ਼ਾਨ ਕੀਤਾ ਜਾਂਦਾ ਸੀ ਅਤੇ ਬੀਤੇ ਕੱਲ੍ਹ ਉਨ੍ਹਾਂ ਨੇ ਸਮਾਂ ਪਾ ਕੇ ਉਸ ਦੀ ਭਤੀਜੀ ਨੂੰ ਫਾਹਾ ਦੇ ਕੇ ਮਾਰ ਦਿੱਤਾ। ਮ੍ਰਿਤਕਾ ਗਗਨਦੀਪ ਕੌਰ ਆਪਣੇ ਪਿੱਛੇ ਇਕ 5 ਮਹੀਨੇ ਦਾ ਬੱਚਾ ਗੁਰਸ਼ਬਦ ਛੱਡ ਗਈ ਹੈ। ਪਰਿਵਾਰਕ ਮੈਂਬਰਾਂ ਅਨੁਸਾਰ ਮ੍ਰਿਤਕਾ ਦਾ ਪਤੀ ਪੰਜਾਬ ਤੋਂ ਬਾਹਰ ਕਿਸੇ ਦੇਸ਼ 'ਚ ਮਿਹਨਤ-ਮਜ਼ਦੂਰੀ ਕਰਦਾ ਹੈ। ਡੀ.ਐੱਸ.ਪੀ. ਬਾਬਾ ਬਕਾਲਾ ਸਾਹਿਬ ਅਰੁਣ ਸ਼ਰਮਾ ਅਤੇ ਥਾਣਾ ਮੁਖੀ ਬਿਆਸ ਇੰਸਪੈਕਟਰ ਗੁਰਵਿੰਦਰ ਸਿੰਘ ਨੇ ਮੌਕੇ 'ਤੇ ਜਾ ਕੇ ਲਾਸ਼ ਨੂੰ ਕਬਜ਼ੇ 'ਚ ਲੈ ਲਿਆ। ਪੁਲਸ ਨੇ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਸੱਸ ਕਸ਼ਮੀਰ ਕੌਰ, ਸਹੁਰਾ ਜੋਗਿੰਦਰ ਸਿੰਘ ਤੇ ਜਠਾਣੀ ਰੁਪਿੰਦਰ ਕੌਰ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮਾਂ ਵਿਰੁੱਧ ਧਾਰਾ 304-ਬੀ (ਦਹੇਜ ਹੱਤਿਆ) ਤਹਿਤ ਮੁਕੱਦਮਾ ਦਰਜ ਕਰ ਕੇ ਲਾਸ਼ ਨੂੰ ਪੋਸਟਮਾਰਟਮ ਕਰਵਾਉਣ ਉਪਰੰਤ ਵਾਰਿਸਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ।

## ਕੇਰਲ ਸਰਕਾਰ ਦਾ ਵੱਡਾ ਕਦਮ: 'ਮਹਿਲਾ ਨੀਤੀ 2026' ਨੂੰ ਦਿੱਤੀ ਮਨਜ਼ੂਰੀ

**ਕੌਮੀ ਪਤ੍ਰਿਕਾ**

ਤਿਰੁਵਨੰਤਪੁਰਮ 24 ਫਰਵਰੀ। ਕੇਰਲ ਸਰਕਾਰ ਨੇ ਸੂਬੇ ਵਿੱਚ ਲਿੰਗਕ ਨਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਮਾਜ ਨੂੰ ਔਰਤ-ਕੇਂਦ੍ਰਿਤ ਬਣਾਉਣ ਲਈ ਇੱਕ ਇਤਿਹਾਸਕ ਫੈਸਲਾ ਲਿਆ ਹੈ। ਮੁੱਖ ਮੰਤਰੀ ਪਿਨਰਾਈ ਵਿਜਯਨ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ 'ਮਹਿਲਾ ਨੀਤੀ 2026' ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਇਹ ਨੀਤੀ 2009 ਦੀ ਪੁਰਾਣੀ ਨੀਤੀ ਦਾ ਸੋਧਿਆ ਹੋਇਆ ਰੂਪ ਹੈ, ਜਿਸ ਨੂੰ ਮੌਜੂਦਾ ਸਮੇਂ ਦੀਆਂ ਲੋੜਾਂ ਅਨੁਸਾਰ 'ਨਵ ਕੇਰਲ' ਦੇ ਵਿਜ਼ਨ ਤਹਿਤ ਤਿਆਰ ਕੀਤਾ ਗਿਆ ਹੈ। ਨਵੀਂ ਨੀਤੀ ਵਿੱਚ ਔਰਤਾਂ ਦੀ ਸੁਰੱਖਿਆ, ਕਿਰਤ ਅਧਿਕਾਰਾਂ, ਕਾਨੂੰਨੀ ਸੁਰੱਖਿਆ ਅਤੇ ਸਮਾਜਿਕ ਬਰਾਬਰੀ ਨੂੰ ਪਹਿਲ ਦਿੱਤੀ ਗਈ ਹੈ। ਇਸ ਵਿੱਚ ਆਦਿਵਾਸੀ ਭਾਈਚਾਰਿਆਂ ਅਤੇ ਤੱਟਵਰਤੀ ਖੇਤਰਾਂ ਵਿੱਚ ਰਹਿਣ ਵਾਲੀਆਂ ਔਰਤਾਂ ਦੀਆਂ ਵਿਸ਼ੇਸ਼ ਲੋੜਾਂ ਦਾ ਵੀ ਖਿਆਲ ਰੱਖਿਆ ਗਿਆ ਹੈ। ਸਿਹਤ ਮੰਤਰੀ ਵੀਣਾ ਜਾਰਜ ਅਨੁਸਾਰ, ਇਸ ਨੀਤੀ ਦਾ ਮੁੱਖ ਮਨੋਰਥ ਜਾਤ, ਧਰਮ ਜਾਂ ਲਿੰਗ ਦੇ ਆਧਾਰ 'ਤੇ ਹੁੰਦੇ ਵਿਤਕਰੇ ਨੂੰ ਖਤਮ ਕਰਨਾ ਹੈ। ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਨਵਾਂ ਸਿਸਟਮ ਸਰਕਾਰ ਨੇ ਇਸ ਨੀਤੀ ਨੂੰ ਸਿਰਫ ਕਾਗਜ਼ਾਂ ਤੱਕ ਸੀਮਤ ਨਾ ਰੱਖਣ ਲਈ ਇੱਕ ਮਜ਼ਬੂਤ ਨਿਗਰਾਨੀ ਪ੍ਰਣਾਲੀ ਤਿਆਰ ਕੀਤੀ ਹੈ। ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਇੱਕ 'ਜੈਂਡਰ ਸਟੇਟ ਮਾਨੀਟਰਿੰਗ ਕਮੇਟੀ' ਬਣਾਈ ਜਾਵੇਗੀ ਜੋ ਨੀਤੀ ਦੀ ਪ੍ਰਗਤੀ ਦੀ ਸਮੀਖਿਆ ਕਰੇਗੀ। ਇਸ ਤੋਂ ਇਲਾਵਾ, ਹਰ ਸਰਕਾਰੀ ਵਿਭਾਗ ਵਿੱਚ ਇੱਕ 'ਜੈਂਡਰ ਰਿਸੋਰਸ ਪਰਸਨ'



ਨਿਯੁਕਤ ਕੀਤਾ ਜਾਵੇਗਾ, ਜੋ ਨੀਤੀ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਯਕੀਨੀ ਬਣਾਏਗਾ। ਸਿਹਤ ਮੰਤਰੀ ਨੇ ਦੱਸਿਆ ਕਿ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀ ਅਗਵਾਈ ਵਿੱਚ ਇੱਕ 11 ਮੈਂਬਰੀ ਲਿੰਗ ਕੌਂਸਲ ਨੇ ਇਸ ਨੀਤੀ ਦਾ ਖਰੜਾ ਤਿਆਰ ਕੀਤਾ ਹੈ, ਜਿਸ ਨਾਲ ਕੇਰਲ ਵਿੱਚ ਔਰਤਾਂ ਦੀ ਸਥਿਤੀ ਵਿੱਚ ਵੱਡਾ ਸੁਧਾਰ ਆਉਣ ਦੀ ਉਮੀਦ ਹੈ।

## ਸਕੂਟਰੀ ਪਿੱਛੇ ਬੈਠੀ ਔਰਤ ਦੀਆਂ ਦੋਵੇਂ ਕੰਨਾਂ ਦੀਆਂ ਵਾਲੀਆਂ ਝਪਟੀਆਂ

ਗੁਰਦਾਸਪੁਰ 24 ਫਰਵਰੀ। ਗੁਰਦਾਸਪੁਰ ਵਿਚ ਲੁੱਟ-ਖੋਹ ਦੀਆਂ ਵਾਰਦਾਤਾਂ ਰੁਕਣ ਦਾ ਨਾ ਨਹੀਂ ਲੈ ਰਹੀਆਂ। ਤਾਜ਼ਾ ਘਟਨਾ ਗੁਰਦਾਸਪੁਰ ਕਲਾਨੌਰ ਰੋਡ ਦੇ ਪਿੰਡ ਗੋਸਲ ਨੇੜੇ ਵਾਪਰੀ ਹੈ, ਜਿਥੇ ਕਲਾਨੌਰ ਤੋਂ ਆਪਣੇ ਪਿੰਡ ਮਾਨੇਪੁਰ ਜਾ ਰਹੀ ਸਕੂਟਰੀ ਦੇ ਪਿੱਛੇ ਬੈਠੀ ਇਕ ਔਰਤ ਦੀਆਂ ਦੋਵੇਂ ਕੰਨਾਂ ਦੀਆਂ ਵਾਲੀਆਂ ਝਪਟ ਕੇ ਪਿੱਛੋਂ ਆਏ 2 ਮੋਟਰਸਾਈਕਲ ਸਵਾਰ ਮਿੰਟਾਂ ਸਕਿੰਟਾਂ ਵਿਚ ਹੀ ਰਫੂ ਚੱਕਰ ਹੋ ਗਏ। ਹਾਲਾਂਕਿ ਸਕੂਟਰੀ ਚਲਾ ਰਹੀ



ਲੜਕੀ ਅਤੇ ਪਿੱਛੇ ਬੈਠੀ ਔਰਤ ਡਿੱਗਦੇ ਡਿੱਗਦੇ ਮਸਾਂ ਬਚੇ। ਦੱਸ ਦਈਏ ਕਿ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਰੋਡ ਹੋਣ ਕਾਰਨ ਇਸ ਰਸਤੇ ਤੇ ਕਾਫੀ ਆਵਾਜਾਈ ਰਹਿੰਦੀ ਹੈ। ਬਾਵਜੂਦ ਇਸ ਦੇ ਦਿਨ-ਦਿਹਾੜੇ ਇਸ ਵਾਰਦਾਤ ਨੂੰ ਅੰਜਾਮ ਦੇ ਕੇ ਮੋਟਰਸਾਈਕਲ ਸਵਾਰ ਫਰਾਰ ਹੋ ਗਏ, ਜਿਸ 'ਤੇ ਸਥਾਨਕ ਵਾਸੀਆਂ ਨੇ ਚਿੰਤਾ ਜਤਾਈ ਹੈ। ਘਟਨਾ ਦੀ ਜਾਣਕਾਰੀ ਦਿੰਦੇ ਹੋਏ ਬਜ਼ੁਰਗ ਔਰਤ ਮਨਜੀਤ ਕੌਰ ਨੇ ਦੱਸਿਆ ਕਿ ਉਹ ਆਪਣੇ ਪੇਕੇ ਘਰੋਂ ਵਾਪਸ ਆਪਣੀ ਲੜਕੀ ਨਾਲ ? ਸਕੂਟਰੀ ਦੇ ਪਿੱਛੇ ਬੈਠ ਕੇ ?ਆਪਣੇ ਘਰ ਪਿੰਡ ਮਾਨੇਪੁਰ ਜਾ ਰਹੀ ਸੀ। ਜਦੋਂ ਗੋਸਲ ਨੇੜੇ ਪਹੁੰਚੇ ਤਾਂ ਪਿੱਛੋਂ ਮੋਟਰਸਾਈਕਲ 'ਤੇ 2 ਮੁੰਡੇ ਆਏ , ਉਨ੍ਹਾਂ ਦੇ ਨਜ਼ਦੀਕ ਆ ਕੇ ਉਨ੍ਹਾਂ ਨੇ ਮੋਟਰਸਾਈਕਲ ਹੌਲੀ ਕੀਤਾ ਤੇ ਪਿੱਛੇ ਬੈਠੇ ਮੁੰਡੇ ਨੇ ਫੁਰਤੀ ਨਾਲ ਉਸ ਦੇ ਦੋਵਾਂ ਕੰਨਾਂ ਦੀਆਂ ਵਾਲੀਆਂ ਲਾਹ ਲਈਆਂ। ਉਥੇ ਹੀ ਮੌਕੇ 'ਤੇ ਇਕੱਠੇ ਹੋਏ ਸਥਾਨਕ ਵਾਸੀਆਂ 'ਚੋਂ ਇਕ ਨੇ ਕਿਹਾ ਕਿ ਦਿਨ-ਦਿਹਾੜੇ ਅਜਿਹੀਆਂ ਘਟਨਾਵਾਂ ਹੋਣਾ ਬੇਹੱਦ ਮੰਦਭਾਗਾ ਹੈ। ਪੁਲਸ ਨੂੰ ਇਨ੍ਹਾਂ ਝਪਟਮਾਰਾਂ ਖਿਲਾਫ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

## ਅਧਿਆਪਕ ਨੇ ਘਰ ਬਾਹਰ ਖੇਡਦੇ ਬੱਚਿਆਂ 'ਤੇ ਚਲਾ'ਤੀਆਂ ਗੋਲੀਆਂ !

ਕੋਲਕਾਤਾ 24 ਫਰਵਰੀ। ਪੱਛਮੀ ਬੰਗਾਲ ਦੇ ਮੁਰਸ਼ਿਦਾਬਾਦ ਜ਼ਿਲ੍ਹੇ ਦੇ ਬਨੀਪੁਰ ਪਿੰਡ ਤੋਂ ਇਕ ਬੇਹੱਦ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਪ੍ਰਾਇਮਰੀ ਸਕੂਲ ਦੇ ਅਧਿਆਪਕ ਨੇ ਖੇਡ ਰਹੇ ਬੱਚਿਆਂ ਦੇ ਸਮੂਹ 'ਤੇ ਕਥਿਤ ਤੌਰ 'ਤੇ ਗੋਲੀਆਂ ਚਲਾ ਦਿੱਤੀਆਂ। ਪੁਲਸ ਨੇ ਇਸ ਮਾਮਲੇ 'ਚ ਮੁਲਜ਼ਮ ਅਧਿਆਪਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਲਜ਼ਮ ਦੀ ਪਛਾਣ ਸਮੀਰ ਕੁਮਾਰ ਮੰਡਲ ਵਜੋਂ ਹੋਈ ਹੈ, ਜੋ ਓਮਪੁਰ ਪ੍ਰਾਇਮਰੀ ਸਕੂਲ 'ਚ ਅਧਿਆਪਕ ਹੈ। ਸ਼ੁੱਕਰਵਾਰ ਸ਼ਾਮ ਨੂੰ ਮੰਡਲ ਦੇ ਘਰ ਦੇ ਨੇੜੇ ਇਕ ਖੁੱਲ੍ਹੇ ਮੈਦਾਨ 'ਚ 10 ਤੋਂ 12 ਬੱਚੇ ਕ੍ਰਿਕਟ ਅਤੇ ਫੁੱਟਬਾਲ ਖੇਡ ਰਹੇ ਸਨ। ਖੇਡ ਦੇ ਦੌਰਾਨ ਗੇਂਦ ਕਈ ਵਾਰ ਅਧਿਆਪਕ ਦੇ ਘਰ ਦੇ ਦਰਵਾਜ਼ੇ ਅਤੇ ਕੰਧ ਨਾਲ ਟਕਰਾਈ। ਇਸ ਗੱਲ ਤੋਂ ਗੁੱਸੇ 'ਚ ਆ ਕੇ ਮੰਡਲ ਆਪਣੀ ਛੱਤ 'ਤੇ ਚੜ੍ਹ ਗਿਆ ਅਤੇ ਬੱਚਿਆਂ 'ਤੇ 'ਐਡਵਾਂਸਡ ਏਅਰ ਗਨ' ਨਾਲ 5 ਤੋਂ 6 ਰਾਊਂਡ ਫਾਇਰ ਕੀਤੇ। ਇਸ ਘਟਨਾ 'ਚ ਇਕ ਬੱਚਾ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ ਹੈ, ਜਿਸ ਨੂੰ ਇਲਾਜ ਲਈ ਸਥਾਨਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਘਟਨਾ ਦੇ ਸਮੇਂ ਮੌਜੂਦ ਇਕ ਬੱਚੇ ਨੇ ਦੱਸਿਆ ਕਿ ਗੋਲੀਆਂ ਉਨ੍ਹਾਂ ਦੇ ਕੰਨਾਂ ਅਤੇ ਸਿਰ ਦੇ ਉੱਪਰੋਂ ਲੰਘੀਆਂ, ਜਿਸ ਕਾਰਨ ਉਹ ਬਹੁਤ ਡਰ ਗਏ ਸਨ। ਰਘੁਨਾਥਗੰਜ ਥਾਣੇ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਅਧਿਆਪਕ ਨੂੰ ਹਿਰਾਸਤ 'ਚ ਲੈ ਲਿਆ ਹੈ। ਪੁਲਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਵਰਤਿਆ ਗਿਆ ਹਥਿਆਰ ਲਾਇਸੈਂਸੀ ਸੀ ਜਾਂ ਨਹੀਂ, ਹਾਲਾਂਕਿ ਮੰਡਲ ਦੇ ਪਰਿਵਾਰ ਦਾ ਦਾਅਵਾ ਹੈ ਕਿ ਇਹ ਕਾਨੂੰਨੀ ਤੌਰ 'ਤੇ ਖਰੀਦਿਆ ਗਿਆ ਸੀ। ਪੁਲਸ ਹਿਰਾਸਤ 'ਚ ਮੰਡਲ ਨੇ ਗੋਲੀ ਚਲਾਉਣ ਦੀ ਗੱਲ ਕਬੂਲ ਕੀਤੀ ਹੈ ਪਰ ਉਸ ਦਾ ਕਹਿਣਾ ਹੈ ਕਿ ਉਸ ਨੇ ਹਵਾ 'ਚ ਗੋਲੀ ਚਲਾਈ ਸੀ ਅਤੇ ਬੱਚਿਆਂ ਨੂੰ ਨਿਸ਼ਾਨਾ ਨਹੀਂ ਬਣਾਇਆ ਸੀ। ਦੂਜੇ ਪਾਸੇ, ਜ਼ਖਮੀ ਬੱਚੇ ਦੇ ਪਿਤਾ ਨੇ ਇਸ ਘਟਨਾ 'ਤੇ ਸਖਤ ਇਤਰਾਜ਼ ਜਤਾਉਂਦਿਆਂ ਮੁਲਜ਼ਮ ਖਿਲਾਫ ਸਖਤ ਤੋਂ ਸਖਤ ਸਜ਼ਾ ਦੀ ਮੰਗ ਕੀਤੀ ਹੈ। ਪੁਲਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

## ਪੰਜਾਬ ਪੁਲਸ ਨੇ ਕਿਸਾਨਾਂ 'ਤੇ ਸੁੱਟੇ ਅੱਥਰੂ ਗੈਸ ਦੇ ਗੋਲ?! ਭੱਖ ਗਿਆ ਮਾਹੌਲ; ਬਠਿੰਡਾ-ਚੰਡੀਗੜ੍ਹ ਹਾਈਵੇਅ ਜਾਮ

ਬਠਿੰਡਾ 24 ਫਰਵਰੀ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੱਦੇ 'ਤੇ ਬਠਿੰਡਾ ਵਿਖੇ ਡਿਪਟੀ ਕਮਿਸ਼ਨਰ ਦਫ਼ਤਰ ਦਾ ਘੇਰਾਓ ਕਰਨ ਜਾ ਰਹੇ ਕਿਸਾਨਾਂ ਅਤੇ ਪੁਲਸ ਵਿਚਾਲੇ ਜ਼ਬਰਦਸਤ ਟਕਰਾਅ ਹੋ ਗਿਆ ਹੈ। ਪੁਲਸ ਵੱਲੋਂ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਦੌਰਾਨ ਜਿਓਂਦ ਪਿੰਡ ਨੇੜੇ ਸਥਿਤੀ ਉਸ ਵੇਲੇ ਤਣਾਅਪੂਰਨ ਹੋ ਗਈ ਜਦੋਂ ਕਿਸਾਨਾਂ ਅਤੇ ਪੁਲਸ ਵਿਚਾਲੇ ਝੜਪ ਹੋ ਗਈ। ਇਸ ਦੌਰਾਨ ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਵੱਡੀ ਗਿਣਤੀ ਵਿਚ ਕਿਸਾਨਾਂ ਨੂੰ ਹਿਰਾਸਤ ਵਿਚ ਲੈ ਲਿਆ। ਐੱਸ.ਐੱਸ.ਪੀ. ਅਨੁਸਾਰ ਪੁਲਸ ਸਥਿਤੀ ਨੂੰ ਕੰਟਰੋਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਇਸ ਕਾਰਵਾਈ ਦੇ ਵਿਰੋਧ ਵਿਚ ਕਿਸਾਨਾਂ ਨੇ ਰਾਮਪੁਰਾ ਫੂਲ ਨੇੜੇ ਬਠਿੰਡਾ-ਚੰਡੀਗੜ੍ਹ ਹਾਈਵੇਅ 'ਤੇ ਧਰਨਾ ਲਗਾ ਕੇ ਆਵਾਜਾਈ ਪੂਰੀ ਤਰ੍ਹਾਂ ਠੱਪ ਕਰ ਦਿੱਤੀ ਹੈ। ਪੁਲਸ ਵੱਲੋਂ ਟ?ਰੈਫਿਕ ਨੂੰ ਪਿੰਡਾਂ ਦੇ ਰਸਤਿਆਂ ਰਾਹੀਂ ਡਾਇਵਰਟ ਕੀਤਾ ਗਿਆ ਹੈ। ਰਿਪੋਰਟਾਂ ਅਨੁਸਾਰ ਸਿਰਫ਼ ਬਠਿੰਡਾ ਹੀ ਨਹੀਂ, ਸਗੋਂ ਪਟਿਆਲਾ ਦੇ ਸਮਾਣਾ ਅਤੇ ਸੰਗਰੂਰ ਦੇ ਪਿੰਡ ਸ਼ੇਰੋਂ ਵਿਚ ਵੀ ਕਿਸਾਨਾਂ ਅਤੇ ਪੁਲਸ ਵਿਚਾਲੇ ਧੱਕਾ-ਮੁੱਕੀ ਹੋਈ, ਜਿਸ ਤੋਂ ਬਾਅਦ ਕਈ ਹੋਰ ਕਿਸਾਨਾਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ। ਕਿਸਾਨਾਂ ਦੀ ਇਸ ਮੁਹਿੰਮ ਦੀ ਮੁੱਖ ਮੰਗ ਪਿਛਲੇ 9 ਮਹੀਨਿਆਂ ਤੋਂ ਜੇਲ੍ਹ ਵਿਚ ਬੰਦ ਆਪਣੇ ਦੋ ਸਾਥੀਆਂ, ਬਲਦੇਵ ਸਿੰਘ (ਪਿੰਡ ਚਾਓਕੇ) ਅਤੇ ਸ਼ਗਨਦੀਪ ਸਿੰਘ (ਪਿੰਡ ਜਿਓਂਦ) ਦੀ ਤੁਰੰਤ ਰਿਹਾਈ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਉਨ੍ਹਾਂ ਦੇ ਸਾਥੀਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਇਹ ਸੰਘਰਸ਼ ਜਾਰੀ ਰਹੇਗਾ। ਦੂਜੇ ਪਾਸੇ ਪੁਲਸ ਪ੍ਰਸ਼ਾਸਨ ਨੇ ਇਲਾਕੇ ਵਿਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹੋਏ ਹਨ ਤਾਂ ਜੋ ਸਥਿਤੀ ਨੂੰ ਹੋਰ ਵਿਗੜਨ ਤੋਂ ਰੋਕਿਆ ਜਾ ਸਕੇ।

## ਰੇਲਵੇ ਯਾਤਰੀ ਦੇਣ ਧਿਆਨ ! 1 ਮਾਰਚ ਤੋਂ ਬਦਲ ਜਾਵੇਗਾ ਟਿਕਟ ਬੁਕਿੰਗ ਸਿਸਟਮ; ਇਹ ਐਪ ਹੋਵੇਗੀ ਬੰਦ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 24 ਫਰਵਰੀ। ਭਾਰਤੀ ਰੇਲਵੇ ਨੇ ਆਪਣੇ ਡਿਜੀਟਲ ਟਿਕਟਿੰਗ ਸਿਸਟਮ ਵਿੱਚ ਇੱਕ ਵੱਡਾ ਬਦਲਾਅ ਕਰਨ ਦਾ ਫੈਸਲਾ ਕੀਤਾ ਹੈ। 1 ਮਾਰਚ, 2026 ਤੋਂ ਜਨਰਲ ਅਤੇ ਪਲੇਟਫਾਰਮ ਟਿਕਟਾਂ ਦੀ ਬੁਕਿੰਗ ਲਈ ਵਰਤੀ ਜਾਣ ਵਾਲੀ ਪ੍ਰਸਿੱਧ ਐਪ ਪੂਰੀ ਤਰ੍ਹਾਂ ਕੰਮ ਕਰਨਾ ਬੰਦ ਕਰ ਦੇਵੇਗੀ। ਰੇਲਵੇ ਨੇ ਯਾਤਰੀਆਂ ਨੂੰ ਹੁਣ ਨਵੀਂ ਸੁਪਰ ਐਪ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ। ਰੇਲਵੇ ਅਨੁਸਾਰ ਇਹ ਬਦਲਾਅ ਯਾਤਰੀਆਂ ਨੂੰ ਇੱਕੋ ਪਲੇਟਫਾਰਮ 'ਤੇ ਸਾਰੀਆਂ ਸੇਵਾਵਾਂ ਪ੍ਰਦਾਨ ਕਰਨ ਦੇ ਮਕਸਦ ਨਾਲ ਕੀਤਾ ਗਿਆ ਹੈ। ਐਪ ਸਿਰਫ਼ ਜਨਰਲ ਟਿਕਟਾਂ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਇਸ ਵਿੱਚ ਰਿਜ਼ਰਵ ਟਿਕਟ ਬੁਕਿੰਗ, ਲਾਈਵ ਟ?ਰੇਨ ਸਟੇਟਸ, ਕੋਚ ਪੋਜੀਸ਼ਨ, ਪੀ.ਐਨ.ਆਰ. ਸਟੇਟਸ ਅਤੇ ਪਲੇਟਫਾਰਮ ਦੀ ਜਾਣਕਾਰੀ ਵਰਗੀਆਂ ਸਹੂਲਤਾਂ ਮਿਲਣਗੀਆਂ। ਇਸ ਤੋਂ ਇਲਾਵਾ, ਇਸ ਵਿੱਚ ਰੇਲ ਕਨੈਕਟ, ਰੇਲ ਮਦਦ ਅਤੇ 'ਫੂਡ ਆਨ ਟ?ਰੈਕ' ਵਰਗੀਆਂ ਸੇਵਾਵਾਂ ਨੂੰ ਵੀ ਜੋੜਿਆ ਗਿਆ ਹੈ। ਯਾਤਰੀਆਂ ਲਈ ਰਾਹਤ ਦੀ ਖ਼ਬਰ ਇਹ ਹੈ ਕਿ ਵਿੱਚ ਮੌਜੂਦ ਉਨ੍ਹਾਂ ਦਾ ਬੈਲੇਂਸ



ਬੇਕਾਰ ਨਹੀਂ ਜਾਵੇਗਾ। ਯਾਤਰੀ ਉਸੇ ਪੁਰਾਣੀ ਲੌਗਇਨ ਆਈਡੀ ਅਤੇ ਪਾਸਵਰਡ ਦੀ ਵਰਤੋਂ ਕਰਕੇ ਐਪ ਵਿੱਚ ਸਾਈਨ-ਇਨ ਕਰ ਸਕਦੇ ਹਨ ਅਤੇ ਆਪਣੇ ਵਾਲਿਟ ਬੈਲੇਂਸ ਦੀ ਵਰਤੋਂ ਕਰ ਸਕਦੇ ਹਨ। ਭੁਗਤਾਨ ਲਈ ਯੂ.ਪੀ.ਆਈ. ਡੈਬਿਟ-ਕ੍ਰੈਡਿਟ ਕਾਰਡ ਅਤੇ ਨੈੱਟ ਬੈਂਕਿੰਗ ਵਰਗੇ ਵਿਕਲਪ ਵੀ ਉਪਲਬਧ ਰਹਿਣਗੇ। ਨਵੀਂ ਐਪ ਨੂੰ ਉਤਸ਼ਾਹਿਤ ਕਰਨ ਲਈ ਰੇਲਵੇ ਵੱਲੋਂ ਜਨਰਲ ਟਿਕਟ ਦੀ ਡਿਜੀਟਲ ਬੁਕਿੰਗ 'ਤੇ 3% ਦੀ ਛੋਟ ਦਿੱਤੀ ਜਾ ਰਹੀ ਹੈ। ਇਹ ਪੇਸ਼ਕਸ਼ 14 ਜੁਲਾਈ 2026 ਤੱਕ ਮਿਆਦ ਰਹੇਗੀ। ਰੇਲਵੇ ਨੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਮੇਂ ਸਿਰ ਐਪ ਡਾਊਨਲੋਡ ਕਰ ਲੈਣ ਤਾਂ ਜੋ 1 ਮਾਰਚ ਤੋਂ ਬਾਅਦ ਟਿਕਟ ਬੁਕਿੰਗ ਵਿੱਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਾ ਆਵੇ।

## ਨਵੀਂ ਸਪੈਸ਼ਲ ਟ?ਰੇਨ ਦਾ ਐਲਾਨ, ਜਾਣੋ ਕਿਹੜੇ ਸਟੇਸ਼ਨਾਂ 'ਤੇ ਹੋਵੇਗਾ ਠਹਿਰਾਅ

ਅੰਮ੍ਰਿਤਸਰ 24 ਫਰਵਰੀ। ਰੇਲ ਯਾਤਰੀਆਂ ਦੀ ਸੁਵਿਧਾ ਲਈ ਰੇਲਵੇ ਵੱਲੋਂ ਅੰਮ੍ਰਿਤਸਰ-ਕਟਿਹਾਰ ਵਿਚਕਾਰ ਸਪੈਸ਼ਲ ਟ?ਰੇਨ ਚਲਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਟ?ਰੇਨ ਨੂੰ 04614/04613 ਨੰਬਰ ਅਲਾਟ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਅੰਮ੍ਰਿਤਸਰ-ਕਟਿਹਾਰ-ਅੰਮ੍ਰਿਤਸਰ ਰਿਜ਼ਰਵਡ ਸਪੈਸ਼ਲ ਐਕਸਪ੍ਰੈਸ ਟ?ਰੇਨ ਨੰਬਰ 04614 ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ 25 ਫ਼ਰਵਰੀ, 1 ਮਾਰਚ ਅਤੇ 5 ਮਾਰਚ (3 ਟ੍ਰਿਪ) ਨੂੰ ਚਲੇਗੀ। ਇਹ ਟ?ਰੇਨ ਅੰਮ੍ਰਿਤਸਰ ਤੋਂ ਦੁਪਹਿਰ 2:15 ਵਜੇ ਰਵਾਨਾ ਹੋ ਕੇ ਲੱਗਭਗ 34 ਘੰਟਿਆਂ ਬਾਅਦ ਰਾਤ 1:00 ਵਜੇ ਕਟਿਹਾਰ ਰੇਲਵੇ ਸਟੇਸ਼ਨ ਪਹੁੰਚੇਗੀ। ਇਸੇ ਤਰ੍ਹਾਂ ਰਿਜ਼ਰਵਡ ਸਪੈਸ਼ਲ ਐਕਸਪ੍ਰੈੱਸ ਟ?ਰੇਨ ਨੰਬਰ 04613 ਕਟਿਹਾਰ ਤੋਂ ਅੰਮ੍ਰਿਤਸਰ ਲਈ 27 ਫ਼ਰਵਰੀ, 3 ਮਾਰਚ ਅਤੇ 7 ਮਾਰਚ (3 ਟ੍ਰਿਪ) ਨੂੰ ਰਵਾਨਾ ਹੋਵੇਗੀ। ਇਹ ਟ?ਰੇਨ ਕਟਿਹਾਰ ਤੋਂ ਸਵੇਰੇ 4 ਵਜੇ ਚੱਲ ਕੇ ਲੱਗਭਗ 34 ਘੰਟਿਆਂ ਬਾਅਦ ਦੁਪਹਿਰ 2:40 ਵਜੇ ਅੰਮ੍ਰਿਤਸਰ ਪਹੁੰਚੇਗੀ। ਮਾਰਗ 'ਚ ਇਹ ਸਪੈਸ਼ਲ ਟ?ਰੇਨ ਦੋਵਾਂ ਦਿਸ਼ਾਵਾਂ ਵਿਚ ਬਿਆਸ, ਜਲੰਧਰ ਸਿਟੀ, ਢੰਡਾਰੀ ਕਲਾਂ, ਅੰਬਾਲਾ ਛਾਵਨੀ, ਸਾਹਰਨਪੁਰ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰ, ਗੋਂਡਾ, ਬਸਤੀ, ਗੋਰਖਪੁਰ, ਸੀਵਾਨ, ਛਪਰਾ, ਸੋਨਪੁਰ, ਹਾਜੀਪੁਰ, ਸ਼ਾਹਪੁਰ ਪਟੋਰੀ, ਬਛਵਾਰਾ, ਬਰੌਨੀ, ਖਗੜੀਆ, ਮਾਂਸੀ ਅਤੇ ਨਵਗਛੀਆ ਰੇਲਵੇ ਸਟੇਸ਼ਨਾਂ 'ਤੇ ਠਹਿਰੇਗੀ।

## ਪੰਜਾਬ ਦੇ ਨੈਸ਼ਨਲ ਹਾਈਵੇ 'ਤੇ ਵੱਡਾ ਹਾਦਸਾ, ਵਾਹਨਾਂ ਦੀ ਜ਼ੋਰਦਾਰ ਟੱਕਰ 'ਚ ਪਤੀ-ਪਤਨੀ ਹਲਾਕ

ਬਟਾਲਾ 24 ਫਰਵਰੀ। ਪਠਾਨਕੋਟ-ਜੰਮੂ ਨੈਸ਼ਨਲ ਹਾਈਵੇ 'ਤੇ ਵਾਹਨਾਂ ਦੀ ਹੋਈ ਤ੍ਰਿਕੋਣੀ ਟੱਕਰ 'ਚ ਪਤੀ-ਪਤਨੀ ਦੀ ਮੌਤ ਅਤੇ ਦੋ ਹੋਰਾਂ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਨਿਸ਼ਾਨ ਸਿੰਘ ਪੁੱਤਰ ਚੈਂਚਲ ਸਿੰਘ ਵਾਸੀ ਪਿੰਡ ਖਾਨ ਪਿਆਰਾ ਆਪਣੀ ਪਤਨੀ ਦਲਜੀਤ ਕੌਰ ਨਾਲ ਸਕੂਟਰੀ 'ਤੇ ਸਵਾਰ ਹੋ ਕੇ ਧਾਰਮਿਕ ਅਸਥਾਨ ਤੋਂ ਮੱਥਾ ਟੇਕ ਕੇ ਵਾਪਸ ਆਪਣੇ ਘਰ ਜਾ ਰਿਹਾ ਸੀ। ਇਸੇ ਦੌਰਾਨ ਮੱਖਣ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਪਿੰਡ ਧਾਰੀਵਾਲ ਭੋਜਾ ਆਪਣੀ ਪਤਨੀ ਲਖਵਿੰਦਰ ਕੌਰ ਨਾਲ ਕਾਰ 'ਚ ਸਵਾਰ ਹੋ ਕੇ ਆ ਰਿਹਾ ਸੀ। ਜਦੋਂ ਇਹ ਪਠਾਨਕੋਟ-ਜੰਮੂ ਨੈਸ਼ਨਲ ਹਾਈਵੇਅ 'ਤੇ ਸਥਿਤ ਸਤਕੋਹਾ ਮੋੜ ਨੇੜੇ ਪਹੁੰਚੇ ਤਾਂ ਇਨ੍ਹਾਂ ਵਾਹਨਾਂ ਦੀ ਇਕ ਬੱਸ ਨਾਲ ਜ਼ੋਰਦਾਰ ਟੱਕਰ ਹੋ ਗਈ। ਇਸ ਹਾਦਸੇ 'ਚ ਸਕੂਟਰੀ ਸਵਾਰ ਪਤੀ-ਪਤਨੀ ਗੰਭੀਰ ਜ਼ਖ਼ਮੀ ਹੋ ਗਏ, ਜਦੋਂ ਕਿ ਕਾਰ ਸਵਾਰਾਂ ਨੂੰ ਵੀ ਸੱਟਾਂ ਲੱਗੀਆਂ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਸ ਸੁਰੱਖਿਆ ਫੋਰਸ ਦੇ ਏ. ਐੱਸ. ਆਈ. ਦਲਬੀਰ ਸਿੰਘ ਅਤੇ ਕਾਂਸਟੇਬਲ ਆਦਿੱਤਿਆ ਸ਼ਰਮਾ ਨੇ ਮੌਕੇ 'ਤੇ ਪਹੁੰਚ ਕੇ ਚਾਰਾਂ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਬਟਾਲਾ ਵਿਖੇ ਦਾਖ਼ਲ ਕਰਵਾਇਆ। ਉੱਥੇ ਡਾਕਟਰਾਂ ਨੇ ਦਲਜੀਤ ਕੌਰ ਨੂੰ ਮ੍ਰਿਤਕ ਐਲਾਨ ਦਿੱਤਾ, ਜਦੋਂ ਕਿ ਨਿਸ਼ਾਨ ਸਿੰਘ ਦੀ ਅੰਮ੍ਰਿਤਸਰ ਲਿਜਾਂਦੇ ਸਮੇਂ ਰਸਤੇ ਵਿੱਚ ਮੌਤ ਹੋ ਗਈ। ਪੁਲਸ ਚੌਕੀ ਨੌਸ਼ਹਿਰਾ ਮੱਝਾ ਸਿੰਘ ਦੇ ਇੰਚਾਰਜ ਏ. ਐੱਸ. ਆਈ. ਸਤਵਿੰਦਰ ਸਿੰਘ ਨੇ ਦੱਸਿਆ ਕਿ ਪਤੀ-ਪਤਨੀ ਦੀਆਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ ਗਿਆ ਹੈ ਅਤੇ ਪੁਲਸ ਵੱਲੋਂ ਇਸ ਸਬੰਧੀ ਬਣਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਮੁੰਬਈ 'ਚ ਭਾਰਤ ਦੀ ਪਹਿਲੀ 'ਮਿਊਜ਼ੀਕਲ ਰੋਡ', ਟਾਇਰ ਦੀ ਰਗੜ ਨਾਲ ਵੱਜੇਗੀ 'ਜੈ ਹੋ' ਗਾਣੇ ਦੀ ਧੁਨ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 24 ਫਰਵਰੀ। ਮੁੰਬਈ ਦੇ ਕੋਸਟਲ ਰੋਡ 'ਤੇ ਯਾਤਰਾ ਕਰਨਾ ਹੁਣ ਨਾ ਸਿਰਫ਼ ਤੇਜ਼ ਹੋਣ ਵਾਲਾ ਹੈ, ਸਗੋਂ ਯਾਦਗਾਰ ਵੀ ਹੈ। ਇੱਥੇ ਦੇਸ਼ ਦਾ ਪਹਿਲਾ ਮੈਲੋਡੀ ਰੋਡ ਵਿਕਸਤ ਕੀਤਾ ਗਿਆ ਹੈ, ਜਿੱਥੇ ਟਾਇਰਾਂ ਦੀ ਰਗੜ ਇੱਕ ਨਿਰਧਾਰਤ ਗਤੀ 'ਤੇ ਗੱਡੀ ਚਲਾਉਣ 'ਤੇ ਆਸਕਰ ਜੇਤੂ ਗੀਤ ਜੈ ਹੋ ਦੀ ਧੁਨ ਸੁਣਾਏਗੀ। ਇਹ ਵਿਲੱਖਣ ਪ੍ਰਯੋਗ ਭਾਰਤ ਵਿੱਚ ਪਹਿਲਾ ਹੈ, ਜੋ ਹੰਗਰੀਆਈ ਤਕਨਾਲੋਜੀ ਦੀ ਵਰਤੋਂ ਕਰਦਾ ਹੈ। ਨਰੀਮਨ ਪੁਆਇੰਟ ਤੋਂ ਵਰਲੀ ਤੱਕ ਕੋਸਟਲ ਰੋਡ ਦੇ ਹਿੱਸੇ 'ਤੇ ਵਿਸ਼ੇਸ਼ ਤੌਰ 'ਤੇ ਡਿਜ਼ਾਈਨ ਕੀਤੇ ਗਏ ਗਰੂਵਸ ਬਣਾਏ ਗਏ ਹਨ। ਜਦੋਂ ਵਾਹਨ ਲਗਭਗ 70 ਤੋਂ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਯਾਤਰਾ ਕਰਦੇ ਹਨ ਤਾਂ ਟਾਇਰਾਂ ਅਤੇ ਸੜਕ ਵਿਚਕਾਰ ਰਗੜ ਇੱਕ ਸੰਗੀਤਕ ਧੁਨ ਪੈਦਾ ਕਰਦੀ ਹੈ। ਇਹ ਧੁਨ ਵਾਹਨ ਦੇ ਅੰਦਰ ਯਾਤਰੀਆਂ ਨੂੰ ਸਪੱਸ਼ਟ ਤੌਰ 'ਤੇ ਸੁਣਾਈ ਦਿੰਦੀ ਹੈ, ਜਿਸ ਨਾਲ ਡਰਾਈਵਿੰਗ ਅਨੁਭਵ ਸੱਚਮੁੱਚ ਵਿਲੱਖਣ ਹੁੰਦਾ ਹੈ। ਇਸ ਪ੍ਰੋਜੈਕਟ ਦੀ



ਕਲਪਨਾ ਸਾਬਕਾ ਸੰਸਦ ਮੈਂਬਰ ਰਾਹੁਲ ਸ਼ੇਵਾਲੇ ਦੁਆਰਾ ਕੀਤੀ ਗਈ ਸੀ ਅਤੇ ਬ੍ਰਿਹਨਮੁੰਬਈ ਨਗਰ ਨਿਗਮ ਦੁਆਰਾ ਲਾਗੂ ਕੀਤੀ ਗਈ ਸੀ। ਅਧਿਕਾਰੀਆਂ ਅਨੁਸਾਰ, ਇਹ ਨਾ ਸਿਰਫ਼ ਮਨੋਰੰਜਨ ਪ੍ਰਦਾਨ ਕਰਦਾ ਹੈ ਬਲਕਿ ਡਰਾਈਵਰਾਂ ਨੂੰ ਇੱਕ ਨਿਰਧਾਰਤ ਗਤੀ ਬਣਾਈ ਰੱਖਣ ਲਈ ਵੀ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਸੜਕ ਸੁਰੱਖਿਆ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਦੁਨੀਆ 'ਚ ਮੈਲੋਡੀ ਰੋਡ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਜਾਪਾਨ ਵਿੱਚ ਹੋਈ ਸੀ, ਜਿਸ ਤੋਂ ਬਾਅਦ ਦੱਖਣੀ ਕੋਰੀਆ, ਹੰਗਰੀ ਅਤੇ ਯੂਏਈ ਵਰਗੇ ਦੇਸ਼ਾਂ ਵਿੱਚ ਵੀ ਇਸੇ ਤਰ੍ਹਾਂ ਦੇ ਪ੍ਰਯੋਗ ਕੀਤੇ ਗਏ ਸਨ। ਹੁਣ ਮੁੰਬਈ ਇਸ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ ਅਤੇ ਭਾਰਤ ਵੀ ਇਸ ਗਲੋਬਲ ਨਵੀਨਤਾ ਨਾਲ ਜੁੜ ਗਿਆ ਹੈ। ਲਗਭਗ 10.5 ਕਿਲੋਮੀਟਰ ਲੰਬਾ ਮੁੰਬਈ ਕੋਸਟਲ ਰੋਡ ਪਹਿਲਾਂ ਹੀ ਟ?ਰੈਫਿਕ ਭੀੜ ਅਤੇ ਯਾਤਰਾ ਦੇ ਸਮੇਂ ਨੂੰ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ। ਹੁਣ 'ਜੈ ਹੋ' ਦੀ ਧੁਨ ਨਾਲ ਇਹ ਸੜਕ ਸਿਰਫ਼ ਆਵਾਜਾਈ ਦਾ ਸਾਧਨ ਨਹੀਂ ਸਗੋਂ ਇੱਕ ਨਵਾਂ ਅਨੁਭਵ ਬਣ ਗਈ ਹੈ।

## ਨਾਨ ਦੇਰੀ ਨਾਲ ਆਉਣ 'ਤੇ ਰੇਹੜੀ ਵਾਲੇ 'ਤੇ ਦਾਤਰ ਨਾਲ ਕੀਤਾ ਹਮਲਾ

ਜਲੰਧਰ 24 ਫਰਵਰੀ। ਰੇਰੂ ਪਿੰਡ ਚੌਕ ਨੇੜੇ ਛੋਲੇ-ਕੁਲਚੇ ਦੀ ਰੇਹੜੀ ਲਾਉਣ ਵਾਲੇ 'ਤੇ ਨਾਨ ਦੇਰੀ ਨਾਲ ਆਉਣ 'ਤੇ ਦਾਤਰ ਨਾਲ ਹਮਲਾ ਕਰਨ ਵਾਲੇ ਨੌਜਵਾਨ ਨੂੰ ਥਾਣਾ ਨੰਬਰ 8 ਦੀ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਖ਼?ਲਾਫ਼ ਦਸੰਬਰ 2025 ਵਿਚ ਕੇਸ ਦਰਜ ਕੀਤਾ ਗਿਆ ਸੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਗੁਰਮੁੱਖ ਸਿੰਘ ਪੁੱਤਰ ਪਰਮਜੀਤ ਸਿੰਘ ਨਿਵਾਸੀ ਰੇਰੂ ਪਿੰਡ ਵਜੋਂ ਹੋਈ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਗੋਬਿੰਦਾ ਪੁੱਤਰ ਕਾਂਤਾ ਪ੍ਰਸਾਦ ਨਿਵਾਸੀ ਲੰਮਾ ਪਿੰਡ ਨੇ ਦੱਸਿਆ ਸੀ ਕਿ 20 ਨਵੰਬਰ 2025 ਨੂੰ ਉਹ ਹਰ ਰੋਜ਼ ਦੀ ਤਰ੍ਹਾਂ ਆਪਣੀ ਰੇਹੜੀ 'ਤੇ ਨਾਨ ਬਣਾ ਰਿਹਾ ਸੀ। ਇਸੇ ਦੌਰਾਨ ਗੁਰਮੁੱਖ ਸਿੰਘ ਉਰਫ਼ ਗੋਲੂ ਉਸ ਕੋਲ ਨਾਨ ਖਾਣ ਆਇਆ। ਉਸ ਵੱਲੋਂ ਤੀਜਾ ਨਾਨ ਮੰਗਣ 'ਤੇ ਉਸ ਨੇ ਸਿਰਫ਼ ਇਹੀ ਕਿਹਾ ਕਿ ਨਾਨ ਤੰਦੂਰ ਵਿਚ ਲੱਗੇ ਹਨ। ਇਹ ਗੱਲ ਨੂੰ ਸੁਣ ਕੇ ਗੋਲੂ ਨੇ ਉਸ ਦਾ ਕਾਲਰ ਫੜ ਲਿਆ ਅਤੇ ਕੁੱਟਮਾਰ ਕਰਨ ਲੱਗਾ। ਕੁਝ ਲੋਕਾਂ ਨੇ ਉਸ ਨੂੰ ਰੋਕਦੇ ਹੋਏ ਭੇਜ ਦਿੱਤਾ ਸੀ ਪਰ ਦੁਬਾਰਾ ਉਹ ਦਾਤਰ ਲੈ ਕੇ ਆਇਆ ਅਤੇ ਉਸ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ



ਵਿਚ ਬਚਾਅ ਕਰਨ ਆਏ ਗੋਬਿੰਦਾ ਦੇ ਭਰਾ 'ਤੇ ਵੀ ਹਮਲਾ ਕੀਤਾ ਗਿਆ ਸੀ। ਉਥੇ ਹੀ ਪੁਲਸ ਮਾਮਲੇ ਦੀ ਜਾਂਚ ਦੇ ਬਾਅਦ 12 ਦਸੰਬਰ 2025 ਨੂੰ ਗੁਰਮੁੱਖ ਸਿੰਘ ਉਰਫ਼ ਗੋਲੂ ਖ਼?ਲਾਫ਼ ਧਾਰਾ 118 (1), 351(2) ਤਹਿਤ ਕੇਸ ਦਰਜ ਕਰਕੇ ਸੋਮਵਾਰ ਨੂੰ ਉਸ ਨੂੰ ਗੁਪਤ ਸੂਚਨਾ ਦੇ ਆਧਾਰ 'ਤੇ ਗ੍ਰਿਫ਼ਤਾਰ ਕਰ ਲਿਆ।

# ਪੰਜਾਬ ਦੇ ਸਿੱਖਿਆ ਮੰਤਰੀ ਦੇ ਹਲਕੇ 'ਚ ਸੜਕਾਂ 'ਤੇ ਉੱਤਰਣਗੇ ਅਧਿਆਪਕ

**ਕੌਮੀ ਪਤ੍ਰਿਕਾ**

ਸੰਗਰੂਰ 24 ਫਰਵਰੀ। 2011 ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ 'ਤੇ ਨੌਕਰੀ 'ਚ ਬਣੇ ਰਹਿਣ ਲਈ ਅਤੇ ਤਰੱਕੀ ਹਾਸਲ ਕਰਨ ਲਈ ਟੈੱਟ (ਟੀਚਰ ਐਲੀਜੀਬਿਲਟੀ ਟੈਸਟ) ਪਾਸ ਕਰਨ ਦੀ ਜਬਰੀ ਤੌਰ 'ਤੇ ਥੋਪੀ ਗਈ ਸ਼ਰਤ ਦੇ ਖਿਲਾਫ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਮੁੱਖ ਗੇਟ ਅੱਗੇ ਜ਼ਿਲਾ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਸਰਕਾਰ ਵੱਲੋਂ ਜਾਰੀ ਕੀਤੇ ਪੱਤਰ ਦੀਆਂ ਕਾਪੀਆਂ ਫੂਕ ਕੇ ਕੇਂਦਰ ਅਤੇ ਸੂਬਾ ਸਰਕਾਰ ਖਿਲਾਫ ਜਬਰਦਸਤ ਨਾਅਰੇਬਾਜ਼ੀ ਕੀਤੀ। ਵੱਡੀ ਗਿਣਤੀ 'ਚ ਇਕੱਠੇ ਹੋਏ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਅਧਿਆਪਕ ਆਗੂ ਦੇਵੀ ਦਿਆਲ, ਕ੍ਰਿਸ਼ਨ ਸਿੰਘ ਦੁੱਗਾਂ, ਗੁਰਜੰਟ ਸਿੰਘ ਵਾਲੀਆਂ, ਸੁਖਜਿੰਦਰ ਸਿੰਘ ਹਰੀਕਾ, ਸੁਖਵਿੰਦਰ ਗਿਰ, ਦਾਤਾ ਸਿੰਘ ਤੇ ਜੋਤਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ 20-22 ਸਾਲਾਂ ਤੋਂ ਸੇਵਾ ਨਿਭਾਅ ਰਹੇ ਅਧਿਆਪਕਾਂ 'ਤੇ ਅਜਿਹੀ ਸ਼ਰਤ ਲਗਾਉਣਾ ਗੈਰ-ਵਿਗਿਆਨਿਕ ਅਤੇ ਗੈਰ-ਤਰਕਸੰਗਤ ਹੈ ਜੋ ਕਿ ਅਧਿਆਪਕਾਂ ਨਾਲ ਸਰਾਸਰ ਧੋਖਾ ਹੈ ਕਿਉਂਕਿ ਉਸ ਸਮੇਂ ਭਰਤੀ ਕੀਤੇ ਗਏ ਅਧਿਆਪਕ



ਤਤਕਾਲ ਸੇਵਾ ਸ਼ਰਤਾਂ ਨਿਯਮਾਂ ਅਨੁਸਾਰ ਆਪਣੀ ਯੋਗਤਾ ਪੂਰੀ ਕਰ ਕੇ ਆਪਣੀ ਸੇਵਾ 'ਚ ਆਏ ਸਨ। ਉਸ ਸਮੇਂ ਅਧਿਆਪਕ ਐਂਟਰੈਂਸ ਟੈਸਟ ਪਾਸ ਕਰ ਕੇ ਜਾਂ ਵਿਭਾਗ ਵੱਲੋਂ ਬਣਾਈ ਵਿਭਾਗੀ ਕਮੇਟੀ ਦੀਆਂ ਨਿਸ਼ਚਿਤ ਸ਼ਰਤਾਂ ਅਤੇ ਨਿਯਮਾਂ ਨੂੰ ਪੂਰਾ ਕਰਨਾ ਉਪਰੰਤ ਸੇਵਾ 'ਚ ਆਏ ਸਨ। ਇਸ ਨੂੰ ਦੇਖਦੇ ਹੋਏ ਅਤੇ ਸੇਵਾ ਵਿਚ ਆਉਣ ਤੋਂ ਬਾਅਦ ਇਹ ਸ਼ਰਤਾਂ ਲਗਾਉਣਾ ਗੈਰ-ਵਾਜਬ ਹੈ। ਇਸ ਮੌਕੇ ਆਗੂਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ, ਕੱਚੇ ਅਤੇ ਕੰਟਰੈਕਟ ਅਧਿਆਪਕਾਂ ਨੂੰ ਰੈਗੂਲਰ ਕਰਨ ਦੀ ਬਜਾਏ ਅਤੇ ਬੱਚਿਆਂ ਦੀ ਸਿੱਖਿਆ ਤੋਂ ਧਿਆਨ ਹਟਾ ਕੇ ਅਧਿਆਪਕਾਂ ਨੂੰ ਟੈੱਟ ਦੇ ਪੇਪਰ 'ਚ ਉਲਝਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਅਧਿਆਪਕਾਂ ਨੂੰ ਨਵੀਂ ਸਿੱਖਿਆ ਨੀਤੀ ਤਹਿਤ ਖੱਜਲ -ਖੁਆਰ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਇਨ੍ਹਾਂ ਰੋਸ ਪ੍ਰਦਰਸ਼ਨ ਤੋਂ ਸਬਕ ਨਾ ਲਿਆ ਤਾਂ 24 ਫਰਵਰੀ ਨੂੰ ਸਿੱਖਿਆ ਮੰਤਰੀ ਦੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ 'ਚ ਸਮੁੱਚੇ ਪੰਜਾਬ ਤੋਂ ਅਧਿਆਪਕ ਸ਼ਾਮਲ ਹੋਣਗੇ। ਇਸ ਮੌਕੇ ਫਕੀਰ ਸਿੰਘ ਟਿੱਬਾ, ਸੁਖਵਿੰਦਰ ਸਿੰਘ ਢਿੱਲਵਾਂ, ਸਰਬਜੀਤ ਸਿੰਘ ਪੁੰਨਾਵਾਲ, ਵਰਿੰਦਰਜੀਤ ਬਜਾਜ, ਮਨਦੀਪ ਸਿੰਘ, ਸੁਖਜਿੰਦਰ ਸਿੰਘ, ਜਸਬੀਰ ਨਮੋਲ, ਕਮਲਦੀਪ ਸਿੰਘ, ਸਿਵਾਲੀ, ਅਮਨਦੀਪ ਸਿੰਘ ਕਲੇਰ, ਜਸਵਿੰਦਰ ਪਾਲ ਸਿੰਘ, ਸੁਰਿੰਦਰਜੀਤ ਚੰਨੋ, ਅਵਤਾਰ ਸਿੰਘ, ਗੁਰਦਰਸ਼ਨ ਸਿੰਘ, ਪਰਮਿੰਦਰ ਸਿੰਘ, ਰਣਬੀਰ ਜਖੇਪਲ, ਹਰੀਸ ਕੁਮਾਰ, ਰਾਮ ਸਿੰਘ, ਸੌਰਵ ਜੋਸ਼ੀ, ਕਮਲਜੀਤ ਸਿੰਘ, ਬਲਜੀਤ ਸਿੰਘ, ਅਵਤਾਰ ਸਿੰਘ, ਭੁਪਿੰਦਰ ਸਿੰਘ, ਯਾਦਵਿੰਦਰ ਪਾਲ, ਮਨਪ੍ਰੀਤ ਕੌਰ, ਨਿਸਚਲ ਗਰਗ, ਰਸਿਮ ਸ਼ਰਮਾ, ਬਲਵਿੰਦਰ ਸਿੰਘ, ਨਿਰਮਲ ਸਿੰਘ, ਬੱਗਾ ਸਿੰਘ ਅਤੇ ਹੋਰ ਮੌਜੂਦ ਸਨ।

### ਇਸ ਸੂਬੇ 'ਚ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਵਾਲੇ 8 ਪੁਲਸ ਮੁਲਾਜ਼ਮ ਮੁਅੱਤਲ

ਜੌਨਪੁਰ 24 ਫਰਵਰੀ। ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ ਵਿੱਚ ਪੁਲਸ ਪ੍ਰਸ਼ਾਸਨ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਲੰਬੇ ਸਮੇਂ ਤੋਂ ਡਿਊਟੀ ਤੋਂ ਗੈਰ-ਹਾਜ਼ਰ ਚੱਲ ਰਹੇ 8 ਪੁਲਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਹੈ। ਸੀਨੀਅਰ ਪੁਲਸ ਕਪਤਾਨ ਕੁੰਵਰ ਅਨੁਪਮ ਸਿੰਘ ਨੇ ਸ਼ੁੱਕਰਵਾਰ ਨੂੰ ਇਹ ਵੱਡੀ ਕਾਰਵਾਈ ਅਮਲ ਵਿੱਚ ਲਿਆਂਦੀ। ਅਧਿਕਾਰਤ ਸੂਤਰਾਂ ਅਨੁਸਾਰ, ਬਿਨਾਂ ਕਿਸੇ ਸੂਚਨਾ ਦੇ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਵਾਲੇ ਹੇਠ ਲਿਖੇ ਕਰਮਚਾਰੀਆਂ 'ਤੇ ਗਾਜ ਡਿੱਗੀ ਹੈ... ਐੱਸ.ਐੱਸ.ਪੀ. ਕੁੰਵਰ ਅਨੁਪਮ ਸਿੰਘ ਨੇ ਇਨ੍ਹਾਂ ਸਾਰੇ ਮੁਲਾਜ਼ਮਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰਨ ਦੇ ਨਾਲ-ਨਾਲ ਉਨ੍ਹਾਂ ਵਿਰੁੱਧ ਵਿਭਾਗੀ ਜਾਂਚ ਦੇ ਹੁਕਮ ਵੀ ਜਾਰੀ ਕਰ ਦਿੱਤੇ ਹਨ। ਪੁਲਸ ਵਿਭਾਗ ਦੀ ਇਸ ਕਾਰਵਾਈ ਨੇ ਗੈਰ-ਜ਼ਿੰਮੇਵਾਰਾਨਾ ਰਵੱਈਆ ਅਪਣਾਉਣ ਵਾਲੇ ਹੋਰਨਾਂ ਮੁਲਾਜ਼ਮਾਂ ਵਿੱਚ ਵੀ ਹੜਕੰਪ ਮਚਾ ਦਿੱਤਾ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਕੌਮੀ ਪੱਤ੍ਰਿਕਾ

# ਰਾਗ ਨਾਦ ਸਬਦਿ ਸੋਹਣੇ

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਾਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ ਅੱਠਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਵਡਹੰਸ' ਬਾਰੇ...

## ਰਾਗ ਵਡਹੰਸ



ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੌਰਾਨ ਰਾਗ ਤਰਤੀਬ ਵਿਚ ਰਾਗ ਵਡਹੰਸ ਨੂੰ ਅੱਠਵੇਂ ਸਥਾਨ 'ਤੇ ਦਰਜ ਕੀਤਾ ਗਿਆ ਹੈ। ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 557 ਤੋਂ ਲੈ ਕੇ 594 ਤਕ ਸੁਸ਼ੋਭਿਤ ਹੈ। ਇਹ ਰਾਗ ਵੀ ਗੁਰਮਤਿ ਸੰਗੀਤ ਪਰੰਪਰਾ ਦਾ ਇਕ ਮਹੱਤਵਪੂਰਨ ਰਾਗ ਹੈ। ਇਹ ਇਕ ਮਧੁਰ ਰਾਗ ਹੈ ਤੇ ਲੋਕ ਸੰਗੀਤ ਦੇ ਨਾਲ ਜੁੜਿਆ ਹੋਇਆ ਹੋਣ ਕਰਕੇ, ਲੋਕ ਮਨਾਂ ਵਿਚ ਵੀ ਖ਼ਾਸ ਥਾਂ ਬਣਾ ਕੇ ਰੱਖਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਸਾਹਿਬ ਨੇ ਉਸ ਵੇਲੇ ਪ੍ਰਚਲਿਤ ਰਸਮਾਂ ਰਿਵਾਜ਼ਾਂ ਦੌਰਾਨ ਇਸ ਢੰਗ ਦੇ ਸ਼ੋਕ ਸੰਗੀਤ 'ਅਲਾਹਣੀਆਂ' ਅਤੇ ਖੁਸ਼ੀ ਵੇਲੇ ਦਾ ਲੋਕ ਸੰਗੀਤ 'ਘੋੜੀਆਂ' ਆਦਿ ਨੂੰ ਗੁਰਮਤਿ ਦਾ ਰੂਪ ਦੇ ਕੇ ਇਸੇ ਰਾਗ ਹੇਠ ਦਰਜ ਕੀਤਾ। ਅਲਾਹਣੀਆਂ, ਜਿਸ ਵਿਚ ਕਿਸੇ ਦੇ ਮਰ ਜਾਣ ਮਗਰੋਂ ਹਾਏ-ਹਾਏ ਕਰਨੀ, ਰੋਣਾ, ਪਿੱਟਣਾ ਕੁਰਲਾਉਣਾ ਤੇ ਕੀਰਨੇ ਪਾਉਣਾ ਪ੍ਰਚਲਿਤ ਸੀ ਤਾਂ ਗੁਰੂ ਨਾਨਕ ਦੇਵ ਜੀ ਨੇ ਰਾਗ ਵਡਹੰਸ ਅੰਦਰ 'ਅਲਾਹਣੀਆਂ' ਸਿਰਲੇਖ ਹੇਠ ਬਾਣੀ ਰਚ ਕੇ ਸ੍ਰਿਸ਼ਟੀ ਕਰਤਾ ਪਰਮਾਤਮਾ ਦੀ ਸਿਫ਼ਤ-ਸਲਾਹ ਕਰਦਿਆਂ ਕਿਹਾ :

**'ਧੰਨੁ ਸਿਰੰਦਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥**
**ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ॥'**

ਭਾਵ ਉਹ ਸਿਰਜਹਾਰ ਸਦਾ ਕਾਇਮ ਰਹਿਣ ਵਾਲਾ ਹੈ, ਜਿਸ ਨੇ ਸਾਰੇ ਸੰਸਾਰ ਨੂੰ ਆਹਰ ਵਿਚ ਲਾਇਆ ਹੋਇਆ ਹੈ। ਜਦੋਂ ਜੀਵ ਨੂੰ ਮਿਲਿਆ ਸਮਾਂ ਮੁੱਕ ਜਾਂਦਾ ਹੈ, ਜਦੋਂ ਉਸ ਦੀ ਉਮਰ ਦੀ ਪਿਆਲੀ ਭਰ ਜਾਂਦੀ ਹੈ ਤਾਂ ਸਰੀਰ ਦੇ ਪਿਆਰੇ ਸਾਥੀ ਨੂੰ ਫੜ ਕੇ ਅੱਗੇ ਲਾ ਲਿਆ ਜਾਂਦਾ ਹੈ। ਇਸ ਰਾਗ ਅੰਦਰ ਹੀ ਗੁਰੂ ਰਾਮਦਾਸ ਜੀ ਨੇ ਵਿਆਹ ਮੌਕੇ ਲਾੜੇ ਦੀਆਂ ਭੈਣਾਂ ਵੱਲੋਂ ਗਾਈਆਂ ਜਾਂਦੀਆਂ ਘੋੜੀਆਂ ਨੂੰ ਗੁਰਮਤਿ ਦੇ ਪਰਿਪੇਖ ਵਿੱਚੋਂ ਸਮਝਾ ਕੇ ਮਨੁੱਖਤਾ ਅਤੇ ਸਮਾਜ ਨੂੰ ਨਵੀਂ ਸੇਧ ਦਿੱਤੀ।

ਇਸ ਰਾਗ ਵਿਚ ਗੁਰੂ ਸਾਹਿਬਾਨ ਵੱਲੋਂ ਉਚਾਰਣ ਕੀਤੀ ਗਈ ਬਾਣੀ ਦੀ ਗੱਲ ਕਰੀਏ ਤਾਂ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਇਸ ਰਾਗ ਵਿਚ ਅਲਾਹਣੀਆਂ ਅਤੇ ਘੋੜੀਆਂ ਸਿਰਲੇਖ ਹੇਠ ਬਾਣੀ ਦਰਜ ਹੈ, ਉਸ ਦੇ ਨਾਲ ਹੀ ਵਡਹੰਸ ਕੀ ਵਾਰ ਮਹਲਾ 4 ਅਧੀਨ ਬਾਣੀ ਦਰਜ ਹੈ, ਜਿਸ ਨੂੰ 'ਲਲਾਂ ਨਹਲੀਮਾ ਕੀ ਧੁਨਿ ਗਾਵਣੀ' ਦੀ ਤਾਕੀਦ ਕੀਤੀ ਗਈ ਹੈ। ਰਾਗ ਵਡਹੰਸ ਦੇ ਦੋ ਰੂਪਾਂ ਵਿਚ 'ਰਾਗ ਵਡਹੰਸੁ ਅਤੇ ਵਡਹੰਸੁ ਦੱਖਣੀ' ਹੇਠ ਬਾਣੀ ਦਰਜ ਹੈ।

ਇਤਿਹਾਸਕ ਤੇ ਸੰਗੀਤਕ ਪੱਖ ਨੂੰ ਸਮਝਣ ਦਾ ਜਤਨ ਕਰੀਏ ਤਾਂ ਰਾਗ ਵਡਹੰਸ ਇਕ ਪ੍ਰਚਲਿਤ ਅਤੇ ਲੋਕ ਪ੍ਰਸਿੱਧ ਰਾਗ ਹੈ। ਭਾਰਤੀ ਸੰਗੀਤ ਵਿਚ ਇਸ ਨੂੰ 'ਬਡਹੰਸ ਸਾਰੰਗ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਕੁਝ ਵਿਦਵਾਨ ਇਸ ਨੂੰ ਰਾਗਨੀ ਵੀ ਮੰਨਦੇ ਹਨ। 'ਮਹਾਨ ਕੋਸ਼' ਦੇ ਪੰਨਾ ਨੰਬਰ 1081 ਅਨੁਸਾਰ, 'ਇਹ ਕਮਾਚਠਾਟ ਦਾ ਸੰਪੂਰਨ ਰਾਗ ਹੈ। ਨਿਸ਼ਾਦ ਦੋਵੇਂ ਲਗਾਏ ਜਾਂਦੇ ਹਨ, ਪੰਚਮ ਵਾਦੀ ਅਤੇ ਰਿਸ਼ਭ ਸੰਵਾਦੀ ਹੈ। ਕਈ ਵਿਦਵਾਨ ਵਡਹੰਸ ਨੂੰ ਦਿਲ ਦਾ ਦੇਸ਼ ਵੀ ਆਖਦੇ ਹਨ। ਗਾਉਣ ਦਾ ਵੇਲਾ ਦੁਪਹਿਰ ਅਤੇ ਦਿਨ ਦਾ ਦੂਜਾ ਪਹਿਰ ਹੈ। ਸੰਸਕ੍ਰਿਤ ਦੇ ਗ੍ਰੰਥਾਂ ਵਿਚ ਇਸ ਦਾ ਨਾਂ 'ਵਡਹੰਸਿਕਾ' ਵੀ ਦਰਜ ਹੈ।' •

98150-24920



ਪ੍ਰੋ. ਗੁਰਚਰਨ ਸਿੰਘ ਤਲਵਾੜਾ

# ਆਬ-ਏ-ਜ਼ਮਜ਼ਮ

ਮੱਕਾ ਸ਼ਰੀਫ਼ ਵਿਖੇ ਇਕ ਖ਼ਾਸ ਚਸ਼ਮਾ ਹੈ, ਜਿਸ ਦਾ ਨਾ ਜ਼ਮਜ਼ਮ ਹੈ। ਇਸ ਦੇ ਪਾਣੀ ਨੂੰ ਆਬ-ਏ-ਜ਼ਮਜ਼ਮ ਕਹਿੰਦੇ ਹਨ। ਇਸ ਆਬ-ਏ-ਜ਼ਮਜ਼ਮ ਦੀ ਇਤਿਹਾਸਕ ਮਹੱਤਤਾ ਹੈ। ਪੈਗ਼ੰਬਰ ਇਬਰਾਹੀਮ ਦੀਆਂ ਦੋ ਪਤਨੀਆਂ ਸਨ-ਹਜ਼ਰਤ ਸਾਰਾਹ ਅਤੇ ਹਜ਼ਰਤ ਹਾਜਿਰਾ। ਹਜ਼ਰਤ ਹਾਜਿਰਾ ਨੂੰ ਬੇਟਾ ਇਸਮਾਈਲ ਪੈਦਾ ਹੋਇਆ। ਹਜ਼ਰਤ ਸਾਰਾਹ ਦੀ ਪਹਿਲਾਂ ਹੀ ਹਜ਼ਰਤ ਹਾਜਿਰਾ ਨਾਲ ਬਣਦੀ ਨਹੀਂ ਸੀ। ਇਬਰਾਹੀਮ ਪੈਗ਼ੰਬਰ ਇਲਾਹੀ ਹੁਕਮ ਮੁਤਾਬਿਕ ਹਜ਼ਰਤ ਹਾਜਿਰਾ ਅਤੇ ਬਾਲਕ ਇਸਮਾਈਲ ਨੂੰ ਮੱਕੇ ਦੇ ਇਲਾਕੇ ਵਿਚ ਛੱਡ ਗਿਆ। ਉਸ ਜ਼ਮਾਨੇ ਵਿਚ ਇਥੇ ਪਾਣੀ ਦੀ ਮੁਸ਼ਕਿਲ ਸੀ। ਹਜ਼ਰਤ ਹਾਜਿਰਾ ਸਫ਼ਾ ਅਤੇ ਮਰਵਾ



ਪਹਾੜੀਆਂ ਦੇ ਦਰਮਿਆਨ ਪਾਣੀ ਦੀ ਤਲਾਸ਼ ਕਰ ਰਹੀ ਸੀ, ਲੇਕਿਨ ਪਾਣੀ ਮਿਲ ਨਹੀਂ ਸੀ ਰਿਹਾ। ਇਸਮਾਈਲ ਬਾਲਕ ਪਿਆਸ ਕਾਰਨ ਧਰਤੀ ਉੱਤੇ ਲੱਤਾਂ ਮਾਰ ਰਿਹਾ ਸੀ। ਕੁਦਰਤ ਦਾ ਕ੍ਰਿਸ਼ਮਾ, ਅੱਲਾਹ ਦੀ ਰਹਿਮਤ, ਉਸ ਦੀਆਂ ਅੱਡੀਆਂ ਧਰਤੀ ਉੱਤੇ ਵੱਜਣ ਨਾਲ ਪਾਣੀ ਦਾ ਚਸ਼ਮਾ ਫੁੱਟਿਆ। ਹਜ਼ਰਤ ਹਾਜਿਰਾ ਨੇ ਦੂਰੋਂ ਦੇਖਿਆ, ਪਾਸ ਆਈ ਤਾਂ ਖ਼ੁਸ਼ ਹੋਈ। ਪਾਣੀ ਵਗ ਰਿਹਾ ਸੀ, ਡਰ ਸੀ ਕਿ ਕਿਤੇ ਖ਼ਤਮ ਨਾ ਹੋ ਜਾਵੇ। ਉਸ ਨੇ ਪਾਣੀ ਵੇਖ ਕੇ ਜ਼ਮਜ਼ਮ ਪੁਕਾਰਿਆ, ਜਿਸ ਦਾ ਮਤਲਬ ਸੀ ਕਿ ਪਾਣੀ ਠਹਿਰ ਜਾਏ। ਪਾਣੀ ਚਸ਼ਮੇ ਦੇ ਰੂਪ ਵਿਚ ਅੱਲਾਹ ਦੀ ਰਹਿਮਤ ਨਾਲ ਸੁਰੱਖਿਅਤ ਹੋ ਗਿਆ। ਅੱਜ ਕੱਲ੍ਹ ਜ਼ਮਜ਼ਮ ਦਾ ਪਾਣੀ ਖੂਹ ਦੇ ਰੂਪ ਵਿਚ ਸੁਰੱਖਿਅਤ ਹੈ। ਇਸ ਪਾਣੀ ਨੂੰ ਪਾਕ-ਪਵਿੱਤਰ ਮੰਨਿਆ ਜਾਂਦਾ ਹੈ। ਹਾਜੀ ਲੋਕ ਇਸ ਨੂੰ ਪੀਂਦੇ ਹਨ ਅਤੇ ਵਾਪਸੀ ਸਮੇਂ ਘਰਾਂ ਨੂੰ ਵੀ ਲੈ ਕੇ ਆਉਂਦੇ ਹਨ। •

94634-63193

ਬੋਧ ਕਥਾ

# ਪ੍ਰਸ਼ਨ ਰਹੱਸ

ਬੁੱਧ ਦੇ ਇਕ ਮੁਰੀਦ ਨੇ ਕਿਹਾ, 'ਮੈਂ ਤੁਹਾਨੂੰ ਪੁੱਛਦਾ ਹਾਂ, ਇਸ ਲਈ ਨਹੀਂ ਕਿ ਮੈਨੂੰ ਤੁਹਾਡੇ 'ਤੇ ਕੋਈ ਸੰਦੇਹ ਹੈ, ਇਸ ਲਈ ਕਿ ਆਪਣੇ ਆਪ ਬਾਰੇ ਸ਼ੰਕੇ ਹਨ। ਮੈਂ ਤੁਹਾਡੇ ਕੋਲੋਂ ਪੁੱਛਦਾ ਹਾਂ, ਇਸ ਲਈ ਨਹੀਂ ਕਿ ਤੁਸੀਂ ਜੋ ਕਹਿੰਦੇ ਹੋ, ਉਹਦੇ ਬਾਰੇ ਕੋਈ ਸੰਦੇਹ ਹੈ, ਇਸ ਲਈ ਕਿ ਤੁਸੀਂ ਜੋ ਕਹਿੰਦੇ ਹੋ ਉਸ ਨੂੰ ਮੈਂ ਪਕੜ ਨਹੀਂ ਸਕਦਾ।'



'ਮੈਂ ਪੁੱਛਦਾ ਹਾਂ, ਇਸ ਲਈ ਨਹੀਂ ਕਿ ਤੁਸੀਂ ਜਿੱਥੇ ਪਹੁੰਚ ਗਏ ਹੋ, ਉਹਦੇ 'ਤੇ ਮੈਨੂੰ ਕੋਈ ਸੰਦੇਹ ਹੈ, ਪੁੱਛਦਾ ਹਾਂ ਸਿਰਫ਼ ਇਸ ਲਈ ਕਿ ਏਨੀ ਦੂਰ ਦੀ ਯਾਤਰਾ ਤੇ ਏਨਾ ਵਿਸ਼ਾਲ ਸੁਪਨਾ! ਮੈਨੂੰ ਆਪਣੇ ਪੈਰਾਂ 'ਤੇ ਸੰਦੇਹ ਹੈ। ਪੁੱਛਦਾ ਹਾਂ ਕਿ ਮੇਰਾ ਯਕੀਨ ਵਧੇ, ਮੇਰਾ ਇਤਕਾਦ ਵੱਡਾ ਹੋਵੇ..'

ਪ੍ਰਾਰਥਨਾ ਨਾਲ ਜਦੋਂ ਕਈ ਪੁੱਛਦਾ ਹੈ ਤਾਂ ਉਸ ਦੇ ਦਿਲ ਦੇ ਦੁਆਰ ਖੁੱਲ੍ਹੇ ਹੁੰਦੇ ਹਨ, ਉਹ ਸ਼ੱਕ-ਸੁਬ੍ਹਾ ਲੈ ਕੇ ਨਹੀਂ ਆਉਂਦਾ, ਸਿਰਫ਼ ਪ੍ਰਸ਼ਨ ਲੈ ਕੇ ਆਉਂਦਾ ਹੈ।

ਪ੍ਰਸ਼ਨਾਂ ਦੇ ਉੱਤਰ ਤਾਂ ਹੋ ਸਕਦੇ ਹਨ ਪਰ ਸੰਦੇਹ ਦੇ ਉੱਤਰ ਨਹੀਂ ਹੋ ਸਕਦੇ। •

- ਓਸ਼ੋ

**ਗੁਰੂ ਹਰਗੋਬਿੰਦ ਸਾਹਿਬ ਨੇ 11 ਸਾਲ ਦੀ ਉਮਰ 'ਚ ਗੁਰਿਆਈ ਦੇ ਪਹਿਲੇ ਦਿਨ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਕੇ, ਦਸਤਾਰ 'ਤੇ ਕਲਗੀ ਸਜਾ ਕੇ ਸੱਚ ਦੀ ਬਾਦਸ਼ਾਹਤ ਦਾ ਐਲਾਨ ਕੀਤਾ ਤੇ ਪਰਮਾਤਮਾ ਦੇ ਰਾਜ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ...**

# ਗੁਰੂ ਹਰਿਗੋਬਿੰਦ ਸਾਹਿਬ ਦੀ ਸੱਚੀ ਪਾਤਸ਼ਾਹੀ

ਡਾ. ਸਤਿੰਦਰ ਪਾਲ ਸਿੰਘ



ਸੰਸਾਰ ਅੰਦਰ ਮਨੁੱਖੀ ਹਿਤਾਂ ਲਈ ਸਾਕਤ ਦੇ ਜ਼ੁਲਮਾਂ ਨੂੰ ਮਹਾਪੁਰਸ਼ਾਂ ਨੇ ਸਮੇਂ-ਸਮੇਂ 'ਤੇ ਵੰਗਾਰਿਆ ਤੇ ਠੱਲ੍ਹ ਪਾਉਣ ਦੇ ਯਤਨ ਕੀਤੇ। ਗੁਰੂ ਹਰਿਗੋਬਿੰਦ ਸਾਹਿਬ ਅਜਿਹੇ ਯੁੱਗ ਨਾਇਕ ਹੋਏ ਹਨ, ਜਿਨ੍ਹਾਂ ਨੇ ਸਾਕਤ ਦੇ ਜਬਰ ਨੂੰ ਵੰਗਾਰਨ ਦੇ ਨਾਲ-ਨਾਲ ਸੱਚ ਤੇ ਨਿਆਂ ਦੀ ਸ਼ਕਤੀ ਨੂੰ ਉਸ ਉਚਾਈ 'ਤੇ ਕਾਇਮ ਕਰਨ 'ਚ ਸਫਲਤਾ ਪ੍ਰਾਪਤ ਕੀਤੀ, ਜਿੱਥੋਂ ਸਾਕਤ ਮਜਬੂਰ ਤੇ ਕਮਜ਼ੋਰ ਨਜ਼ਰ ਆਇਆ।

ਪਿਤਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਗੁਰੂ ਹਰਿਗੋਬਿੰਦ ਸਾਹਿਬ ਸਾਹਮਣੇ ਕਈ ਚੁਣੌਤੀਆਂ ਸਨ। ਗੁਰੂ ਸਾਹਿਬ ਨੇ ਆਪਣਾ ਮਾਰਗ ਤਹਿ ਕਰਨ 'ਚ ਦੇਰ ਨਹੀਂ ਕੀਤੀ। ਆਪ ਨੇ ਮਾਤਰ 11 ਸਾਲ ਦੀ ਉਮਰ 'ਚ ਗੁਰਿਆਈ ਦੇ ਪਹਿਲੇ ਦਿਨ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ, ਸਿਰ ਤੇ ਦਸਤਾਰ ਤੇ ਕਲਗੀ ਸਜਾ ਕੇ ਸੱਚ ਦੀ ਬਾਦਸ਼ਾਹਤ ਦਾ ਐਲਾਨ ਕੀਤਾ। ਜੋ ਲੋਕ ਸਮਝਦੇ ਸਨ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਡਰ ਕੇ ਸਿੱਖ ਖਿੰਡਰ ਜਾਣਗੇ ਤੇ ਸਿੱਖੀ ਦੇ ਮਾਰਗ ਤੋਂ ਹਟ ਜਾਣਗੇ, ਉਨ੍ਹਾਂ ਲਈ ਇਹ ਅੱਖਾਂ ਖੋਲ੍ਹਣ ਵਾਲਾ ਸੁਨੇਹਾ ਸੀ। ਸੱਚ ਦੀ ਮਹਿਮਾ ਗੁਰੂ ਨਾਨਕ ਸਾਹਿਬ ਨੇ ਦੱਸੀ - **'ਆਦਿ ਸਚੁ ਜੁਗਾਦਿ ਸਚੁ।'** ਵਕਤ ਦੀ ਮੰਗ ਸੀ ਕਿ ਉਸ ਸੱਚ ਦੀ ਤਾਕਤ ਨੂੰ ਪ੍ਰਗਟ ਕੀਤਾ ਜਾਵੇ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸੱਚ ਦੀ ਸ੍ਰੇਸ਼ਟਤਾ ਦਾ ਅਹਿਸਾਸ ਕਰਵਾਉਣ ਵਾਲੀ ਸਾਬਤ ਹੋਈ। ਗੁਰੂ ਅਰਜਨ ਸਾਹਿਬ ਨੇ ਨਿਰਭੈਤਾ ਤੇ ਅਡੋਲਤਾ ਨਾਲ ਸੱਚ ਦੇ ਪੱਖ 'ਚ ਜ਼ੁਲਮ ਦਾ ਕਹਿਰ ਸਹਿੰਦਿਆਂ ਸਵਾਸ ਵਾਰ ਦਿੱਤੇ। ਗੁਰੂ ਹਰਿਗੋਬਿੰਦ ਸਾਹਿਬ ਨੇ ਸੱਚ ਦੀ ਤਾਕਤ ਨਾਲ ਜ਼ੁਲਮ 'ਤੇ ਜਿੱਤ ਪ੍ਰਾਪਤ ਕਰ ਕੇ **'ਹੈ ਭੀ ਸਚੁ ਨਾਨਕ ਹੋਸੀ ਭੀ ਸਚੁ'** ਦੇ ਦਰਸ਼ਨ ਕਰਵਾਏ।

ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਸਤਰ ਧਾਰਣ ਕੀਤੇ ਤਾਂ ਆਮ ਲੋਕਾਂ ਲਈ ਇਸ ਦੇ ਅਰਥ ਸਮਝਣੇ ਮੁਸ਼ਕਲ ਸਨ ਪਰ ਛੇਤੀ ਹੀ ਸਾਰੇ ਭਰਮ ਦੂਰ ਹੋ ਗਏ। ਗੁਰੂ ਸਾਹਿਬ ਨੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਬਾਅਦ ਜਿੱਥੇ ਸੂਰਬੀਰ ਤੇ ਧਰਮੀ ਸਿੱਖਾਂ ਦੀ ਫ਼ੌਜ ਤਿਆਰ ਕੀਤੀ ਉੱਥੇ ਤਿੰਨ ਵਰ੍ਹਿਆਂ 'ਚ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾ ਕੇ ਮਨੁੱਖਤਾ ਨੂੰ ਅਦੁੱਤੀ ਸੁਗ਼ਾਤ ਬਖ਼ਸ਼ੀ, ਜੋ ਜੁਗਾਂ-ਜੁਗਾਂ ਤਕ ਰਹਿਣ ਵਾਲੀ ਹੈ। ਸੰਸਾਰ ਅੰਦਰ ਹੋਰ ਕੋਈ ਅਜਿਹਾ ਅਸਥਾਨ ਨਹੀਂ ਜੋ ਪਰਮਾਤਮਾ ਦੇ ਰਾਜ ਦਾ ਪ੍ਰਤੀਕ ਹੋਵੇ। ਹਿੰਦੁਸਤਾਨ ਅੰਦਰ ਉਸ ਵੇਲੇ ਮੁਗ਼ਲਾਂ ਦਾ ਰਾਜ ਸੀ। ਮੁਗ਼ਲ ਰਾਜ ਦਾ ਮਨੋਰਥ ਲੋਕਾਂ ਨੂੰ ਲੁੱਟਣਾ, ਜਬਰਨ ਇਸਲਾਮ 'ਚ ਸ਼ਾਮਲ ਕਰਨਾ ਤੇ ਜ਼ੋਰ-ਜਬਰ ਨਾਲ ਹੁਕੂਮਤ ਚਲਾਉਣਾ ਸੀ। ਸੱਚ ਤੇ ਧਰਮ ਖੰਭ ਲਾ ਕੇ ਉੱਡ ਚੁੱਕੇ ਜਾਪਦੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਰਚ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਜਾਬਰ ਨੂੰ ਸਿੱਧੀ ਚੁਣੌਤੀ ਦਿੱਤੀ ਕਿ ਸਭ ਤੋਂ ਵੱਡੀ ਤਾਕਤ ਅਕਾਲ ਪੁਰਖ ਦੀ ਹੈ- **'ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ, ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ।'** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਕਿਸੇ ਰਾਜੇ, ਜ਼ਮੀਨਾਂ ਦੇ ਮਾਲਕ, ਕਿਸੇ ਤੇਜਵੰਸੀ, ਕਿਸੇ ਸੂਰੇ, ਗ੍ਰਹਿਸਤੀ, ਗਿਆਨੀ ਤੇ ਕਰਮਵੰਤ ਦੀ ਕੋਈ ਬਿਸਾਤ ਨਹੀਂ ਸੀ। ਉਹ ਸਭ ਤੋਂ ਵੱਡਾ ਦਰਬਾਰ ਸੀ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬਹਿ ਕੇ ਗੁਰੂ ਹਰਿਗੋਬਿੰਦ ਸਾਹਿਬ ਬਾਦਸ਼ਾਹਾਂ ਵਾਂਗ ਸਿੱਖ ਸੰਗਤ ਨੂੰ ਦਰਸ਼ਨ ਦਿੰਦੇ, ਉਨ੍ਹਾਂ ਦੀਆਂ ਸ਼ੰਕਾਵਾਂ ਦਾ ਨਿਵਾਰਣ ਕਰਦੇ, ਮਸਲੇ ਹੱਲ ਕਰਦੇ ਤੇ ਪਰਮਾਤਮਾ ਨਾਲ ਜੁੜਣ ਦੀ ਪ੍ਰੇਰਣਾ ਦਿੰਦੇ। ਇੱਥੇ ਆ ਕੇ ਸੰਗਤ ਨੂੰ ਪਰਮਾਤਮਾ ਦੀ ਹੁਕੂਮਤ ਦੇ ਦਰਸ਼ਨ ਹੁੰਦੇ। ਇਹੀ ਕਾਰਨ ਸੀ ਕਿ ਸੰਗਤ ਨੇ ਸ਼ਰਧਾ-ਭਾਵਨਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੱਚੇ ਪਾਤਸ਼ਾਹ ਕਹਿਣਾ ਆਰੰਭ ਕਰ ਦਿੱਤਾ।

ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਬੇਨਤੀ 'ਤੇ ਗੁਰੂ ਹਰਿਗੋਬਿੰਦ ਸਾਹਿਬ ਜਦੋਂ ਦਿੱਲੀ ਆਏ ਤਾਂ ਜਹਾਂਗੀਰ ਨੇ ਸਵਾਲ ਕੀਤਾ ਸੀ ਕਿ ਉਹ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਾਉਂਦੇ ਨੇ? ਗੁਰੂ ਸਾਹਿਬ ਨੇ ਕਿਹਾ, 'ਮੈਂ ਕਦੇ ਕਿਸੇ ਨੂੰ ਇਹ ਨਹੀਂ ਕਿਹਾ, ਸੱਚਾ ਪਾਤਸ਼ਾਹ ਪਰਮਾਤਮਾ ਹੈ ਪਰ ਲੋਕਾਂ ਦਾ ਪਿਆਰ ਉਤਨਾ ਹੀ ਹੈ ਜਿੰਨਾ ਮੈਂ ਉਨ੍ਹਾਂ ਨੂੰ ਕਰਦਾ ਹਾਂ।' ਗੁਰੂ ਸਾਹਿਬ ਬਾਦਸ਼ਾਹ ਨਾਲ ਆਗਰੇ ਗਏ ਤਾਂ ਇਕ ਘਾਹ ਕੱਟਣ ਵਾਲੇ ਨੂੰ ਆਪ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋਈ। ਉਸ ਘਾਈ ਨੂੰ ਕਿਸੇ ਨੇ ਜਹਾਂਗੀਰ ਕੋਲ ਭੇਜ ਦਿੱਤਾ। ਘਾਈ ਨੇ ਇਕ ਟਕਾ ਅੱਗੇ ਰੱਖ ਕੇ ਮੱਥਾ ਟੇਕਿਆ ਤੇ ਮੁਕਤੀ ਲਈ ਅਰਦਾਸ ਕਰਨ ਲੱਗਾ। ਜਹਾਂਗੀਰ ਦੇ ਵਿਉਹਾਰ ਤੋਂ ਉਸ ਨੂੰ ਜਦੋਂ ਆਪਣੀ ਗ਼ਲਤੀ ਦਾ ਪਤਾ ਲੱਗਾ ਤਾਂ ਉਹ ਚੜ੍ਹਾਇਆ ਹੋਇਆ ਟਕਾ ਚੁੱਕ ਕੇ ਭੱਜਾ ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨਾਂ 'ਚ ਜਾ ਪਿਆ। ਇਹ ਮਾਮੂਲੀ ਘਟਨਾ ਨਹੀਂ ਸੀ। ਗੁਰੂ ਸਾਹਿਬ ਦੀ ਸੱਚੀ ਪਾਤਸ਼ਾਹੀ ਦੀ ਅਪਾਰ ਬਖ਼ਸ਼ਿਸ਼ ਸੀ ਕਿ ਲੋਕਾਂ ਅੰਦਰ ਸੱਚ ਲਈ ਸਮਝ ਹੀ ਨਹੀਂ ਉਸ ਨੂੰ ਧਾਰਣ ਕਰਨ ਦਾ ਹੌਸਲਾ ਵੀ ਜਨਮ ਲੈ ਰਿਹਾ ਸੀ।

ਪਰਮਾਤਮਾ ਦਾ ਨਿਆਂ ਪਰਮਾਤਮਾ ਹੀ ਜਾਣਦਾ ਹੈ-**'ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ।'** ਕੋਈ ਉਸ ਜਿਹਾ ਨਹੀਂ ਜੋ ਪਰਮਾਤਮਾ ਦੇ ਵਿਸਮਾਦ ਬਾਰੇ ਜਾਣ ਸਕੇ। ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ੇਰ ਤੋਂ ਉਸ ਜਹਾਂਗੀਰ ਦੀ ਜਾਨ ਬਚਾਈ, ਜਿਸ ਦੇ ਰਾਜ 'ਚ ਗੁਰੂ ਸਾਹਿਬ ਦੇ ਪਿਤਾ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਜਹਾਂਗੀਰ ਨੇ ਜਦੋਂ ਧੋਖੇ ਨਾਲ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੰਦੀ ਬਣਾ ਕੇ ਗਵਾਲੀਅਰ ਦੇ ਕਿਲ੍ਹੇ 'ਚ ਭਿਜਵਾ ਦਿੱਤਾ ਤਦ ਵੀ ਗੁਰੂ ਸਾਹਿਬ ਸ਼ਾਂਤ ਰਹੇ। ਗੁਰੂ ਸਾਹਿਬ ਅਥਾਹ ਸ਼ਕਤੀਆਂ ਦੇ ਮਾਲਕ ਸਨ ਪਰ ਸ਼ਕਤੀ ਦੀ ਮਰਿਆਦਾ ਜਾਣਦੇ ਸਨ। ਇਸ ਦੀ ਆਦਰਸ਼ ਮਿਸਾਲ ਹੋਰ ਕਿਤੇ ਨਹੀਂ ਮਿਲ ਸਕਦੀ। ਜਹਾਂਗੀਰ ਦੇ ਭਰਮ ਦੂਰ ਹੋਏ ਤਾਂ ਉਸ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਤੋਂ ਰਿਹਾ ਕਰ ਦਿੱਤਾ। ਗੁਰੂ ਸਾਹਿਬ ਦੇ ਕਹਿਣ 'ਤੇ 52 ਬੰਦੀ ਰਾਜੇ ਵੀ ਨਾਲ ਹੀ ਰਿਹਾ ਕਰ ਦਿੱਤੇ ਗਏ। ਜਹਾਂਗੀਰ ਗੁਰੂ ਸਾਹਿਬ ਦੀ ਮਹਾਨਤਾ ਦਾ ਕਾਇਲ ਹੋ ਗਿਆ ਸੀ। ਦਿੱਲੀ ਦੇ ਤਖ਼ਤ 'ਤੇ ਸ਼ਾਹਜਹਾਨ ਬੈਠਾ ਤਾਂ ਹਾਲਾਤ ਬਦਲ ਗਏ। ਗੁਰੂ ਸਾਹਿਬ 'ਤੇ ਚਾਰ ਵਾਰ ਹਮਲੇ ਕੀਤੇ ਗਏ ਜਿਨ੍ਹਾਂ ਦਾ ਆਪ ਨੇ ਕਰਾਰਾ ਜਵਾਬ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਚਾਰਾਂ ਜੰਗਾਂ 'ਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।

ਗੁਰੂ ਹਰਿਗੋਬਿੰਦ ਸਾਹਿਬ ਆਪ ਸ੍ਰੇਸ਼ਟ ਯੋਧਾ ਤੇ ਅਸਤਰਾਂ-ਸ਼ਸਤਰਾਂ ਦੀ ਵਰਤੋਂ 'ਚ ਸਿੱਧ ਸਨ। ਆਪ ਕੋਲ ਤਾਕਤਵਰ ਫ਼ੌਜ ਸੀ ਪਰ ਗੁਰੂ ਸਾਹਿਬ ਦਾ ਮੂਲ ਮਨੋਰਥ ਸਿੱਖ ਪੰਥ ਨੂੰ ਅੱਗੇ ਵਧਾਉਣਾ ਤੇ ਸਿੱਖੀ ਦੇ ਸਿਧਾਂਤਾਂ ਦਾ ਪ੍ਰਚਾਰ-ਪਸਾਰ ਕਰਨਾ ਸੀ। ਗੁਰੂ ਸਾਹਿਬ ਸਦਾ ਇਸ ਲਈ ਯਤਨਸ਼ੀਲ ਰਹਿੰਦੇ ਸਨ। ਸ਼ਸਤਰ ਤੇ ਫ਼ੌਜ ਸਿੱਖੀ ਦੀ ਰਾਹ ਨੂੰ ਨਿਹਕੰਟਕ ਕਰਨ ਲਈ ਸਨ। ਸਿੱਖਾਂ ਦੇ ਵਿਚਾਰ ਤੇ ਆਚਾਰ ਉੱਪਰ ਗੁਰੂ ਸਾਹਿਬ ਦੀ ਪੂਰੀ ਨਜ਼ਰ ਰਹਿੰਦੀ ਸੀ। ਆਪ ਸਦਾ ਬਾਣੀ ਸ਼ੁੱਧ ਹਿਰਦੇ ਤੇ ਇਕਾਗਰਤਾ ਨਾਲ ਪੜ੍ਹਨ ਲਈ ਪ੍ਰੇਰਣਾ ਕਰਦੇ। ਸਿੱਖਾਂ ਨੂੰ ਗੁਰਬਾਣੀ ਦਾ ਅਭਿਆਸ ਗੁਰੂ ਸਾਹਿਬ ਆਪ ਕਰਵਾਉਂਦੇ। ਇਕ ਵਾਰ ਗੁਰੂ ਸਾਹਿਬ ਸੰਗਤ 'ਚ ਭਾਈ ਗੋਪਾਲ ਜੀ ਨੂੰ ਜਪੁਜੀ ਸਾਹਿਬ ਦੀ ਬਾਣੀ ਦਾ ਪਾਠ ਕਰਦੇ ਸੁਣ ਰਹੇ ਸਨ। ਭਾਈ ਗੋਪਾਲ ਜੀ ਦੀ ਸ਼ਰਧਾ ਤੋਂ ਗੁਰੂ ਸਾਹਿਬ ਪ੍ਰਸੰਨ ਹੋਏ ਪਰ ਪਾਠ ਸੰਪੂਰਨ ਹੋਣ ਤੋਂ ਪਹਿਲਾਂ ਭਾਈ ਗੋਪਾਲ ਜੀ ਦਾ ਧਿਆਨ ਭਟਕ ਗਿਆ। ਅੰਤਰਜਾਮੀ ਗੁਰੂ ਹਰਿਗੋਬਿੰਦ ਸਾਹਿਬ ਨੇ ਵਾਧੂ ਘੋੜਾ ਦੇ ਕੇ ਭਾਈ ਗੋਪਾਲ ਜੀ ਦੀ ਮਨੋਕਾਮਨਾ ਤਾਂ ਪੂਰਨ ਕਰ ਦਿੱਤੀ- **'ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ।'** ਪਰ ਉਹ ਵੱਡੀ ਬਖ਼ਸ਼ਿਸ਼ ਤੋਂ ਵਾਂਝੇ ਰਹਿ ਗਏ ਕਿਉਂਕਿ ਦਾਤੇ ਲਈ ਮਨ 'ਚ ਸ਼ੰਕਾ ਤੇ ਆਪਣੀ ਸਿਆਣਪ ਤੇ ਟੇਕ ਹੋ ਗਈ। ਪਰਮਾਤਮਾ ਆਪ ਭਰਮ ਦੂਰ ਕਰਦਾ ਹੈ-**'ਬੰਧਨ ਕਾਟੇ ਸੋ ਪ੍ਰਭੂ ਜਾ ਕੈ ਕਲ ਹਾਥ।'** ਗੁਰੂ ਸਾਹਿਬ ਨੇ ਭਾਈ ਗੁਰਦਾਸ ਜੀ ਦੇ ਭਰਮ ਦੂਰ ਕਰਨ ਦਾ ਨਿਰਣਾ ਕੀਤਾ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਘੋੜੇ ਖਰੀਦਣ ਲਈ ਕਾਬੁਲ ਭੇਜਿਆ ਤੇ ਨਾਲ ਹੀ ਖੇਡ ਵਰਤਾਈ ਕਿ ਪੈਸਿਆਂ ਦੀ ਥੈਲੀ ਗੁੰਮ ਹੋ ਗਈ। ਭਾਈ ਗੁਰਦਾਸ ਜੀ ਇੰਨੇ ਸ਼ਰਮਸਾਰ ਹੋਏ ਕਿ ਬਿਨਾ ਕਿਸੇ ਨੂੰ ਕੁਝ ਦੱਸੇ ਚੁਪਚਾਪ ਉੱਥੇ ਤੁਰ ਪਏ ਤੇ ਬਨਾਰਸ ਆ ਗਏ। ਬਨਾਰਸ ਵਿਖੇ ਭਾਈ ਗੁਰਦਾਸ ਜੀ ਸਿੱਖੀ ਦੇ ਪ੍ਰਚਾਰ 'ਚ ਲੱਗ ਗਏ। ਕਾਫੀ ਸਮੇਂ ਬਾਅਦ ਗੁਰੂ ਸਾਹਿਬ ਨੂੰ ਪਤਾ ਲੱਗਾ ਤਾਂ ਬਨਾਰਸ ਦੀ ਸੰਗਤ ਨੂੰ ਕਿਹਾ ਕਿ ਭਾਈ ਜੀ ਗੁਰੂ ਘਰ ਦੇ ਦੋਖੀ ਹਨ। ਭਾਈ ਜੀ ਨੂੰ ਅੰਮ੍ਰਿਤਸਰ ਲਿਆਂਦਾ ਗਿਆ ਤਾਂ ਗੁਰੂ ਸਾਹਿਬ ਦੇ ਸਾਹਮਣੇ ਪੇਸ਼ ਹੋਏ। ਭਾਈ ਗੁਰਦਾਸ ਜੀ ਬਿਹਬਲ ਹੋ ਗਏ ਤੇ **'ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕ ਨਾ ਹਾਰੇ'** ਦੀ ਥਾਂ **'ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ'** ਦੀ ਅਰਜ ਕਰਦਿਆਂ ਭੁੱਲ ਬਖ਼ਸ਼ਾਈ। ਪਰਮਾਤਮਾ ਦੀ ਨਦਰਿ ਲਈ ਭਰੋਸੇ ਤੇ ਨਿਮਰਤਾ ਦੇ ਨਾਲ ਹੀ ਭਾਣੇ ਅੰਦਰ ਰਹਿਣ ਦਾ ਨਿਸ਼ਚਾ ਹੋਣਾ ਚਾਹੀਦਾ ਹੈ। ਇਹ ਸੱਚੀ ਸੂਰਬੀਰਤਾ ਹੈ। ਗੁਰੂ ਹਰਿਗੋਬਿੰਦ ਸਾਹਿਬ ਦੀਆਂ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਦੀ ਅਜਿੱਤ ਤਾਕਤ ਇਸ ਸਿਧਾਂਤ ਤੋਂ ਨਿਕਲੀ- **'ਕਰਿ ਕਿਰਪਾ ਹਸਤ ਪ੍ਰਭਿ ਦੀਨੇ ਜਗਤ ਉਧਾਰ ਨਵ ਖੰਡ ਪ੍ਰਤਾਪ।'**

ਗੁਰੂ ਹਰਿਗੋਬਿੰਦ ਸਾਹਿਬ ਦਿਆਲੂ ਦਾਤਾ, ਨਿਆਂਕਰਤਾ, ਬਖ਼ਸ਼ਣਹਾਰ ਤੇ ਤਾਰਨਹਾਰ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਸਾਹਿਬ ਨੇ ਪਰਮਾਤਮਾ ਦਾ ਅਚਲ ਰਾਜ ਕਾਇਮ ਕੀਤਾ ਤੇ ਮਨੁੱਖਤਾ ਨੂੰ ਸੱਚ ਦੀ ਪ੍ਰਤੱਖ ਪਛਾਣ ਕਰਵਾਈ। •

94159-60533

ਚੰਦਰ ਪ੍ਰਕਾਸ਼

# ਮਾਈਸਰਖ਼ਾਨੇ ਦਾ ਭਗਵਤੀ ਦੁਰਗਾ ਮੰਦਰ

ਦੇਸ਼ ਭਰ 'ਚ ਪੰਜਾਬ ਦੂਜੇ ਸੂਬਿਆਂ ਨਾਲੋਂ ਕਈ ਪੱਖਾਂ ਤੋਂ ਵਿਲੱਖਣ ਹੈ। ਭਾਵੇਂ ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਗਤੀਵਿਧੀਆਂ ਹੋਣ, ਪੰਜਾਬ ਨੇ ਹਰ ਖੇਤਰ 'ਚ ਆਪਣੀ ਵੱਖਰੀ ਪਛਾਣ ਕਾਇਮ ਰੱਖੀ ਹੈ। ਪੰਜਾਬ ਦੇ ਕਿਸੇ ਵੀ ਹਿੱਸੇ 'ਚ ਸ਼ਾਇਦ ਕੋਈ ਹੀ ਅਜਿਹਾ ਸਥਾਨ ਹੋਵੇ, ਜਿਸ ਨਾਲ ਕੋਈ ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਇਤਿਹਾਸ ਨਾਲ ਜੁੜਿਆ ਹੋਵੇ।

ਪੰਜਾਬ ਦੇ ਬਠਿੰਡਾ ਸ਼ਹਿਰ ਤੋਂ 30 ਕੁ ਕਿਲੋਮੀਟਰ ਦੂਰ ਮਾਨਸਾ ਰੋਡ 'ਤੇ ਮਾਈਸਰਖ਼ਾਨਾ ਪਿੰਡ ਸਥਿੱਤ ਹੈ, ਜੋ ਦੇਸ਼ ਵਿਦੇਸ਼ ਵਿਚ ਆਪਣੇ ਧਾਰਮਿਕ ਇਤਿਹਾਸ ਕਰਕੇ ਜਾਣਿਆ ਜਾਂਦਾ ਹੈ। ਇਸ ਧਰਤੀ ਨੂੰ ਜਿਥੇ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਣ ਦਾ ਮਾਣ ਹੈ, ਉੱਥੇ ਇਸ ਧਰਤੀ ਨੂੰ ਮਾਤਾ ਜਵਾਲਾ ਜੀ ਨੇ ਖ਼ੁਦ ਪ੍ਰਗਟ ਹੋ ਕੇ ਨਿਵਾਜਿਆ ਹੈ। ਲਗਪਗ 500 ਸਾਲਾਂ ਤੋਂ ਮਾਈਸਰਖ਼ਾਨੇ ਦਾ ਭਗਵਤੀ ਦੁਰਗਾ ਮੰਦਰ ਹਿੰਦੂਆਂ ਤੇ ਸਿੱਖਾਂ ਦੀ ਸਾਂਝ ਦਾ ਅਡੋਲ ਪ੍ਰਤੀਕ ਬਣ ਕੇ ਸਮਾਜ 'ਚ ਵਿਲੱਖਣ ਥਾਂ ਲੈ ਕੇ ਖੜ੍ਹਾ ਹੈ। ਸ਼ੁਰੂ ਵਿਚ ਇਥੇ ਇਕ ਛੋਟਾ ਜਿਹਾ ਮੰਦਰ ਸੀ ਅਤੇ ਮਾਤਾ ਦੀ ਮੂਰਤੀ ਪਿੰਡੀ ਰੂਪ ਵਿਚ ਸੀ। ਮੰਦਰ ਦੇ ਬਿਲਕੁਲ ਸਾਹਮਣੇ, ਕੁਝ ਗਜ਼ ਦੀ ਦੂਰੀ 'ਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਗੁਰਦੁਆਰਾ ਹੈ। ਇਸ ਸਥਾਨ 'ਤੇ ਗੁਰੂ ਸਾਹਿਬ ਤਲਵੰਡੀ ਸਾਬੋ ਦੀ ਯਾਤਰਾ ਦੌਰਾਨ ਕੁਝ ਸਮੇਂ ਲਈ ਠਹਿਰੇ ਸਨ।

ਮਾਈਸਰਖ਼ਾਨਾ ਸ਼ਬਦ ਦਾ ਸੰਧੀਸ਼ੇਦ ਕਰੀਏ ਤਾਂ 'ਮਾਈ' ਦਾ ਅਰਥ ਹੈ ਮਾਤਾ, 'ਸਰ' ਦਾ ਅਰਥ ਹੈ ਸਰੋਵਰ ਅਤੇ 'ਖ਼ਾਨਾ' ਅਸਥਾਨ ਬੋਧਕ ਸ਼ਬਦ ਹੈ। ਇਸ ਤਰ੍ਹਾਂ ਮਾਈਸਰਖ਼ਾਨੇ ਦਾ ਅਰਥ ਹੈ-'ਮਾਤਾ ਦਾ ਸਥਾਨ' ਤੇ ਜਵਾਲਾ ਮਾਤਾ ਦੀ ਜੋਤ ਦਾ ਇਥੇ ਬਿਰਾਜਮਾਨ ਹੋਣਾ ਇਸ ਅਸਥਾਨ ਨੂੰ ਪਵਿੱਤਰ ਬਣਾਉਂਦਾ ਹੈ। ਮਾਈਸਰਖ਼ਾਨੇ ਦਾ ਭਗਵਤੀ ਦੁਰਗਾ ਮੰਦਰ, ਹਰਿਆਣਾ ਦੇ ਪੰਚਕੂਲੇ ਜ਼ਿਲ੍ਹੇ ਦਾ ਮਨਸਾ ਦੇਵੀ ਮੰਦਰ, ਪਟਿਆਲੇ ਸ਼ਹਿਰ ਦਾ ਕਾਲੀ ਦੇਵੀ ਮੰਦਰ ਜਿਨ੍ਹਾਂ ਨੂੰ ਪਟਿਆਲਾ ਰਾਜ ਘਰਾਣੇ ਦੇ ਪੁਰਖਿਆਂ ਨੇ ਬਣਵਾਇਆ ਸੀ ਅਤੇ ਹਿਮਾਚਲ ਪ੍ਰਦੇਸ਼ ਦਾ ਨੈਣਾ ਦੇਵੀ ਮੰਦਰ ਉੱਤਰੀ ਭਾਰਤ ਦੀਆਂ ਕੁੱਝ ਅਜਿਹੀਆਂ ਪਵਿੱਤਰ ਥਾਵਾਂ ਹਨ, ਜਿੱਥੇ ਹਿੰਦੂ ਤੇ ਸਿੱਖ ਭਾਈਚਾਰੇ ਦੇ ਲੱਖਾਂ ਲੋਕ ਹਰ ਸਾਲ ਨਤਮਸਤਕ ਹੁੰਦੇ ਹਨ। ਇਨ੍ਹਾਂ ਪਵਿੱਤਰ ਥਾਵਾਂ ਨੇ ਹੀ ਹਿੰਦੂ-ਸਿੱਖਾਂ ਦੇ ਨਹੁੰ-ਮਾਸ ਦੇ ਰਿਸ਼ਤੇ ਨੂੰ ਪੰਜਾਬ ਵਿਚ ਕਾਲੇ ਦਿਨਾਂ ਦੌਰਾਨ ਵੀ ਅਟੁੱਟ ਰੱਖਿਆ ਹੈ। ਇਨ੍ਹਾਂ ਅਸਥਾਨਾਂ ਦੀ ਹੋਂਦ ਅਤੇ ਇਨ੍ਹਾਂ ਪ੍ਰਤੀ ਆਸਥਾ ਕਾਰਨ ਕੋਈ ਵੀ ਅੰਦਰੂਨੀ ਜਾਂ ਵਿਦੇਸ਼ੀ ਤਾਕਤ ਹਿੰਦੂਆਂ-ਸਿੱਖਾਂ ਨੂੰ ਵੱਖ ਨਹੀਂ ਕਰ ਸਕੀ।

ਮਾਤਾ ਭਗਵਤੀ ਦੁਰਗਾ ਦਾ ਆਸ਼ੀਰਵਾਦ ਪ੍ਰਾਪਤ ਕਰਨ ਤੇ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਨਵਰਾਤਿਆਂ ਦੌਰਾਨ ਮਾਈਸਰਖ਼ਾਨੇ ਵਿਖੇ ਸਾਲ 'ਚ ਦੋ ਵਾਰ ਮੇਲੇ ਲਗਦੇ ਹਨ। ਇਨ੍ਹਾਂ ਮੇਲਿਆਂ 'ਚ ਲੱਖਾਂ ਦੀ ਗਿਣਤੀ 'ਚ ਦੇਸ਼-ਵਿਦੇਸ਼ ਤੋਂ ਸ਼ਰਧਾਲੂ ਪਹੁੰਚਦੇ ਹਨ। ਜ਼ਿਆਦਾਤਰ ਸ਼ਰਧਾਲੂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਤੋਂ ਆਉਂਦੇ ਹਨ। ਚਾਂਦੀ ਨਾਲ ਬਣੇ ਮਾਤਾ ਦੇ ਭਵਨ ਦੇ ਦਰਸ਼ਨ ਕਰਕੇ ਸ਼ਰਧਾਲੂ ਖ਼ਾਸ ਕਿਸਮ ਦਾ ਸਕੂਨ ਮਹਿਸੂਸ ਕਰਦੇ ਹਨ।

## ਮੰਦਰ ਦਾ ਇਤਿਹਾਸ



ਸੰਨ 1515 ਵਿਚ ਇਸ ਪਿੰਡ ਦਾ ਇਕ ਕਿਸਾਨ ਬਾਬਾ ਕਮਾਲੂ ਦਾਸ ਨਥਾਣੇ ਵਾਲੇ ਸੰਤ ਬਾਬੇ ਕਾਲੂ ਨਾਥ ਦਾ ਚੇਲਾ ਸੀ। ਬਾਬਾ ਕਮਾਲੂ ਦਾਸ ਮਾਈਸਰਖ਼ਾਨੇ ਤੋਂ ਰੋਜ਼ ਦੁੱਧ ਲੈ ਕੇ ਬਾਬਾ ਕਾਲੂ ਨਾਥ ਲਈ ਨਥਾਣੇ ਜਾਂਦਾ ਸੀ। ਬਾਬਾ ਕਾਲੂ ਨਾਥ ਤੇ ਬਾਬਾ ਕਮਾਲੂ ਦਾਸ ਦੀ ਵੱਡੀ ਆਸਥਾ ਹਿਮਾਚਲ ਪ੍ਰਦੇਸ਼ ਵਿਖੇ ਬਿਰਾਜਮਾਨ ਮਾਤਾ ਜਵਾਲਾ ਜੀ 'ਚ ਸੀ। ਬਾਬਾ ਕਮਾਲੂ ਦਾਸ ਹਰ ਵੇਲੇ ਬਾਬਾ ਕਾਲੂ ਨਾਥ ਨੂੰ ਇਹ ਅਰਜੋਈ ਕਰਦਾ ਸੀ ਕਿ ਜੇ ਮਾਤਾ ਜਵਾਲਾ ਜੀ ਮਾਈਸਰਖ਼ਾਨੇ ਵਿਖੇ ਬਿਰਾਜਮਾਨ ਹੋਵੇ ਤਾਂ ਉਸ



ਦੀ ਤ੍ਰਿਪਤੀ ਹੋ ਜਾਵੇ। ਇਕ ਦਿਨ ਕਮਾਲੂ ਦਾਸ ਜਦ ਬਾਬਾ ਕਾਲੂ ਨਾਥ ਲਈ ਦੁੱਧ ਲੈ ਕੇ ਗਿਆ ਤਾਂ ਬਾਬਾ ਕਾਲੂ ਨਾਥ ਨੇ ਉਹ ਦੁੱਧ ਪਾਸ ਬੈਠੇ ਕੋਹੜੀਆਂ ਨੂੰ ਪਿਆ ਦਿੱਤਾ ਤੇ ਕੁਝ ਜੂਠਾ ਦੁੱਧ ਕਮਾਲੂ ਦਾਸ ਨੂੰ ਦੇ ਦਿੱਤਾ ਤੇ ਕਿਹਾ ਕਿ 'ਕਮਾਲੂ ਦਾਸ ਇਹ ਦੁੱਧ ਤੂੰ ਪੀ ਲੈ।' ਕਮਾਲੂ ਦਾਸ ਕੋਹੜੀਆਂ ਦਾ ਜੂਠਾ ਦੁੱਧ ਪੀਣ ਤੋਂ ਘਬਰਾ ਗਿਆ ਤੇ ਉਸ ਨੇ ਉਹ ਦੁੱਧ ਨੇੜੇ ਖੜ੍ਹੇ ਜੰਡ ਦੇ ਸੁੱਕੇ ਦਰੱਖ਼ਤ ਦੀ ਜੜ੍ਹ 'ਚ ਪਾ ਦਿੱਤਾ। ਜੰਡ ਦਾ ਉਹ ਸੁੱਕਾ ਦਰੱਖ਼ਤ ਹਰਿਆ-ਭਰਿਆ ਹੋ ਗਿਆ ਤੇ ਕੋਹੜੀਆਂ ਦਾ ਕੋਹੜ ਵੀ ਕੱਟਿਆ ਗਿਆ।

ਇਸ ਤੋਂ ਪਿੱਛੋਂ ਬਾਬਾ ਕਾਲੂ ਨਾਥ ਨੇ ਬਾਬਾ ਕਮਾਲੂ ਦਾਸ ਨੂੰ ਕਿਹਾ ਕਿ ਉਸ ਨੇ ਦੁੱਧ ਸੁੱਕੇ ਜੰਡ ਦੀ ਜੜ੍ਹ ਵਿਚ ਪਾ ਕੇ ਗ਼ਲਤ ਕੀਤਾ ਹੈ ਕਿਉਂਕਿ ਉਸ ਦੁੱਧ ਵਿਚ ਉਨ੍ਹਾਂ ਨੇ ਰਿੱਧੀਆਂ-ਸਿੱਧੀਆਂ ਪਾਈਆਂ ਸਨ। ਬਾਬਾ ਕਾਲੂ ਨਾਥ ਨੇ ਬਾਬਾ ਕਮਾਲੂ ਦਾਸ ਦੇ ਇਸ ਕਾਰੇ 'ਤੇ ਘੋਰ ਨਰਾਜ਼ਗੀ ਜਾਹਿਰ ਕੀਤੀ ਤੇ ਫਿਰ ਤਪੱਸਿਆ 'ਚ ਲੀਨ ਹੋ ਗਏ। ਬਾਬਾ ਕਮਾਲੂ ਦਾਸ ਵੀ ਆਪਣੇ ਕਾਰੇ ਤੋਂ ਬਹੁਤ ਨਮੋਸ਼ ਸਨ ਤੇ ਇਸ ਦਾ ਪਛਤਾਪ ਕਰਨ ਲਈ ਉਹ ਬਾਬਾ ਕਾਲੂ ਨਾਥ ਦੇ ਚਰਨਾਂ 'ਚ ਬੈਠ ਗਏ। ਲਗਾਤਾਰ ਕਈ ਦਿਨਾਂ ਦੀ ਤਪੱਸਿਆ ਪਿੱਛੋਂ ਜਦ ਬਾਬਾ ਕਾਲੂ ਨਾਥ ਨੇ ਸਮਾਧੀ ਖੋਲ੍ਹੀ ਤਾਂ ਉਨ੍ਹਾਂ ਨੇ ਬਾਬਾ ਕਮਾਲੂ ਦਾਸ ਨੂੰ ਦੇਖ ਕੇ ਪੁੱਛਿਆ ਕਿ ਤੂੰ ਇੱਥੇ ਕੀ ਕਰ ਰਿਹਾ ਹੈਂ? ਬਾਬਾ ਕਮਾਲੂ ਦਾਸ ਨੇ ਆਪਣੀ ਗ਼ਲਤੀ ਲਈ ਮਾਫ਼ੀ ਮੰਗੀ ਤੇ ਕਿਹਾ ਕਿ ਉਹ ਉਨ੍ਹਾਂ ਦੇ ਚਰਨਾਂ 'ਚ ਬੈਠ ਕੇ ਹੀ ਪਛਤਾਪ ਕਰਦਾ ਰਹੇਗਾ। ਬਾਬਾ ਕਾਲੂ ਨਾਥ ਨੇ ਬਾਬਾ ਕਮਾਲੂ ਦਾਸ ਮਾਫ਼ ਕਰ ਦਿੱਤਾ ਕਿਹਾ ਕਿ ਤੇ ਦੁਰਗਾ ਮਾਤਾ ਉਸ ਦੀ ਭਗਤੀ ਤੋਂ ਖ਼ੁਸ਼ ਹੋ ਕੇ ਕੋਹੜਨ ਦੇ ਰੂਪ 'ਚ ਮਾਈਸਰਖ਼ਾਨੇ ਵਿਖੇ ਬਿਰਾਜਮਾਨ ਹੋ ਚੁੱਕੀ ਹੈ। ਉਨ੍ਹਾਂ ਨੇ ਬਾਬਾ ਕਮਾਲੂ ਦਾਸ ਨੂੰ ਆਖਿਆ ਕਿ ਉਹ ਮਾਈਸਰਖ਼ਾਨੇ ਜਾ ਕੇ ਮਾਤਾ ਦੁਰਗਾ ਭਗਵਤੀ ਦਾ ਆਸ਼ੀਰਵਾਦ ਪ੍ਰਾਪਤ ਕਰੇ। ਭੁੱਖਾ-ਭਾਣਾ ਬਾਬਾ ਕਮਾਲੂ ਦਾਸ ਨ੍ਹੇਰੀਆਂ ਝੱਲਦਾ ਹੋਇਆ ਮਾਈਸਰਖ਼ਾਨੇ ਪਹੁੰਚ ਗਿਆ ਤੇ ਇਕ ਬਜ਼ੁਰਗ ਔਰਤ, ਜੋ ਕੋਹੜਨ ਦੇ ਰੂਪ 'ਚ ਬੈਲਗੱਡੀ 'ਤੇ ਬੈਠੀ ਸੀ, ਦੇ ਪੈਰਾਂ 'ਚ ਡਿੱਗ ਕੇ ਨਤਮਸਤਕ ਹੋ ਗਿਆ। ਜਿੱਥੇ ਮਾਤਾ ਜੀ ਬਿਰਾਜਮਾਨ ਹੋਏ ਸਨ, ਉਥੇ ਇਕ ਬੇਰੀ ਦਾ ਦਰੱਖ਼ਤ ਸੀ, ਜੋ ਅੱਜ ਵੀ ਅਡੋਲ ਖੜ੍ਹਾ ਹੈ ਤੇ ਫਲ ਦੇ ਰਿਹਾ ਹੈ। ਮਾਤਾ ਜੀ ਉਸ ਵੇਲੇ ਦੇ ਸ਼ਮਸ਼ਾਨ ਘਾਟ ਵਿਚ ਬਿਰਾਜਮਾਨ ਹੋਏ ਸਨ। ਉਸ ਬਜ਼ੁਰਗ ਔਰਤ ਨੇ ਬਾਬਾ ਕਮਾਲੂ ਦਾਸ ਨੂੰ ਦੂਰ ਜਾਣ ਲਈ ਕਿਹਾ ਤਾਂ ਕਿ ਉਹ ਕੋਹੜ ਦਾ ਸ਼ਿਕਾਰ ਨਾ ਹੋ ਜਾਵੇ ਪਰ ਬਾਬਾ ਕਮਾਲੂ ਦਾਸ ਵਾਰ-ਵਾਰ ਬਜ਼ੁਰਗ ਔਰਤ ਨੂੰ ਆਸ਼ੀਰਵਾਦ ਦੇਣ ਲਈ ਬੇਨਤੀ ਕਰਦਾ ਰਿਹਾ।

ਬਾਬਾ ਕਮਾਲੂ ਦਾਸ ਦੀ ਭਗਤੀ ਤੋਂ ਖ਼ੁਸ਼ ਹੋ ਕੇ ਮਾਤਾ ਦੁਰਗਾ ਆਪਣੇ ਅਸਲੀ ਰੂਪ ਵਿਚ ਬਿਰਾਜਮਾਨ ਹੋਈ ਤੇ ਕਮਾਲੂ ਦਾਸ ਨੂੰ ਉਸ ਦੀ ਇੱਛਾ ਪੁੱਛੀ। ਕਮਾਲੂ ਦਾਸ ਨੇ ਬੇਨਤੀ ਕੀਤੀ ਕਿ ਮਾਤਾ ਜੀ ਇਕ ਵਾਰ ਮਾਈਸਰਖ਼ਾਨੇ ਵਿਚ ਬਿਰਾਜਮਾਨ ਹੋਣ। ਇਸ 'ਤੇ ਮਾਤਾ ਭਗਵਤੀ ਦੁਰਗਾ ਨੇ ਬਾਬਾ ਕਮਾਲੂ ਦਾਸ ਨੂੰ ਵਰ ਦਿੱਤਾ ਕਿ ਉਹ ਹਰ ਸਾਲ ਅੱਸੂ ਤੇ ਚੇਤ ਦੇ ਨਰਾਤਿਆਂ ਦੇ ਛੇਵੇਂ ਦਿਨ ਮਾਈਸਰਖ਼ਾਨੇ ਵਿਖੇ ਬਿਰਾਜਮਾਨ ਹੋ ਕੇ ਭਗਤਾਂ ਨੂੰ ਦਰਸ਼ਨ ਦਿਆ ਕਰੇਗੀ। ਬਾਬਾ ਕਮਾਲੂ ਦਾਸ ਜੀ ਦੀ ਸਮਾਧ ਬੇਰੀ ਦੇ ਦਰੱਖ਼ਤ ਨੇੜੇ ਸਥਿਤ ਹੈ। ਲਗਪਗ 500 ਸਾਲਾਂ ਤੋਂ ਲੱਖਾਂ ਸ਼ਰਧਾਲੂ ਨਰਾਤਿਆਂ ਦੇ ਦਿਨਾਂ 'ਚ ਇਥੇ ਮੇਲੇ ਮੌਕੇ ਜੁੜਦੇ ਹਨ ਤੇ ਸੁੱਖਾਂ ਸੁੱਖਦੇ ਹਨ। ਮੰਦਰ ਦੇ ਬਿਲਕੁਲ ਸਾਹਮਣੇ ਮਿੱਟੀ ਦੇ ਟਿੱਲੇ ਵਿੱਚੋਂ ਸੱਤ ਮੁੱਠੀਆਂ ਮਿੱਟੀ ਚੁੱਕ ਕੇ ਟਿੱਲੇ ਦੇ ਉਤੇ ਉਹ ਸ਼ਰਧਾਲੂ ਚੜ੍ਹਾਉਂਦੇ ਹਨ, ਜਿਨ੍ਹਾਂ ਦੀ ਸੁੱਖਣਾ ਪੂਰੀ ਹੋ ਜਾਂਦੀ ਹੈ। ਮੰਦਰ ਵਿਚ ਪਵਿੱਤਰ ਜਵਾਲਾ ਜੀ ਦੀ ਜੋਤ ਕਈ ਦਹਾਕਿਆਂ ਤੋਂ ਅਖੰਡ ਚੱਲ ਰਹੀ ਹੈ। ਇਥੇ ਇਹ ਮਾਨਤਾ ਹੈ ਕਿ ਨਰਾਤਿਆਂ ਦੇ ਛੇਵੇਂ ਦਿਨ ਜਵਾਲਾ ਜੀ ਮਾਤਾ ਕਾਂਗੜੇ ਤੋਂ ਚੱਲ ਕੇ ਮਾਈਸਰਖ਼ਾਨੇ ਵਿਖੇ ਇਸੇ ਅਖੰਡ ਜੋਤ 'ਚ ਪ੍ਰਵੇਸ਼ ਕਰਦੇ ਹਨ।

ਮਾਈਸਰਖ਼ਾਨਾ ਵਿਖੇ ਪੰਜਾਬ ਦਾ ਇਕ ਪੁਰਾਣਾ ਸੰਸਕ੍ਰਿਤੀ ਵਿੱਦਿਆਲਿਆ ਵੀ ਸਥਾਪਤ ਹੈ ਜੋ ਪਿਛਲੇ 80 ਸਾਲ ਤੋਂ ਚੱਲ ਰਿਹਾ ਹੈ। ਇਸ ਸਕੂਲ ਵਿਚ ਪੰਜਾਬ, ਹਰਿਆਣਾ ਤੇ ਰਾਜਸਥਾਨ ਤੋਂ ਵਿਦਿਆਰਥੀ ਆਉਂਦੇ ਹਨ ਅਤੇ ਇਥੇ ਜੋਤਿਸ਼ ਤੇ ਹੋਰ ਕਈ ਤਰ੍ਹਾਂ ਦੀ ਅਧਿਆਤਮਕ ਵਿੱਦਿਆ ਮੁਫ਼ਤ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਦੇ ਠਹਿਰਨ ਲਈ ਹੋਸਟਲ ਦਾ ਪ੍ਰਬੰਧ ਵੀ ਮੁਫ਼ਤ ਹੈ ਅਤੇ ਵਿਦਿਆਰਥੀਆਂ ਨੂੰ ਹਰ ਸਾਲ ਦੇਸ਼ ਦੇ ਪ੍ਰਮੁੱਖ ਹਿੰਦੂ ਧਰਮ ਅਸਥਾਨਾਂ ਵਿਖੇ ਵੀ ਲੈ ਕੇ ਜਾਇਆ ਜਾਂਦਾ ਹੈ।

ਹਿੰਦ-ਸਿੱਖ ਸ਼ਰਧਾਲੂ ਹਰ ਰੋਜ਼ ਇਸ ਮੰਦਰ 'ਚ ਆਉਂਦੇ ਹਨ ਪਰ ਨਰਾਤਿਆਂ ਦੇ ਦਿਨਾਂ 'ਚ ਸ਼ਰਧਾਲੂਆਂ ਦੀ ਗਿਣਤੀ ਲੱਖਾਂ 'ਚ ਪਹੁੰਚ ਜਾਂਦੀ ਹੈ। ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਸ਼ਰਧਾਲੂਆਂ ਲਈ ਸਹੂਲਤਾਂ ਦੇ ਜੋ ਪ੍ਰਬੰਧ ਅੱਜ ਤਕ ਕੀਤੇ ਗਏ ਹਨ ਉਹ ਨਾਮਾਤਰ ਹਨ। ਪੰਜਾਬ ਸਰਕਾਰ ਨੇ ਜਾਂ ਕਿਸੇ ਵੀ ਹੋਰ ਅਦਾਰੇ ਵੱਲੋਂ ਇਸ ਅਸਥਾਨ ਦੇ ਸੁੰਦਰੀਕਰਨ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕੀਤਾ ਗਿਆ। ਮਾਈਸਰਖ਼ਾਨਾ ਪੰਜਾਬ ਦੀਆਂ ਉਨ੍ਹਾਂ ਥਾਵਾਂ 'ਚੋਂ ਇਕ ਹੈ, ਜਿਥੇ ਲੱਖਾਂ ਸ਼ਰਧਾਲੂਆਂ ਦੀ ਆਮਦ ਦੇ ਬਾਵਜੂਦ ਸਿਆਸੀ ਪਾਰਟੀਆਂ ਆਪਣੇ ਜਲਸੇ ਨਹੀਂ ਕਰਦੀਆਂ। ਇਹੀ ਕਾਰਨ ਹੈ ਕਿ ਇਸ ਪਵਿੱਤਰ ਸਥਾਨ 'ਤੇ ਨਰਾਤਿਆਂ ਦੇ ਦਿਨਾਂ 'ਚ ਚੌਂਕੀ ਭਰਨ ਆਏ ਸ਼ਰਧਾਲੂ ਸਿਆਸੀ ਸਫ਼ਾਂ 'ਚ ਨਹੀਂ ਵੰਡੇ ਜਾਂਦੇ।

## ਕਵੀਸ਼ਰਾਂ ਦਾ ਮੇਲਾ

ਮਾਈਸਰਖ਼ਾਨਾ ਦੇ ਮੇਲੇ 'ਤੇ ਕਵੀਸ਼ਰੀ ਅਖਾੜੇ ਪੁਰਾਤਨ ਸਮਿਆਂ ਤੋਂ ਲਗਦੇ ਰਹੇ ਹਨ, ਇਸੇ ਲਈ ਮਾਈਸਰਖ਼ਾਨੇ ਦੇ ਮੇਲੇ ਨੂੰ 'ਕਵੀਸ਼ਰਾਂ ਦਾ ਮੇਲਾ' ਵੀ ਕਿਹਾ ਜਾਂਦਾ ਸੀ। ਕਵੀਸ਼ਰੀ ਮੁਕਾਬਲੇ ਕਰਵਾਏ ਜਾਂਦੇ ਸਨ ਤੇ ਕਵੀਸ਼ਰਾਂ ਨੂੰ ਕਵੀਸ਼ਰੀ ਦੰਗਲ ਵਿਚ 'ਮਹਾਂਕਵੀਸ਼ਰ', 'ਸ਼੍ਰੋਮਣੀ ਕਵੀਸ਼ਰ', 'ਮਾਲਵਾ ਰਤਨ', 'ਭਾਰਤ ਰਤਨ' ਵਰਗੇ ਸਨਮਾਨ ਦਿੱਤੇ ਜਾਂਦੇ ਸਨ। ਮਾਈਸਰਖ਼ਾਨੇ ਦੀ ਪਵਿੱਤਰ ਧਰਤੀ 'ਕਵੀਸ਼ਰਾਂ ਦਾ ਮਹਾਕੁੰਭ' ਹੋਣ ਦਾ ਵੀ ਮਾਣ ਰੱਖਦੀ ਹੈ। ਮਾਂ ਭਗਵਤੀ ਦੁਰਗਾ ਦੇ ਲਾਡਲੇ ਸਪੂਤ ਅਖਵਾਉਣ ਵਾਲੇ ਇਹ ਕਵੀਸ਼ਰ ਹੌਲੀ-ਹੌਲੀ ਇਸ ਮੇਲੇ 'ਚੋਂ ਅਲੋਪ ਹੋਣ ਲੱਗੇ ਤੇ ਕਵੀਸ਼ਰੀ ਅਖਾੜੇ ਬੇਰੌਣਕ ਹੋ ਗਏ ਪਰ ਪਿਛਲੇ ਕੁਝ ਸਮੇਂ ਤੋਂ ਕੁਝ ਜਥੇਬੰਦੀਆਂ ਦੇ ਯਤਨਾਂ ਨਾਲ ਇਨ੍ਹਾਂ ਕਵੀਸ਼ਰੀ ਅਖਾੜਿਆਂ ਦੀ ਮੁੜ ਸੁਰਜੀਤੀ ਦੀ ਆਸ ਬੱਝੀ ਹੈ। ਮਾਈਸਰਖ਼ਾਨਾ ਬਠਿੰਡਾ ਸ਼ਹਿਰ, ਮੌੜ ਅਤੇ ਮਾਨਸਾ ਸ਼ਹਿਰ ਨਾਲ ਵੀ ਰੇਲ ਮਾਰਗ ਰਾਹੀਂ ਜੁੜਿਆ ਹੋਇਆ ਹੈ। ਇਸ ਪਵਿੱਤਰ ਸਥਾਨ 'ਤੇ ਦੋ ਹੋਰ ਮੰਦਰ, ਜੋ ਹੁਣ ਪ੍ਰਾਚੀਨ ਹੋ ਚੁੱਕੇ ਹਨ ਨੂੰ ਮਾਲਵਾ ਪ੍ਰਾਂਤੀਯ ਬ੍ਰਾਹਮਣ ਸਭਾ ਤੇ ਸਵਰਨਕਾਰ ਸਭਾ ਵੱਲੋਂ ਬਣਵਾਏ ਗਏ ਹਨ। ਇਨ੍ਹਾਂ ਮੰਦਰਾਂ 'ਚ ਵੀ ਲੱਖਾਂ ਸ਼ਰਧਾਲੂ ਨਰਾਤਿਆਂ ਦੇ ਦਿਨਾਂ 'ਚ ਨਤਮਸਤਕ ਹੁੰਦੇ ਹਨ। •

98762-15150

ਕ੍ਰਿਸ਼ਨ ਕੁਮਾਰ ਰੱਤੂ

# ਸ਼ੰਕਰਾਚਾਰੀਆ ਨੂੰ ਯਾਦ ਕਰਦਿਆਂ

ਦੇਸ਼ ਦੀ ਚਰਚਿਤ ਧਾਰਮਿਕ ਸ਼ਖ਼ਸੀਅਤ ਜਯੇਂਦਰ ਸਰਸਵਤੀ ਕਾਂਚੀ ਪੀਠ ਦੇ ਸ਼ੰਕਰਾਚਾਰੀਆ ਹੁਣ ਨਹੀਂ ਰਹੇ। ਉਹ ਅਜਿਹੀ ਸ਼ਖ਼ਸੀਅਤ ਸਨ ਜੋ ਹਮੇਸ਼ਾ ਚਰਚਾ 'ਚ ਰਹੇ। 83 ਵਰ੍ਹਿਆਂ ਦੇ ਜਯੇਂਦਰ ਸਰਸਵਤੀ ਦੇਸ਼ ਦੀ ਉਸ ਧਾਰਮਿਕ ਸੀਟ ਦੀ ਨੁਮਾਇੰਦਗੀ ਕਰਦੇ ਸਨ ਜਿਸ ਦੀਆਂ ਭਾਰਤੀ ਸੰਸਕ੍ਰਿਤੀ 'ਚ ਗਹਿਰੀਆਂ ਜੜ੍ਹਾਂ ਹਨ। 1994 'ਚ ਉਹ ਕਾਂਚੀ ਮੱਠ ਦੇ ਮੁਖੀ ਬਣੇ।

18 ਜੁਲਾਈ 1935 ਨੂੰ ਪੈਦਾ ਹੋਏ ਜਯੇਂਦਰ ਸਰਸਵਤੀ ਕਾਂਚੀ ਮੱਠ ਦੇ 69ਵੇਂ ਮੁਖੀ ਸਨ। ਉਹ 1954 'ਚ ਕਾਂਚੀ ਸ਼ੰਕਰਾਚਾਰੀਆ ਬਣੇ ਪਰ ਮੁਖੀ ਬਾਅਦ 'ਚ ਬਣੇ। ਉਨ੍ਹਾਂ ਨੂੰ ਇਸ ਲਈ ਵੀ ਯਾਦ ਕੀਤਾ ਜਾਵੇਗਾ ਕਿਉਂਕਿ ਉਹ ਪਹਿਲੇ ਅਜਿਹੇ ਮੁਖੀ ਸਨ ਜਿਨ੍ਹਾਂ ਨੇ ਬਹੁਤ ਸਾਰੇ ਸੁਧਾਰਵਾਦੀ ਤੇ ਪ੍ਰਮੁੱਖ ਕਾਰਜ ਕੀਤੇ। ਇਨ੍ਹਾਂ 'ਚ ਲੋਕ ਭਲਾਈ, ਸਕੂਲ, ਕਾਲਜ ਤੇ ਧਾਰਮਿਕ ਸੰਸਕ੍ਰਿਤੀ ਦੇ ਕੰਮ ਤੇ ਹੋਰ ਕਈ ਅਦਾਰੇ ਖੋਲ੍ਹਣਾ ਮੁੱਖ ਸੀ। 22 ਮਾਰਚ 1954 ਨੂੰ ਉਨ੍ਹਾਂ ਨੂੰ ਚੰਦਰ ਸ਼ੇਖਰੇਂਦਰ ਸਰਸਵਤੀ ਮਹਾ ਸਵਾਮਿਗਲ ਤੋਂ ਇਹ ਗੱਦੀ ਪ੍ਰਾਪਤ ਹੋਈ ਸੀ।

ਭਾਰਤੀ ਧਾਰਮਿਕ ਸੱਤਾ 'ਚ ਉਨ੍ਹਾਂ ਨੂੰ ਕੱਟੜ ਹਿੰਦੂਵਾਦ ਦਾ ਸਮਰਥਕ ਤੇ ਪ੍ਰਚਾਰਕ ਕਿਹਾ ਜਾਂਦਾ ਸੀ। ਇਸ ਲਈ ਉਨ੍ਹਾਂ ਦੀ ਆਲੋਚਨਾ ਵੀ ਹੋਈ। ਉਨ੍ਹਾਂ ਨੂੰ ਦੇਸ਼ 'ਚ ਭਗਵਾਂ ਕ੍ਰਾਂਤੀ ਦੇ ਸਿਰਜਕ ਵੀ ਕਿਹਾ ਜਾਂਦਾ ਹੈ। ਹਾਲਾਂਕਿ ਦੇਸ਼ 'ਚ ਅਜਿਹਾ ਕੁਝ ਵੀ ਸਾਹਮਣੇ ਨਹੀਂ ਆਉਂਦਾ। ਜਦੋਂ ਧਾਰਮਿਕ ਕੱਟੜਤਾ ਦੀ ਗੱਲ ਚਲਦੀ ਹੈ ਤਾਂ ਕਾਂਚੀ ਮੱਠ ਦੇ ਸਖ਼ਤ ਰਵੱਈਏ ਦੀ ਗੱਲ ਨਾਲ ਤੁਰਦੀ ਹੈ, ਜੋ ਭਾਰਤੀ ਬਹੁਗਿਣਤੀ ਦਾ ਵੱਡਾ ਧਾਰਮਿਕ ਅਦਾਰਾ ਹੈ, ਜਿਸ ਦੇ ਮੁਖੀ ਸਮਾਜ ਵਿਚ ਸੁਧਾਰ ਦੀ ਅਗਵਾਈ ਕਰਦੇ ਸਨ। ਉਹ ਪਹਿਲੇ ਅਜਿਹੇ ਸ਼ੰਕਰਾਚਾਰੀਆ ਸਨ, ਜਿਨ੍ਹਾਂ ਨੇ ਗ਼ੈਰ ਬ੍ਰਾਹਮਣਾਂ ਨੂੰ ਮੱਠ ਨਾਲ ਜੋੜ ਕੇ ਸਦਭਾਵਨਾ ਤੇ ਸਮਾਜਿਕ ਸਮਰਸਤਾ ਦਾ ਰਾਹ ਵਿਖਾਇਆ। ਯੂਪੀਏ ਦੀ ਸਰਕਾਰ ਨੇ ਉਨ੍ਹਾਂ ਨੂੰ ਜੇਲ੍ਹ ਵਿਚ ਵੀ ਰੱਖਿਆ ਪਰ ਸ਼ੰਕਰਾਚਾਰੀਆ ਅਡੋਲ ਰਹੇ ਤੇ ਧਰਮ ਦੇ ਹਿੰਦੂ ਏਜੰਡੇ 'ਤੇ ਡਟੇ ਰਹੇ। ਭਾਰਤੀ ਧਾਰਮਿਕ ਪ੍ਰੰਪਰਾਵਾਂ ਦੇ ਧਨੀ ਸ਼ੰਕਰਾਚਾਰੀਆ ਨੇ ਦੇਸ਼ ਦੇ ਚਾਰਾਂ ਕੋਨਿਆਂ 'ਚ ਸ਼ੰਕਰਾਚਾਰੀਆ ਮੱਠ ਸਥਾਪਿਤ ਕੀਤੇ। ਬਦਰੀਨਾਥ ਤੇ ਸ੍ਰੀਨਗਰ-ਕਸ਼ਮੀਰ ਦੇ ਮੱਠ ਹਮੇਸ਼ਾ ਚਰਚਾ 'ਚ ਰਹੇ। ਸਰਸਵਤੀ ਜਯੇਂਦਰ ਇਨ੍ਹਾਂ ਸੁਧਾਰਾਂ ਲਈ ਹਮੇਸ਼ਾ ਯਾਦ ਕੀਤੇ ਜਾਣਗੇ ਕਿ ਉਨ੍ਹਾਂ ਦੱਖਣੀ ਸੂਬਿਆਂ ਤੋਂ ਇਲਾਵਾ ਦੇਸ਼ ਦੇ ਉੱਤਰੀ ਹਿੰਦੀ ਸੂਬਿਆਂ 'ਚ ਵੀ ਜਨ-ਜਾਗ੍ਰਿਤੀ ਫ਼ੈਲਾਈ।

ਆਇਰ ਕੱਟੜਵਾਦੀ ਹਿੰਦੂ ਬ੍ਰਾਹਮਣ ਪਰਿਵਾਰ 'ਚ ਜਨਮੇ ਜਯੇਂਦਰ ਬਚਪਨ 'ਚ ਇਕਾਂਤਵਾਦੀ ਸਨ। ਧਾਰਮਿਕ ਬਿਰਤੀ ਹੀ ਉਨ੍ਹਾਂ ਨੂੰ ਕਾਂਚੀ ਮੱਠ ਤਕ ਲੈ ਕੇ ਆਈ। ਪੁਲਿਸ ਤੇ ਸਿਸਟਮ ਬਾਰੇ ਆਪਣੇ ਜੇਲ੍ਹ ਅਨੁਭਵ ਬਾਰੇ ਉਨ੍ਹਾਂ ਨੇ ਸਖ਼ਤ ਸ਼ਬਦਾਂ 'ਚ ਕਿਹਾ ਸੀ, 'ਪੁਲਿਸ ਤੇ ਉਦਯੋਗਪਤੀਆਂ ਲਈ ਮੈਂ ਇਕ ਪੌੜੀ ਹਾਂ। ਹੁਣ ਇਹ ਪੌੜੀ ਟੁੱਟ ਗਈ ਹੈ। ਮੈਂ ਚਾਹਾਂਗਾ ਕਿ ਦੇਸ਼ ਦੇ ਬ੍ਰਾਹਮਣ ਇਕੱਠੇ ਹੋਣ ਤੇ ਦਲਿਤਾਂ ਨੂੰ ਨਾਲ ਲੈ ਕੇ ਚੱਲਣ। ਇਹ ਨਵੀਂ ਸ਼ੁਰੂਆਤ ਹੋਵੇਗੀ।'

ਇਹ ਦੇਸ਼ ਬਹੁਗਿਣਤੀਆਂ ਦੀ ਮਲਕੀਅਤ ਹੈ ਪਰ ਇਥੇ ਰਹਿਣ ਦਾ ਹੱਕ ਸਭ ਨੂੰ ਹੈ। ਇਹ ਦੇਸ਼ ਸਭ ਦਾ ਹੈ। ਦੇਸ਼ ਦੀ ਖ਼ੂਬਸੂਰਤੀ ਇਹੀ ਹੈ ਕਿ ਇਥੇ ਸਭ ਧਰਮਾਂ ਦੇ ਲੋਕ ਰਹਿੰਦੇ ਹਨ। ਕਾਂਚੀ ਮੱਠ ਧਾਰਮਿਕ ਆਜ਼ਾਦੀ ਦਾ ਪ੍ਰਤੀਕ ਹੈ। ਜਯੇਂਦਰ ਤਾਂ ਚਲੇ ਗਏ ਪਰ ਪਿੱਛੇ ਛੱਡ ਗਏ ਹਨ ਕਾਂਚੀ ਮੱਠ ਦੀ ਵੱਡੀ ਧਰੋਹਰ, ਜੋ ਦੇਸ਼ ਦੀ ਸੰਸਕ੍ਰਿਤੀ ਲਈ ਬੇਹੱਦ ਜ਼ਰੂਰੀ ਹੈ। ਉਨ੍ਹਾਂ ਬਾਰੇ ਇਕ ਹੋਰ ਦਿਲਚਸਪ ਗੱਲ ਹੈ। ਉਨ੍ਹਾਂ ਕਿਹਾ, 'ਮੱਕਾਰ ਨੇਤਾ ਤੇ ਅਫਸਰਸ਼ਾਹੀ ਦੇਸ਼ ਲਈ ਸਿਓਂਕ ਹਨ। ਜਿਸ ਦਿਨ ਇਹ ਇਮਾਨਦਾਰ ਹੋ ਜਾਣਗੇ, ਦੇਸ਼ ਸਵਰਗ ਹੋ ਜਾਵੇਗਾ।' ਕਾਂਚੀ ਮੱਠ ਅਜਿਹਾ ਉਦਾਹਰਨ ਹੈ ਜੋ ਭਾਰਤ ਨੂੰ ਹਿੰਦੂ ਰੀਤੀ-ਰਿਵਾਜਾਂ 'ਚ ਜਿਊਂਦਾ ਰੱਖੇਗਾ। ਸ਼ੰਕਰਾਚਾਰੀਆ ਦੇ ਮੱਠ ਦੇਸ਼ ਵਿਚ ਸਾਂਝੀਵਾਲਤਾ ਦੇ ਪ੍ਰਤੀਕ ਹਨ ਤੇ ਜਯੇਂਦਰ ਉਨ੍ਹਾਂ ਦੇ ਮੁਖੀ ਦੇ ਤੌਰ 'ਤੇ ਇਕ ਸੁਧਾਰਵਾਦੀ ਧਾਰਮਿਕ ਗੁਰੂ ਦੇ ਨਾਤੇ ਸਦਾ ਜ਼ਿੰਦਾ ਰਹਿਣਗੇ। •



# ਸ਼ਾਸਤਰੀ ਸੰਗੀਤ ਗਾਇਕਾ ਰੌਣਕਿਨੀ ਗੁਪਤਾ ਦੀ ਦਿਲਕਸ਼ ਗਾਇਕੀ ਨੇ ਖ਼ੂਬਸੂਰਤ ਬਣਾਈ ਸ਼ਾਸਤਰੀ ਸੰਗੀਤ ਦੀ ਸ਼ਾਮ

**➢ ਅਨੁਪਮਾ ਭਾਗਵਤ, ਦੇਬਸਮਿੱਤਾ ਭੱਟਾਚਾਰੀਆ, ਅਭਿਸ਼ੇਕ ਅਵਧਾਨੀ ਤੇ ਅਭਿਸ਼ੇਕ ਮਿਸ਼ਰਾ ਦੀ ਚੌਗਲਬੰਦੀ ਨੇ ਸਰੋਤੇ ਮੰਤਰ ਮੁਗਧ ਕੀਤੇ ➢ ਸਦੀਆਂ ਪੁਰਾਣੀ ਭਾਰਤੀ ਸੰਗੀਤ ਦੀ ਪ੍ਰੰਪਰਾ ਨਾਲ ਨੌਜਵਾਨਾਂ ਨੂੰ ਜੋੜਨ ਦਾ ਚੰਗਾ ਉਪਰਾਲਾ-ਕੋਹਲੀ, ਬਰਸਟ, ਗੋਗੀਆ**

ਪਟਿਆਲਾ, 24 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-





ਪਟਿਆਲਾ ਵਿਰਾਸਤੀ ਮੇਲਾ-2026 ਤਹਿਤ ਅੱਜ ਇਥੇ ਵਿਰਾਸਤੀ ਕਿਲਾ ਮੁਬਾਰਕ ਦੇ ਦਰਬਾਰ ਹਾਲ ਦੇ ਖੁੱਲ੍ਹੇ ਵਿਹੜੇ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੀ ਸ਼ਾਮ ਮੌਕੇ ਸ਼ਾਸ਼ਤਰੀ ਗਾਇਕਾ ਰੌਣਕਿਨੀ ਗੁਪਤਾ ਨੇ ਸ਼ਾਸ਼ਤਰੀ ਗਾਇਨ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਜਦੋਂਕਿ ਚੌਗੁਲਬੰਦੀ ਦੀ ਵਿਲੱਖਣ ਪੇਸ਼ਕਾਰੀ ਨੇ ਇਸ ਸ਼ਾਸ਼ਤਰੀ ਸੰਗੀਤ ਦੀ ਸ਼ਾਮ ਨੂੰ ਸਿਖ਼ਰਾਂ 'ਤੇ ਪਹੁੰਚਾ ਦਿੱਤਾ।

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਇਸ ਸਮਾਰੋਹ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਤੇ ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਤੇਜਿੰਦਰ ਮਹਿਤਾ ਵੀ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਵਿਰਾਸਤੀ ਕਿਲਾ ਮੁਬਾਰਕ ਵਿਖੇ ਸਦੀਆਂ ਤੋਂ ਜਲਦੀ ਆ ਰਹੀ ਜੋਤ ਤੋਂ ਮਸ਼ਾਲ ਰਾਹੀਂ ਲਿਆਂਦੀ ਗਈ ਜੋਤ ਨਾਲ ਅੱਗੇ ਸ਼ਮਾ ਰੋਸ਼ਨ ਕਰਕੇ ਇਸ ਉਤਸਵ ਦਾ ਆਗਾਜ਼ ਕੀਤਾ। ਇਸ ਮੌਕੇ ਪ੍ਰਸਿੱਧ ਭਾਰਤੀ ਸ਼ਾਸਤਰੀ ਗਾਇਕਾ ਰੌਣਕਿਨੀ ਗੁਪਤਾ ਨੇ ਰਾਗ ਕੇਦਾਰ, ਵਿਲੰਬਿਤ ਖਿਆਲ, 'ਅਬ ਮਾਨੋ ਮੋਰੀ ਬਾਤ, ਮੱਧ ਲੈ ਰੂਪਕ ਤਾਲ ਵਿੱਚ, 'ਕੰਗਨਵਾ ਬਾਜੇ ਮੋਰਾ', ਅਤੇ ਆੜਾ ਚੌਤਾਲ ਵਿੱਚ ਇੱਕ ਹੋਰ ਤਰਾਨਾ, ਆਪਣੇ ਵੱਲੋਂ ਆਪਣੀਆਂ ਬਣਾਈਆਂ ਤਿੰਨੋਂ ਬੰਦਿਸ਼ਾਂ ਪੇਸ਼ ਕੀਤੀਆਂ। ਉਨ੍ਹਾਂ ਨੇ ਰਾਗ ਭੀਮਪਲਾਸੀ ਕਰਦਿਆਂ ਛੋਟਾ ਖਿਆਲ ਤੀਨ ਤਾਲ ਵਿੱਚ, 'ਦੇਖੋ ਬਿਜੁਰੀਆ' ਅਤੇ ਝਪਤਾਲ ਵਿੱਚ ਆਪਣੇ ਉਸਤਾਦ ਅਬਦੁਲ ਰਸ਼ੀਦ ਖ਼ਾਨ ਸਾਬ੍ਹ ਦੀ ਰਚਨਾ ਤਰਾਨਾ 'ਓ ਦੇ ਤਾਨਾ ਨਾ' ਦੀ ਮੰਤਰ ਮੁਗਧ ਕਰਨ ਵਾਲੀ ਪੇਸ਼ਕਾਰੀ ਕਰਦਿਆਂ ਦਰਸ਼ਕਾਂ ਨੂੰ ਝੂਮਣ 'ਤੇ ਮਜ਼ਬੂਰ ਕੀਤਾ। ਉਨ੍ਹਾਂ ਨਾਲ ਤਬਲੇ 'ਤੇ ਅਸ਼ੀਸ਼ ਰਾਗਵਾਨੀ ਅਤੇ ਹਰਮੋਨੀਅਮ 'ਤੇ ਤਨਮਯ ਮੇਸਤਰੀ ਨੇ ਸੰਗਤੀ ਕੀਤੀ। ਇਨ੍ਹਾਂ ਕਲਾਕਾਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਕਿ ਉਨ੍ਹਾਂ ਨੇ ਰਾਗਾਂ ਦੇ ਸ਼ਹਿਰ ਪਟਿਆਲਾ ਵਿਖੇ ਆਕੇ ਅੱਜ ਕੁਝ ਗਾਇਆ ਹੈ। ਇਸ ਸ਼ਾਸਤਰੀ ਸੰਗੀਤਮਈ ਦੂਸਰੀ ਪੇਸ਼ਕਾਰੀ ਸਮੇਂ ਸਿਤਾਰਵਾਦਕ ਅਨੁਪਮਾ ਭਾਗਵਤ ਅਤੇ ਸਰੋਦ ਵਾਦਕ ਦੇਬਸਮਿਤਾ ਭੱਟਾਚਾਰੀਆ ਸ਼ਾਸਤਰੀ ਸੰਗੀਤ ਦੇ ਇੱਕ ਦੁਰਲੱਭ ਸੁਰੀਲੇ ਸੰਯੋਗ ਵਿੱਚ ਸ਼ਾਮਲ ਹੋਏ, ਜਿਸ ਵਿੱਚ ਪੰਡਿਤ ਅਭਿਸ਼ੇਕ ਮਿਸ਼ਰਾ ਦੇ ਤਬਲਾ ਵਾਦਨ ਅਤੇ ਅਭਿਸ਼ੇਕ ਅਵਧਾਨੀ ਦੇ ਮ੍ਰਿਦੰਗਮ ਨੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਇਸ ਚੌਗਲਬੰਦੀ ਦੀ ਸ਼ੁਰੂਆਤ ਰਾਗ ਜੋਗ 'ਚ ਇੱਕ ਅਲਾਪ ਨਾਲ ਹੋਈ, ਜਿਸ ਤੋਂ ਬਾਅਦ ਤੀਨਤਾਲ 'ਤੇ ਸੈੱਟ ਕੀਤੀਆਂ ਗਈਆਂ ਰਚਨਾਵਾਂ, ਦੋ ਸੁਰੀਲੇ ਸਾਜ਼ਾਂ ਵਿਚਕਾਰ ਇੱਕ ਦਿਲਚਸਪ ਸੰਵਾਦ ਨੂੰ ਪ੍ਰਦਰਸ਼ਿਤ ਕੀਤਾ। ਜਦਕਿ ਤਬਲੇ ਅਤੇ ਮ੍ਰਿਦੰਗਮ ਦੀ ਮੌਜੂਦਗੀ ਨੇ ਇੱਕ ਵਿਲੱਖਣ ਤਾਲਬੱਧ ਪਹਿਲੂ ਜੋੜਿਆ, ਜਿਸ ਨਾਲ ਹਿੰਦੁਸਤਾਨੀ ਅਤੇ ਕਰਨਾਟਕ ਪਰਕਸ਼ਨ ਪ੍ਰੰਪਰਾ ਨੂੰ ਇੱਕ ਲੈਅਬੱਧ ਕਰਦਿਆਂ ਸਮੇਂ ਨੂੰ ਬੰਨ੍ਹ ਦਿੱਤਾ।ਮੰਚ ਸੰਚਾਲਨ ਉੱਤਰ ਖੇਤਰੀ ਸੱਭਿਆਚਾਰਕ ਕੇਂਦਰ ਦੇ ਸਹਾਇਕ ਡਾਇਰੈਕਟਰ ਰਵਿੰਦਰ ਸ਼ਰਮਾ ਨੇ ਕੀਤਾ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਤੇਜਿੰਦਰ ਮਹਿਤਾ ਨੇ ਸ਼ਿਰਕਤ ਕੀਤੀ ਤੇ ਕਿਹਾ ਕਿ ਭਾਰਤੀ ਸੰਗੀਤ ਪ੍ਰੰਪਰਾ ਸਦੀਆਂ ਪੁਰਾਣੀ ਹੈ ਪਰੰਤੂ ਸਾਡੀ ਅੱਜ ਦੀ ਪੀੜ੍ਹੀ ਇਸ ਤੋਂ ਦੂਰ ਹੋ ਰਹੀ ਹੈ ਪਰ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਪਟਿਆਲਾ ਹੈਰੀਟੇਜ ਫੈਸਟੀਵਲ ਕਰਵਾਉਣ ਦਾ ਇਹ ਚੰਗਾ ਉਪਰਾਲਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੇ ਯਤਨ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਸਹਾਈ ਹੋਣਗੇ।

# ਮਾਡਲ ਸਕੂਲ ਵਿਖੇ ਸਕਾਊਟਿੰਗ ਦੇ ਬਾਨੀ ਲਾਰਡ ਬੇਡਨ ਪਾਵਲ ਜੀ ਦਾ ਜਨਮ ਦਿਨ ਮਨਾਇਆ



ਪਟਿਆਲਾ, 24 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਸਕਾਊਟਿੰਗ ਦੇ ਬਾਨੀ Lord Baden-Powell ਜੀ ਦਾ ਜਨਮ ਦਿਨ ਬੜੇ ਉਤਸ਼ਾਹ ਅਤੇ ਸ਼ਾਨ ਨਾਲ ਮਨਾਇਆ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਮੈਡਮ ਰਵਿੰਦਰ ਕੋਰ ਸਿੱਧੂ ਅਤੇ ਵਿਸ਼ੇਸ਼ ਮਹਿਮਾਨ ਸਰਦਾਰ ਦਰਸ਼ਨ ਸਿੰਘ ਆਸਟ ਸਨ।

ਕਾਰਜਕ੍ਰਮ ਦੀ ਸ਼ੁਰੂਆਤ ਪ੍ਰਾਰਥਨਾ ਅਤੇ ਸਕਾਊਟ ਪ੍ਰਣ ਨਾਲ ਹੋਈ। ਸਕੂਲ ਦੇ ਸਕਾਊਟਸ ਅਤੇ ਗਾਈਡਸ ਨੇ ਡ੍ਰਿੱਲ ਅਤੇ ਸਲਾਮੀ ਦੇ ਕੇ ਲਾਰਡ ਬੇਡਨ ਪਾਵਲ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਵਿਦਿਆਰਥੀਆਂ ਨੇ ਉਨ੍ਹਾਂ ਦੀ ਜੀਵਨੀ ਅਤੇ ਸਮਾਜ ਸੇਵਾ ਲਈ ਕੀਤੇ ਯੋਗਦਾਨ ਬਾਰੇ ਪ੍ਰੇਰਣਾਦਾਇਕ ਵਿਚਾਰ ਪੇਸ਼ ਕੀਤੇ।

ਮੁੱਖ ਮਹਿਮਾਨ ਮੈਡਮ ਰਵਿੰਦਰ ਕੌਰ ਸਿੱਧੂ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਲਾਰਡ ਬੇਡਨ ਪਾਵਲ ਜੀ ਦੇ ਆਦਰਸ਼ ਅੱਜ ਵੀ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਨ, ਸੇਵਾ ਭਾਵਨਾ ਅਤੇ ਦੇਸ਼ ਪ੍ਰੇਮ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ। ਵਿਸ਼ੇਸ਼ ਮਹਿਮਾਨ ਸਰਦਾਰ ਦਰਸ਼ਨ ਸਿੰਘ ਆਸਟ ਨੇ ਵੀ ਸਕਾਊਟ ਅੰਦੋਲਨ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਕਾਰਜਕ੍ਰਮ ਵਿਦਿਆਰਥੀਆਂ ਵਿੱਚ ਨੇਤ੍ਰਿਤਵ ਗੁਣਾਂ ਦਾ ਵਿਕਾਸ ਕਰਦੇ ਹਨ। ਇਸ ਸਾਰੇ ਪ੍ਰੋਗਰਾਮ ਦੀ ਰਹਿਨੁਮਾਈ ਸਕੂਲ ਇੰਚਾਰਜ ਸਤਵੀਰ ਸਿੰਘ ਗਿੱਲ, ਗਾਈਡ ਕੈਪਟਨ ਮੈਡਮ ਕਿਰਪਾਲ ਕੌਰ ਸਿੱਧੂ ਅਤੇ ਸਕਾਊਟ ਮਾਸਟਰ ਮੈਡਮ ਗੁਰਪ੍ਰੀਤ ਕੌਰ ਮਲੀ ਜੀ ਨੇ ਕੀਤੀ

ਅੰਤ ਵਿੱਚ ਸਭ ਨੇ ਮਿਲ ਕੇ ਸਕਾਊਟ ਗੀਤ ਗਾਇਆ ਅਤੇ ਦੇਸ਼ ਸੇਵਾ ਦਾ ਸੰਕਲਪ ਲਿਆ। ਇਹ ਸਮਾਰੋਹ ਵਿਦਿਆਰਥੀਆਂ ਲਈ ਬਹੁਤ ਹੀ ਪ੍ਰੇਰਨਾਦਾਇਕ ਅਤੇ ਯਾਦਗਾਰ ਸਾਬਤ ਹੋਇਆ।

# ਸ਼ੀਸ਼ ਮਹਲ ਵਿੱਚ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਮੌਕੇ ਵੱਡੀ ਭੀੜ ਨੂੰ ਵੇਖਦਿਆਂ ਤਿੰਨ ਪਾਰਕਿੰਗ ਸਥਾਨ ਨਿਰਧਾਰਤ

ਪਟਿਆਲਾ, 24 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼ੀਸ਼ ਮਹਲ ਵਿੱਚ 2 ਮਾਰਚ 2026 ਤੱਕ ਲੱਗ ਰਹੇ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਦੌਰਾਨ ਵੱਡੀ ਭੀੜ ਨੂੰ ਧਿਆਨ ਵਿੱਚ ਰੱਖਦਿਆਂ ਟ੍ਰੈਫ਼ਿਕ ਪੁਲਿਸ ਪਟਿਆਲਾ ਵੱਲੋਂ ਤਿੰਨ ਪਾਰਕਿੰਗ ਸਥਾਨ ਨਿਰਧਾਰਤ ਕੀਤੇ ਗਏ ਹਨ। ਇਨ੍ਹਾਂ ਵਿੱਚ ਪਾਰਕਿੰਗ 1: ਡਾਕਲਾ ਚੁੰਗੀ ਟੀ-ਪੁਆਇੰਟ, ਸ਼ੀਸ਼ ਮਹਲ ਦੇ ਪਿੱਛੇ, ਪਾਰਕਿੰਗ 2: ਸੰਜੇ ਕਾਲੋਨੀ ਰੋਡ, ਮਹਿੰਦਰਾ ਕਾਲਜ ਦੇ ਸਾਹਮਣੇ ਅਤੇ ਪਾਰਕਿੰਗ 3: ਸਰਕਾਰੀ ਮਹਿੰਦਰਾ ਕਾਲਜ ਪਾਰਕਿੰਗ ਖੇਤਰ ਸ਼ਾਮਲ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ, ਐਸ ਪੀ ਟ੍ਰੈਫ਼ਿਕ ਐਚ ਐਸ ਮਾਨ ਅਤੇ ਡੀਐਸਪੀ ਪੁਨੀਤ ਸਿੰਘ ਚਾਹਲ ਨੇ ਕਿਹਾ ਕਿ ਐਸਐਸਪੀ ਵਰੁਣ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਟ੍ਰੈਫ਼ਿਕ ਪੁਲਿਸ ਨੇ ਖ਼ਾਸਕਰ ਮੇਲੇ ਵਾਲੇ ਇਲਾਕੇ ਵਿੱਚ ਟ੍ਰੈਫ਼ਿਕ ਦੇ ਸੁਚਾਰੂ ਪ੍ਰਬੰਧ ਲਈ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਦੀ ਮਦਦ ਨਾਲ ਵਨ-ਵੇ, ਨੋ ਪਾਰਕਿੰਗ ਤੇ ਗਲਤ ਪਾਰਕਿੰਗ 'ਤੇ ਗੱਡੀ ਟੋਅ ਕਰਨ ਦੇ ਟ੍ਰੈਫ਼ਿਕ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

ਐਸ ਪੀ ਮਾਨ ਤੇ ਡੀਐਸਪੀ ਚਾਹਲ ਨੇ ਦੱਸਿਆ ਕਿ ਤਿਆਰ ਤਜਵੀਜ਼ ਅਨੁਸਾਰ, ਐਨਆਈਐਸ ਚੌਂਕ ਤੋਂ ਡਾਕਲਾ ਚੁੰਗੀ ਟੀ-ਪੁਆਇੰਟ ਤੋਂ ਵੱਡੀ ਨਦੀ ਬੰਨ੍ਹਾਂ ਰੋਡ ਤੱਕ ਵਨ-ਵੇ ਟ੍ਰੈਫ਼ਿਕ, ਨੋ ਪਾਰਕਿੰਗ ਤੇ ਗਲਤ ਪਾਰਕਿੰਗ ਕਰਨ 'ਤੇ ਗੱਡੀ ਟੋਅ ਕਰਨ ਵਾਲਾ ਰੂਟ ਰਹੇਗਾ। ਇਸੇ ਤਰ੍ਹਾਂ ਡਕਾਲਾ ਚੁੰਗੀ ਟੀ-ਪੁਆਇੰਟ ਤੋਂ ਡਕਾਲਾ ਰੋਡ ਚੌਂਕ (ਐਨਆਈਐਸ ਦੇ ਪਿੱਛੇ ਵੱਲ) ਤੱਕ ਵੀ ਇੱਕ ਤਰਫ਼ਾ ਰੂਟ ਦੀ ਵਿਵਸਥਾ ਕੀਤੀ ਗਈ ਹੈ।

ਐਸ ਪੀ ਮਾਨ ਨੇ ਦੱਸਿਆ ਕਿ ਐਨਆਈਐਸ ਚੌਂਕ ਅਪਰ ਮਾਲ ਰੋਡ ਜਾਂ ਲੋਅਰ ਮਾਲ ਰੋਡ ਤੋਂ ਆਉਣ ਵਾਲੇ ਵਾਹਨ ਚਾਲਕ ਇੱਕ-ਤਰਫ਼ਾ ਟ੍ਰੈਫ਼ਿਕ ਰੂਟ ਦਾ ਪਾਲਣ ਕਰਦੇ ਹੋਏ ਸ਼ੀਸ਼ ਮਹਲ ਦੇ ਮੁੱਖ ਦਰਵਾਜ਼ੇ ਤੱਕ ਪਹੁੰਚ ਸਕਣਗੇ। ਉਹ ਫਿਰ ਡਕਾਲਾ ਚੁੰਗੀ ਟੀ-ਪੁਆਇੰਟ ਤੋਂ ਸੱਜੇ ਮੁੜ ਕੇ ਪਾਰਕਿੰਗ 1 (ਸ਼ੀਸ਼ ਮਹਲ ਦੇ ਪਿੱਛੇ ਡਕਾਲਾ ਰੋਡ 'ਤੇ) ਵਿੱਚ ਜਾਂ ਖੱਬੇ ਮੁੜ ਕੇ ਸੰਜੇ ਕਾਲੋਨੀ ਰੋਡ 'ਤੇ ਪਾਰਕਿੰਗ 2 ਵਿੱਚ ਆਪਣੀਆਂ ਗੱਡੀਆਂ ਖੜ੍ਹੀਆਂ ਕਰ ਸਕਦੇ ਹਨ। ਇਸ ਤੋਂ ਇਲਾਵਾ ਦਰਸ਼ਕਾਂ ਲਈ ਸਰਕਾਰੀ ਮਹਿੰਦਰਾ ਕਾਲਜ ਦੀ ਪਾਰਕਿੰਗ ਵੀ ਉਪਲਬਧ ਹੋਵੇਗੀ

ਪੁਨੀਤ ਸਿੰਘ ਚਹਿਲ ਨੇ ਦੱਸਿਆ ਕਿ ਆਮ ਆਵਾਜਾਈ ਵਾਲੇ ਲੋਕਾਂ ਨੂੰ ਐਨਆਈਐਸ ਚੌਂਕ ਤੋਂ ਸ਼ੀਸ਼ ਮਹਿਲ ਤੋਂ ਡਕਾਲਾ ਚੁੰਗੀ ਤੋਂ ਵੱਡੀ ਨਦੀ ਬੰਨ੍ਹਾਂ ਰੋਡ ਅਤੇ ਸ਼ੀਸ਼ ਮਹਿਲ ਦੇ ਪਿੱਛੇ ਵਾਲੀ ਅੰਦਰੂਨੀ ਡਕਾਲਾ ਰੋਡ ਤੋਂ ਜਾਣ ਲਈ ਗੁਰੇਜ਼ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਘਲੋੜੀ ਗੇਟ ਵੱਲੋਂ ਆਉਣ ਵਾਲੇ ਆਮ ਲੋਕ ਵੱਡੀ ਨਦੀ ਬੰਨ੍ਹਾਂ ਬਾਹਰੀ ਰੋਡ ਰਾਹੀਂ ਹੀ ਡਕਾਲਾ ਰੋਡ ਜਾਂ ਸੂਲਰ ਰੋਡ ਵੱਲ ਜਾ ਸਕਦੇ ਹਨ।

# ਨਾਲਾਗੜ੍ਹ ਪੁਲਿਸ ਸਟੇਸ਼ਨ ਧਮਾਕਾ: ਬੀ.ਕੇ.ਆਈ. ਨਾਲ ਸਬੰਧਤ ਦੋ ਮੁੱਖ ਦੋਸ਼ੀ ਪਿਸਤੌਲ ਸਮੇਤ ਗ੍ਰਿਫ਼ਤਾਰ

**➢ਵਿਦੇਸ਼-ਅਧਾਰਤ ਮਾਸਟਰਮਾਈਂਡ ਗੋਪੀ ਨਵਾਸ਼ਹਿਰੀਆ ਅਤੇ ਜੱਸੀ ਕੁਲਾਮ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ ਗ੍ਰਿਫ਼ਤਾਰ ਕੀਤੇ ਦੋਸ਼ੀ : ਡੀ.ਜੀ.ਪੀ. ਗੌਰਵ ਯਾਦਵ**

ਚੰਡੀਗੜ੍ਹ, 24 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਤਹਿਤ ਕਾਊਂਟਰ ਇੰਟੈਲੀਜੈਂਸ (ਸੀਆਈ) ਜਲੰਧਰ ਨੇ ਸੀਆਈ ਐਸ.ਏ.ਐਸ. ਨਗਰ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਪੁਲਿਸ ਸਟੇਸ਼ਨ 'ਤੇ ਆਰ.ਡੀ.ਐਕਸ.-ਅਧਾਰਤ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ.ਈ.ਡੀ.) ਧਮਾਕੇ ਵਿੱਚ ਸ਼ਾਮਲ ਦੋ ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਸਾਂਝੀ ਕੀਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮਹਾਵੀਰ ਉਰਫ਼ ਕਾਕਾ ਅਤੇ ਮਨਪ੍ਰੀਤ ਉਰਫ਼ ਮਨੀ ਵਜੋਂ ਹੋਈ ਹੈ, ਦੋਵੇਂ ਐਸਬੀਐਸ ਨਗਰ ਦੇ ਰਹਿਣ ਵਾਲੇ ਹਨ। ਆਪ੍ਰੇਸ਼ਨ ਦੌਰਾਨ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ 9 ਐਮ.ਐਮ. ਗਲੌਕ ਪਿਸਤੌਲ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਜੁੜੇ ਵਿਦੇਸ਼ ਅਧਾਰਤ ਮਾਸਟਰਮਾਈਂਡ ਗੋਪੀ ਨਵਾਸ਼ਹਰੀਆ, ਜੱਸੀ ਕੁਲਾਮ ਅਤੇ ਸ਼ੁਸ਼ਾਂਤ ਚੋਪੜਾ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਆਪਣੇ ਸਾਥੀਆਂ ਨਾਲ ਮਿਲ ਕੇ ਆਰ.ਡੀ.ਐਕਸ.-ਅਧਾਰਤ ਆਈਈਡੀ ਅਤੇ ਹੈਂਡ ਗ੍ਰਨੇਡ ਵਾਲੀਆਂ ਖੇਪਾਂ ਪ੍ਰਾਪਤ ਕੀਤੀਆਂ ਸਨ। ਗ਼ੌਰਤਲਬ ਹੈ ਕਿ ਗ੍ਰਿਫ਼ਤਾਰ ਕੀਤੇ ਦੋਸ਼ੀਆਂ ਵੱਲੋਂ 1 ਜਨਵਰੀ, 2026 ਨੂੰ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਪੁਲਿਸ ਥਾਣੇ 'ਤੇ ਧਮਾਕੇ ਲਈ ਵਰਤਿਆ ਇੱਕ ਆਈਈਡੀ (ਆਰਡੀਐਕਸ) ਵੀ ਇਨ੍ਹਾਂ ਖੇਪਾਂ ਵਿੱਚੋਂ ਹੀ ਸੀ।

ਡੀਜੀਪੀ ਨੇ ਦੱਸਿਆ ਕਿ ਉਨ੍ਹਾਂ ਦੇ ਛੇ ਮੁਲਜ਼ਮਾਂ ਨੂੰ ਪਹਿਲਾਂ ਹੀ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ, ਜੋ ਅੱਤਵਾਦੀ ਹਾਰਡਵੇਅਰ ਪ੍ਰਾਪਤ ਕਰਕੇ ਅੱਗੇ ਸਪਲਾਈ ਕਰ ਰਹੇ ਸਨ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਦੋਵਾਂ ਦੀ ਗ੍ਰਿਫ਼ਤਾਰੀ ਨਾਲ ਪੂਰੇ ਮਾਡਿਊਲ ਦਾ ਪਰਦਾਫਾਸ਼ ਹੋ ਗਿਆ ਹੈ।

ਇਸ ਸਬੰਧ ਵਿੱਚ ਬੀਐਨਐਸ ਅਤੇ ਆਰਮਜ਼ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮੋਹਾਲੀ ਦੇ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਗੁਰਬਾਣੀ ਕੀਰਤਨ ਮਨੁੱਖਤਾ ਨੂੰ ਸ਼ੁੱਧ ਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੰਦਾ: ਕਾਲਕਾ



ਨਵੀਂ ਦਿੱਲੀ, 24 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਰਦਾਰ ਹਰਮੀਤ ਸਿੰਘ ਕਾਲਕਾ, ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਦੇ ਉਦੇਸ਼ ਨਾਲ ਵਰਲਡ ਪੰਜਾਬੀ ਆਰਗਨਾਈਜੇਸ਼ਨ ਅਤੇ ਸੰਨ ਫਾਊਂਡੇਸ਼ਨ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਵਿਸ਼ਾਲ ਸਲਾਨਾ ਕੀਰਤਨ ਸਮਾਗਮ ਕਰਵਾਇਆ ਗਿਆ।

ਪ੍ਰਧਾਨ ਕਾਲਕਾ ਨੇ ਕਿਹਾ ਕਿ ਗੁਰਬਾਣੀ ਕੀਰਤਨ ਮਨੁੱਖਤਾ ਨੂੰ ਅੰਦਰੋਂ ਸ਼ੁੱਧ ਕਰਦਾ ਹੈ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਰਗੀ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਆਤਮਿਕ ਜਾਗਰੂਕਤਾ ਅਤੇ ਗੁਰੂ ਘਰ ਨਾਲ ਜੁੜਾਵ ਸਭ ਤੋਂ ਪ੍ਰਭਾਵਸ਼ਾਲੀ ਮਾਰਗ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੇ ਸਮਾਗਮ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਦਿੰਦੇ ਹਨ ਅਤੇ ਚੜ੍ਹਦੀ ਕਲਾ ਵਾਲਾ ਸਮਾਜ ਰਚਣ ਵਿੱਚ ਮੱਦਦਗਾਰ ਸਾਬਤ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ, ਗੁਰਬਾਣੀ ਕੀਰਤਨ ਦਾ ਰਸ ਮਾਣਿਆ ਅਤੇ ਗੁਰੂ ਸਾਹਿਬ ਅੱਗੇ ਨਤਮਸਤਕ ਹੋ ਕੇ ਨਸ਼ਾ ਮੁਕਤ ਜੀਵਨ ਜੀਊਣ ਦਾ ਸੰਕਲਪ ਕੀਤਾ।

# ਪੰਚਮੀ ਦੇ ਦਿਹਾੜੇ ਮੌਕੇ ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਸੰਗਤਾਂ ਵੱਡੀ ਗਿਣਤੀ 'ਚ ਨਤਮਸਤਕ

**ਸਾਕਾ ਨਨਕਾਣਾ ਸਾਹਿਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ**

ਪਟਿਆਲਾ, 24 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



:ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਵਿਖੇ ਪੰਚਮੀ ਦਾ ਦਿਹਾੜਾ ਸੰਗਤਾਂ ਵੱਲੋਂ ਗੁਰੂ ਘਰ ਨਤਮਸਤਕ ਹੋ ਕੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਅੱਜ ਦਾ ਇਹ ਦਿਹਾੜਾ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸਮਰਪਿਤ ਕੀਤਾ ਗਿਆ ਅਤੇ ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਸਾਕਾ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਗੁਰਮਤਿ ਸਮਾਗਮ ਵੀ ਕਰਵਾਇਆ ਗਿਆ।

ਪੰਚਮੀ ਦੇ ਪਵਿੱਤਰ ਦਿਹਾੜੇ ਮੌਕੇ ਤੜਕ ਸਵੇਰੇ ਕਿਵਾੜ ਖੁੱਲ੍ਹਣ ਮਗਰੋਂ ਸੰਗਤਾਂ ਵੱਡੀ ਗਿਣਤੀ ਵਿਚ ਗੁਰੂ ਘਰ ਨਤਮਸਤਕ ਹੋਈਆਂ। ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਕਥਾ ਪ੍ਰਵਾਹ ਰਾਹੀਂ ਗਿਆਨੀ ਪ੍ਰਿਤਪਾਲ ਸਿੰਘ ਨੇ ਸੰਗਤਾਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਸਤਿਕਾਰ ਭੇਂਟ ਕੀਤਾ। ਗੁਰੂ ਦਰਬਾਰ ਵਿਚ ਨਤਮਸਤਕ ਹੋਣ ਵਾਲੀਆਂ ਸੰਗਤਾਂ ਨੇ ਗੁਰੂ ਘਰ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਪੰਗਤ ਸੰਗਤ ਕਰਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਾਕਾ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਉਚੇਚੇ ਤੌਰ 'ਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤਰੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਅਤੇ ਜਥੇਦਾਰ ਜਸਮੇਰ ਸਿੰਘ ਲਾਲੜੂ ਵੀ ਉਚੇਚੇ ਤੌਰ 'ਤੇ ਪੁੱਜੇ।

ਗੁਰਮਤਿ ਸਮਾਗਮ ਦੌਰਾਨ ਢਾਡੀ ਕਵੀ ਜੱਥਿਆਂ ਵਿਚ ਅਮਰੀਕ ਸਿੰਘ ਜਨੇਤਪੁਰ, ਬੀਬੀ ਮੁਖ਼ਤਿਆਰ ਕੌਰ, ਬੀਬੀ ਜਸਵੀਰ ਕੌਰ ਫੱਗੂਵਾਲਾ, ਗੁਰਪਿਆਰ ਸਿੰਘ ਜੌਹਰ, ਸੁਖਜਿੰਦਰ ਸਿੰਘ ਚੰਗਿਆੜਾ, ਰਵਿੰਦਰ ਸਿੰਘ ਸ਼ੇਰਗਿੱਲ ਨੇ ਸੰਗਤਾਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਇਤਿਹਾਸ ਨੂੰ ਆਪਣੀਆਂ ਵਾਰਾਂ ਰਾਹੀਂ ਪੇਸ਼ ਕੀਤਾ। ਇਸ ਮੌਕੇ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤਰੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਸਾਕਾ ਨਨਕਾਣਾ ਦੇ ਸਮੂਹ ਸ਼ਹੀਦਾਂ ਨੂੰ ਸਤਿਕਾਰ ਭੇਂਟ ਕਰਦਿਆਂ ਕਿਹਾ ਕਿ ਆਪਣੇ ਗੁਰਧਾਮਾਂ ਨੂੰ ਬਚਾਉਣ ਲਈ ਸੈਂਕੜੇ ਸਿੰਘਾਂ ਅਤੇ ਸਿੰਘਣੀਆਂ ਨੇ ਸ਼ਹੀਦੀਆਂ, ਜਿਨ੍ਹਾਂ ਦੀਆਂ ਲਾਸਾਨੀ ਸ਼ਹਾਦਤਾਂ ਸਾਡੇ ਲਈ ਹਮੇਸ਼ਾ ਚਾਨਣ ਮੁਨਾਰਾ ਰਹਿ ਕੇ ਕੰਮ ਕਰਦੀਆਂ ਰਹਿਣਗੀਆਂ।

# ਪਟਿਆਲਾ ਵਿੱਚ ਸਖੀ ਸ਼ਕਤੀ ਕਰਾਫਟ ਮੇਲੇ ਨੂੰ ਲੋਕਾਂ ਦਾ ਵੱਡਾ ਹੁੰਘਾਰਾ







ਪਟਿਆਲਾ, 24 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਖੀ ਸ਼ਕਤੀ ਕਰਾਫਟ ਮੇਲਾ 2026 ਸ਼ਹਿਰ ਵਾਸੀਆਂ ਲਈ ਖਾਸ ਆਕਰਸ਼ਣ ਦਾ ਕੇਂਦਰ ਬਣਿਆ ਹੋਇਆ ਹੈ। ਇਸ ਮੇਲੇ ਵਿੱਚ ਸ਼ਿਲਪਕਾਰੀ ਵਸਤਾਂ ਦੀ ਖੂਬ ਖਰੀਦੋ-ਫਰੋਖਤ ਹੋ ਰਹੀ ਹੈ ਅਤੇ ਮਨੋਰੰਜਨ ਤੇ ਖਾਣ-ਪੀਣ ਦੇ ਸ਼ੌਕੀਨਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਵਧੀਕ ਡਿਪਟੀ ਕਮਿਸ਼ਨਰ ਸ੍ਰੀ ਦਮਨਜੀਤ ਸਿੰਘ ਮਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੇਲਾ 2 ਮਾਰਚ ਤੱਕ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਲਗਭਗ 200 ਤਰ੍ਹਾਂ ਦੀਆਂ ਆਰਟੀਜ਼ਨਾਂ ਦੀਆਂ ਸਟਾਲਾਂ ਸਜਾਈਆਂ ਗਈਆਂ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਰਾਜਾਂ ਦੇ ਹੱਥੋਂ ਬਣੇ ਪ੍ਰੋਡਕਟ ਸ਼ਾਮਲ ਹਨ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਆਰਟੀਜ਼ਨਾਂ ਵੱਲੋਂ ਵੀ ਭਾਗ ਲਿਆ ਗਿਆ ਹੈ, ਜਿਸ ਨਾਲ ਮੇਲੇ ਦੀ ਰੌਣਕ ਹੋਰ ਵਧ ਗਈ ਹੈ। ਮੇਲੇ ਵਿੱਚ ਹੱਥਕੱਤੀ ਕੱਪੜੇ, ਗਹਿਣੇ, ਘਰੇਲੂ ਸਜਾਵਟੀ ਸਮਾਨ ਅਤੇ ਰਵਾਇਤੀ ਖਾਣੇ ਖਾਸ ਆਕਰਸ਼ਣ ਹਨ।

ਸੱਭਿਆਚਾਰਕ ਰੰਗਤ ਪੈਦਾ ਕਰਨ ਲਈ (ਐਨ.ਜ਼ੈੱਡ.ਸੀ.ਸੀ.) ਦੇ ਸਭਿਆਚਾਰਕ ਗਰੁੱਪਾਂ ਵੱਲੋਂ ਰੋਜ਼ਾਨਾ ਕਲਚਰਲ ਪ੍ਰੋਗਰਾਮ ਪੇਸ਼ ਕੀਤੇ ਜਾ ਰਹੇ ਹਨ। 24 ਫਰਵਰੀ ਨੂੰ ਹਰਭਜਨ ਮਾਨ 26 ਫਰਵਰੀ ਨੂੰ ਗੁਰਲੇਜ ਅਖ਼ਤਰ ਅਤੇ 2 ਮਾਰਚ ਨੂੰ ਆਰ ਨੇਤ ਵੱਲੋਂ ਸਟਾਰ ਨਾਈਟ ਲਗਾਈ ਜਾਵੇਗੀ, ਜਿਸ ਦੀ ਦਰਸ਼ਕਾਂ ਨੂੰ ਬੇਸਬਰੀ ਨਾਲ ਉਡੀਕ ਹੈ।

ਮੇਲੇ ਵਿੱਚ ਬਜ਼ੁਰਗਾਂ ਲਈ ਵੀਲਚੇਅਰ ਸਹੂਲਤ, ਬੱਚਿਆਂ ਲਈ ਕਿਡਜ਼ ਕਾਰਨਰ ਅਤੇ ਸਕੂਲੀ ਵਿਦਿਆਰਥੀਆਂ ਲਈ ਵੱਖ-ਵੱਖ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਪਟਿਆਲਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪਰਿਵਾਰਾਂ ਸਮੇਤ ਸਖੀ ਸ਼ਕਤੀ ਮੇਲੇ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਦੇ ਹੋਏ ਮੇਲੇ ਦਾ ਪੂਰਾ ਆਨੰਦ ਮਾਨਣ।

# ਮਿਸਲ ਸਤਲੁਜ ਨੇ ਸਮੁੱਚੀਆਂ ਸਿਆਸੀ ਪਾਰਟੀਆਂ, ਜੱਥੇਬੰਦੀਆਂ ਨੂੰ ਭੇਜਿਆ ਸੱਦਾ ਪੱਤਰ

ਮੁਹਾਲੀ, 24 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਿਸਲ ਸਤਲੁਜ ਵੱਲੋਂ ਜਾਰੀ ਪੂਰਾ ਪੰਜਾਬ ਲਹਿਰ ਦੇ ਛੇਵੇਂ ਦਿਨ ਵੀ ਪੰਜਾਬ ਹਿਤੈਸ਼ੀ ਲੋਕਾਂ ਦਾ ਪੂਰਾ ਸਮਰਥਨ ਮਿਲਣਾ ਜਾਰੀ ਰਿਹਾ। ਵੱਡੀ ਗਿਣਤੀ ਵਿੱਚ ਪੰਜਾਬ ਹਿਤੈਸ਼ੀਆਂ ਨੇ ਜਨਤਕ ਦਸਤਖ਼ਤ ਪਟੀਸ਼ਨ ਉਪਰ ਦਸਤਖ਼ਤ ਕਰਕੇ ਇਸ ਮੁਹਿੰਮ ਨੂੰ ਹੋਰ ਹੁੰਗਾਰਾ ਦਿੱਤਾ। ਅੱਜ ਮੁੱਖ ਤੌਰ ਤੇ ਮੰਚ ਤੋ ਐਸਜੀਪੀਸੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ, ਬੀਬੀ ਹਰਪ੍ਰੀਤ ਕੌਰ ਢੱਡਾ,ਬੀਬੀ ਰਜਿੰਦਰ ਕੌਰ ਰਡਿਆਲਾ, ਨਛੱਤਰ ਸਿੰਘ ਝੰਜੇੜੀ, ਬੀਬੀ ਜਸਮੀਤ ਕੌਰ ਛੀਨਾ, ਬੀਬਾ ਨਰਿੰਦਰਜੋਤ ਕੌਰ ਢਿੱਲਵਾਂ, ਹਰਮਨਜੀਤ ਸਿੰਘ ਫਿਰੋਜ਼ਪੁਰ ਅਤੇ ਸਰਦਾਰ ਹਰਦੀਪ ਸਿੰਘ ਬਾਠ ਨੇ ਆਪਣੇ ਵਿਚਾਰ ਪੇਸ਼ ਕੀਤੇ।

ਸਰਦਾਰ ਅਜੇਪਾਲ ਸਿੰਘ ਬਰਾੜ ਨੇ ਇਹ ਮੁਹਿੰਮ ਦੇ ਅਗਲੇ ਪੜਾਅ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ, ਪੂਰਾ ਪੰਜਾਬ ਲਹਿਰ ਦੇ ਮੰਚ ਤੋਂ ਮ ਸਮੁੱਚੀਆਂ ਸਿਆਸੀ ਜਮਾਤਾਂ, ਕਿਸਾਨ ਜੱਥੇਬੰਦੀਆਂ ਅਤੇ ਹੋਰ ਪੰਜਾਬ ਹਿਤੈਸ਼ੀ ਜਥੇਬੰਦੀਆਂ ਲਈ ਰਾਖਵਾਂ ਰੱਖਿਆ ਗਿਆ। ਸਰਦਾਰ ਬਰਾੜ ਨੇ ਸਮੁੱਚੀਆਂ ਸਿਆਸੀ ਜਮਾਤਾਂ, ਕਿਸਾਨ ਜੱਥੇਬੰਦੀਆਂ ਅਤੇ ਹੋਰ ਪੰਜਾਬ ਹਿਤੈਸ਼ੀ ਜੱਥੇਬੰਦੀਆਂ ਨੂੰ ਅਪੀਲ ਕੀਤੀ ਕਿ, ਓਹਨਾਂ ਦੇ ਆਗੂ ਨਿਰਧਾਰਿਤ ਦਿਨ ਪੂਰਾ ਪੰਜਾਬ ਲਹਿਰ ਦੇ ਮੰਚ ਤੇ ਪੰਜਾਬ ਪ੍ਰਤੀ ਆਪਣੇ ਏਜੰਡੇ ਨੂੰ ਸੰਗਤ ਦੇ ਸਾਹਮਣੇ ਜਰੂਰ ਪੇਸ਼ ਕਰਨ। ਸਰਦਾਰ ਬਰਾੜ ਨੇ ਕਿਹਾ ਕਿ, ਇਸ ਲਈ ਬਕਾਇਦਾ ਤੌਰ ਤੇ ਨਿੱਜੀ ਅਤੇ ਸੋਸ਼ਲ ਮੀਡੀਆ ਜ਼ਰੀਏ ਸੱਦਾ ਪੱਤਰ ਸਿਆਸੀ ਪਾਰਟੀਆਂ ਦੇ ਮੁੱਖ ਦਫਤਰਾਂ, ਕਿਸਾਨ ਆਗੂਆਂ ਦੇ ਪ੍ਰਧਾਨ ਸਾਹਿਬਾਨਾਂ ਨੂੰ ਭੇਜਿਆ ਗਿਆ। ਪੂਰਾ ਪੰਜਾਬ ਲਹਿਰ ਦੇ ਕੌਮੀ ਕਨਵੀਨਰ ਅਮਰਿੰਦਰ ਸਿੰਘ ਤੁੜ ਨੇ ਜਾਣਾਕਰੀ ਦਿੰਦਿਆਂ ਕਿਹਾ ਕਿ, ਪੰਜਾਬ ਬੀਜੇਪੀ, ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਪੁਨਰ ਸੁਰਜੀਤ ਅਕਾਲੀ ਦਲ, ਵਾਰਿਸ ਪੰਜਾਬ, ਆਮ ਆਦਮੀ ਪਾਰਟੀ, ਕਾਂਗਰਸ,ਪੰਜਾਬ ਬਸਪਾ ਅਤੇ ਸੀਪੀਐਮ, ਸੀਪੀਆਈ ਸਮੇਤ ਕਿਸਾਨ ਜੱਥੇਬੰਦੀਆਂ ਨੂੰ ਸੱਦਾ ਪੱਤਰ ਭੇਜਿਆ ਜਾ ਚੁੱਕਾ ਹੈ।

# ਕਿਲਾ ਮੁਬਾਰਕ ਦੀ ਧਰਤੀ 'ਤੇ ਗੂੰਜੀ ਸ਼ਾਸਤਰੀ ਸੰਗੀਤ ਦੀ ਅਦਭੁੱਤ ਮਹਿਫ਼ਲ

ਪਟਿਆਲਾ, 24 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-





ਪਟਿਆਲਾ ਵਿਰਾਸਤੀ ਮੇਲਾ-2026 ਦੇ ਸੁਹਾਵਣੇ ਆਯੋਜਨ ਤਹਿਤ ਇਤਿਹਾਸਕ ਕਿਲਾ ਮੁਬਾਰਕ ਦੇ ਦਰਬਾਰ ਹਾਲ ਦੇ ਖੁੱਲ੍ਹੇ ਵਿਹੜੇ ਵਿੱਚ ਭਾਰਤੀ ਸ਼ਾਸਤਰੀ ਸੰਗੀਤ ਦੀ ਇਕ ਯਾਦਗਾਰ ਅਤੇ ਰੂਹਾਨੀ ਸ਼ਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਸ਼ਾਸਤਰੀ ਗਾਇਕਾ ਰੌਣਕਿਨੀ ਗੁਪਤਾ ਦੀ ਦਿਲਕਸ਼ ਅਤੇ ਅਦਭੁੱਤ ਗਾਇਕੀ ਨੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ, ਜਦਕਿ ਸਿਤਾਰ, ਸਰੋਦ, ਤਬਲੇ ਅਤੇ ਮ੍ਰਿਦੰਗਮ ਦੀ ਵਿਲੱਖਣ ਚੌਗਲਬੰਦੀ ਨੇ ਸਮਾਗਮ ਨੂੰ ਸਿਖ਼ਰਾਂ ਤੱਕ ਪਹੁੰਚਾ ਦਿੱਤਾ।

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਰੋਹ ਦਾ ਆਗਾਜ਼ ਵਿਰਾਸਤੀ ਜੋਤ ਤੋਂ ਪ੍ਰਜਵਲਿਤ ਸ਼ਮਾ ਰਾਹੀਂ ਕੀਤਾ ਗਿਆ, ਜੋ ਸਦੀਆਂ ਪੁਰਾਣੀ ਸੰਗੀਤਕ ਅਤੇ ਸੰਸਕ੍ਰਿਤਿਕ ਪਰੰਪਰਾ ਦਾ ਪ੍ਰਤੀਕ ਸੀ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਤੇਜਿੰਦਰ ਮਹਿਤਾ ਸਮੇਤ ਕਈ ਮਾਣਯੋਗ ਹਸਤੀਆਂ ਨੇ ਸ਼ਿਰਕਤ ਕਰਕੇ ਇਸ ਸ਼ਾਸਤਰੀ ਸੰਗੀਤਮਈ ਮਹਫ਼ਿਲ ਦਾ ਆਨੰਦ ਮਾਣਿਆ।

ਗਾਇਕਾ ਰੌਣਕਿਨੀ ਗੁਪਤਾ ਨੇ ਰਾਗ ਕੇਦਾਰ ਵਿੱਚ ਵਿਲੰਬਿਤ ਖਿਆਲ ਅਬ ਮਾਨੋ ਮੋਰੀ ਬਾਤ (ਰੂਪਕ ਤਾਲ), ਕੰਗਨਵਾ ਬਾਜੇ ਮੋਰਾ ਅਤੇ ਆੜਾ ਚੌਤਾਲ ਵਿੱਚ ਤਰਾਨਾ ਪੇਸ਼ ਕਰਦਿਆਂ ਆਪਣੀ ਰਚਨਾਤਮਕਤਾ ਅਤੇ ਗਹਿਰਾਈ ਦਾ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਰਾਗ ਭੀਮਪਲਾਸੀ ਵਿੱਚ ਛੋਟਾ ਖਿਆਲ ਦੇਖੋ ਬਿਜੁਰੀਆ (ਤੀਨਤਾਲ) ਅਤੇ ਆਪਣੇ ਉਸਤਾਦ ਉਸਤਾਦ ਅਬਦੁਲ ਰਾਸ਼ੀਦ ਖ਼ਾਨ ਦੀ ਰਚਨਾ ਤਰਾਨਾ ਓ ਦੇ ਤਾਨਾ ਨਾ (ਝਪਤਾਲ) ਦੀ ਮਨਮੋਹਕ ਪੇਸ਼ਕਾਰੀ ਨਾਲ ਦਰਸ਼ਕ ਝੂਮ ਉਠੇ।

ਉਨ੍ਹਾਂ ਨਾਲ ਬਨਾਰਸ ਘਰਾਨੇ ਦੇ ਵਿਸ਼ਵ ਵਿਖਿਆਤ ਤਬਲਾ ਨਵਾਜ ਪੰਡਿਤ ਅਭਿਸ਼ੇਕ ਰਾਗਵਾਨੀ ਅਤੇ ਹਰਮੋਨੀਅਮ 'ਤੇ ਤਨਮਯ ਮਿਸਤਰੀ ਦੀ ਸੁਰੀਲੀ ਸੰਗਤ ਨੇ ਗਾਇਕੀ ਨੂੰ ਹੋਰ ਨਿਖਾਰ ਦਿੱਤਾ। ਰੌਣਕਨੀ ਗੁਪਤਾ ਨੇ ਪਟਿਆਲਾ ਨੂੰ ਰਾਗਾਂ ਦਾ ਸ਼ਹਿਰ ਕਹਿੰਦੇ ਹੋਏ ਇਥੇ ਗਾਉਣ ਨੂੰ ਆਪਣਾ ਸਨਮਾਨ ਦੱਸਿਆ।

ਸਮਾਗਮ ਦੀ ਦੂਜੀ ਵਿਸ਼ੇਸ਼ ਪੇਸ਼ਕਾਰੀ ਵਿੱਚ ਪ੍ਰਸਿੱਧ ਸਿਤਾਰਵਾਦਕ ਅਨੁਪਮਾ ਭਾਗਵਤ ਅਤੇ ਸਰੋਦ ਵਾਦਕ ਦੇਬਸਮਿੱਤਾ ਭੱਟਾਚਾਰੀਆ ਨੇ ਰਾਗ ਜੋਗ ਵਿੱਚ ਅਲਾਪ ਰਾਹੀਂ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਤੀਨਤਾਲ ਵਿੱਚ ਰਚਨਾਵਾਂ ਦੀ ਪੇਸ਼ਕਾਰੀ ਦੌਰਾਨ ਦੋਵਾਂ ਵਾਦਕਾਂ ਵਿਚਕਾਰ ਸੁਰੀਲਾ ਸੰਵਾਦ ਦਰਸ਼ਕਾਂ ਨੂੰ ਰਸਮਗਨ ਕਰਦਾ ਰਿਹਾ।

ਤਬਲੇ 'ਤੇ ਪੰਡਿਤ ਅਭਿਸ਼ੇਕ ਮਿਸ਼ਰਾ ਅਤੇ ਮ੍ਰਿਦੰਗਮ 'ਤੇ ਪੰਡਿਤ ਅਭਿਸ਼ੇਕ ਅਵਧਾਨੀ ਦੀ ਜੁਗਲਬੰਦੀ ਨੇ ਹਿੰਦੁਸਤਾਨੀ ਅਤੇ ਕਰਨਾਟਕ ਪਰਕਸ਼ਨ ਪਰੰਪਰਾ ਨੂੰ ਇਕ ਲੈਅਬੱਧ ਧਾਰਾ ਵਿੱਚ ਜੋੜਦਿਆਂ ਸਮੇਂ ਨੂੰ ਮਾਨੋ ਠਹਿਰਾ ਦਿੱਤਾ।

ਮੰਚ ਸੰਚਾਲਨ ਉੱਤਰ ਖੇਤਰੀ ਸੱਭਿਆਚਾਰਕ ਕੇਂਦਰ ਦੇ ਸਹਾਇਕ ਡਾਇਰੈਕਟਰ ਰਵਿੰਦਰ ਸ਼ਰਮਾ ਅਤੇ ਏ.ਪੀ.ਆਰ.ਓ. ਸ ਹਰਦੀਪ ਸਿੰਘ ਵੱਲੋਂ ਸੁਚੱਜੇ ਅੰਦਾਜ ਵਿੱਚ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਉਪਰਾਲੇ ਨਵੀਂ ਪੀੜ੍ਹੀ ਨੂੰ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਵਿੱਚ ਮੀਲ ਪੱਥਰ ਸਾਬਤ ਹੋਣਗੇ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਜਿਹੇ ਸਮਾਗਮ ਰੰਗਲਾ ਪੰਜਾਬ ਦੀ ਸਿਰਜਣਾ ਵੱਲ ਇਕ ਮਜ਼ਬੂਤ ਕਦਮ ਹਨ।

ਸ਼ਾਹੀ ਸ਼ਾਨ-ਓ-ਸ਼ੌਕਤ ਨਾਲ ਸਜੇ, ਰੌਸ਼ਨੀਆਂ ਨਾਲ ਜਗਮਗਾਉਂਦੇ ਕਿਲਾ ਮੁਬਾਰਕ ਵਿੱਚ ਮਧੁਰ ਸੰਗੀਤ ਅਤੇ ਪੰਛੀਆਂ ਦੀ ਚਹਿਚਹਾਟ ਨੇ ਇਕ ਅਦਵਿੱਤੀ ਮਾਹੌਲ ਪੈਦਾ ਕਰ ਦਿੱਤਾ। ਵੱਡੀ ਗਿਣਤੀ ਵਿੱਚ ਪਹੁੰਚੇ ਸੰਗੀਤ ਪ੍ਰੇਮੀਆਂ ਨੇ ਦੇਰ ਰਾਤ ਤੱਕ ਸ਼ਾਸਤਰੀ ਗਾਇਕੀ ਅਤੇ ਵਾਦਨ ਦਾ ਰਸਾਸਵਾਦ ਕੀਤਾ।

# 2 ਦਿਨਾਂ ਬਸੰਤ ਰੁੱਤ ਦਾ ਨਾਟਕ ਮੇਲਾ ਅੱਜ ਤੋਂ

ਪਟਿਆਲਾ, 24 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕਲਾ ਕ੍ਰਿਤੀ ਪਟਿਆਲਾ ਅਤੇ ਨਟਰਾਜ ਆਰਟਸ ਥੀਏਟਰ ਪਟਿਆਲਾ ਦੇ ਸਾਂਝੇ ਯਤਨਾਂ ਨਾਲ ਉੱਤਰੀ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ (ਸਭਿਆਚਾਰਕ ਮੰਤਰਾਲਾ,ਭਾਰਤ ਸਰਕਾਰ) ਦੇ ਸਹਿਯੋਗ ਨਾਲ 2 ਦਿਨਾਂ ਬਸੰਤ ਰੁੱਤ ਦਾ ਨਾਟਕ ਮੇਲਾ 25 ਫਰਵਰੀ ਤੱਕ ਕਾਲੀਦਾਸ ਆਡੀਟੋਰੀਅਮ,ਵਿਰਸਾ ਵਿਹਾਰ ਕੇਂਦਰ, ਨੇੜੇ ਭਾਸ਼ਾ ਭਵਨ ਸ਼ੇਰਾਂ ਵਾਲਾ ਗੇਟ ਪਟਿਆਲਾ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਨਾਟਕ ਮੇਲੇ ਦੌਰਾਨ ਪਹਿਲੇ ਦਿਨ ਕਲਾ ਕ੍ਰਿਤੀ ਪਟਿਆਲਾ ਵੱਲੋਂ ਡਾਕਟਰ ਕੁਲਦੀਪ ਸਿੰਘ ਦੀਪ ਦਾ ਲਿਖਿਆ ਪੰਜਾਬੀ ਨਾਟਕ ਛੱਲਾ ਦਾ ਮੰਚਨ ਹੋਵੇਗਾ। ।ਜਿਸ ਦੇ ਡਾਇਰੈਕਟਰ ਰੰਗ ਮੰਚ ਦੀ ਜਾਣੀ ਪਹਿਚਾਣੀ ਅਦਾਕਾਰਾ, ਨਿਰਦੇਸ਼ਕਾ ਪਰਮਿੰਦਰ ਪਾਲ ਕੌਰ ਹਨ ।ਦੂਸਰੇ ਦਿਨ 25 ਫਰਵਰੀ ਨੂੰ ਗਧੇ ਕੀ ਬਰਾਤ ਦਾ ਮੰਚਨ ਕੀਤਾ ਜਾਵੇਗਾ ।ਜਿਸ ਦੇ ਨਿਰਦੇਸ਼ਕ ਵਿਸ਼ਵ ਦੀਪਕ ਤ੍ਰਿਖਾ ਹਨ । ਹਰੀ ਭਾਈ ਵਡਗਾਵਕਰ ਦੇ ਲਿਖੇ ਇਸ ਨਾਟਕ ਨੂੰ ਹਰਿਆਣਾ ਦੇ ਰੋਹਤਕ ਤੋਂ ਸਪਤਕ ਕਲਚਰਲ ਸੋਸਾਇਟੀ ਪੇਸ਼ ਕਰੇਗੀ। ਨਾਟਕ ਮੇਲੇ ਦੇ ਡਾਇਰੈਕਟਰ ਪਰਮਿੰਦਰ ਪਾਲ ਕੌਰ ਤੇ ਗੋਪਾਲ ਸ਼ਰਮਾ ਨੇ ਸਾਰੇ ਰੰਗ ਮੰਚ ਪ੍ਰੇਮੀਆਂ ਅਤੇ ਦਰਸ਼ਕਾਂ ਨੂੰ ਇਸ ਨਾਟਕ ਮੇਲੇ ਵਿੱਚ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਇਸ ਨਾਟਕ ਮੇਲੇ ਵਿੱਚ ਦਰਸ਼ਕਾਂ ਲਈ ਐਂਟਰੀ ਬਿਲਕੁਲ ਮੁਫਤ ਹੈ।ਇਸ ਨਾਟਕ ਮੇਲੇ ਲਈ ਦਰਸ਼ਕਾਂ ਵਾਸਤੇ ਕਿਸੇ ਪ੍ਰਕਾਰ ਦੀ ਕੋਈ ਵੀ ਟਿਕਟ ਨਹੀਂ ਹੈ।

## ਸੰਪਾਦਕੀ

# ਸੱਜੇ-ਪੱਖੀ ਕੱਟੜਵਾਦ ਵੱਲ ਵਧਦਾ ਝੁਕਾਅ

'ਨਿਯੰਤਰਿਤ ਅੱਗ' ਸ਼ਾਇਦ ਮਨੁੱਖੀ ਵਿਕਾਸ ਦੇ ਸਭ ਤੋਂ ਮਹੱਤਵਪੂਰਨ ਪਲਾਂ ਵਿੱਚੋਂ ਇੱਕ ਸੀ ਕਿਉਂਕਿ ਭੋਜਨ ਪਕਾਉਣ ਦੀ ਸਮਰੱਥਾ ਨੇ ਮਨੁੱਖਾਂ ਨੂੰ ਕੈਲੋਰੀਆਂ ਦੀ ਉਹ ਭਾਰੀ ਮਾਤਰਾ ਪ੍ਰਦਾਨ ਕੀਤੀ, ਜੋ ਇੱਕ ਬਹੁਤ ਵੱਡੇ ਅਤੇ ਵਧੇਰੇ ਗੁੰਝਲਦਾਰ ਦਿਮਾਗ਼ ਨੂੰ ਚਲਾਉਣ ਲਈ ਲੋੜੀਂਦੀ ਸੀ। ਦਰਅਸਲ, ਮਨੁੱਖੀ ਦਿਮਾਗ਼ ਸਰੀਰ ਦੀ ਕੁੱਲ ਊਰਜਾ ਦਾ ਲਗਭਗ 25 ਫ਼ੀਸਦੀ ਹਿੱਸਾ ਖਪਾਉਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਅੱਗ ਨੇ ਮਨੁੱਖਾਂ ਦੀ ਉਨ੍ਹਾਂ ਪਾਚਕ ਸੀਮਾਵਾਂ ਨੂੰ ਪਾਰ ਕਰਨ ਵਿੱਚ ਮਦਦ ਕੀਤੀ, ਜੋ ਹੋਰ 'ਪ੍ਰਾਈਮੇਟਸ' (ਬਾਂਦਰ ਪ੍ਰਜਾਤੀਆਂ) ਦੇ ਦਿਮਾਗ਼ ਨੂੰ ਛੋਟਾ ਰੱਖਦੀਆਂ ਹਨ। ਹਾਰਵਰਡ ਯੂਨੀਵਰਸਿਟੀ ਵਿੱਚ ਜੈਵਿਕ ਮਾਨਵ-ਵਿਗਿਆਨ ਦੇ ਪ੍ਰੋਫੈਸਰ ਰਿਚਰਡ ਰੈਂਘਮ ਨੇ ਇਸ ਨੂੰ 'ਕੁਕਿੰਗ ਸਿਧਾਂਤ' ਦੱਸ ਕੇ ਪੇਸ਼ ਕੀਤਾ ਹੈ। ਦੂਜੇ ਸ਼ਬਦਾਂ ਵਿੱਚ, ਜਿਸ ਪੂਰਵਜ ਨੇ 'ਨਿਯੰਤਰਿਤ ਅੱਗ' ਬਾਲਣ ਦੀ ਯੋਗਤਾ ਵਿਕਸਿਤ ਕੀਤੀ, ਉਹ ਨਾ ਸਿਰਫ਼ ਆਪਣੇ ਸਮਿਆਂ ਦਾ ਸਗੋਂ ਹਮੇਸ਼ਾ ਦੇ ਲਈ ਇੱਕ ਮਹਾਨ ਕਾਢਕਾਰ/ਵਿਗਿਆਨੀ ਹੈ। ?ਰਿਗਵੇਦ ਦੀ ਪਹਿਲੀ ਸਤਰ ਹੈ: 'ਅਗਨਿਮਈਲੇ ਪੁਰੋਹਿਤਮ ਯਜਨਾਸਯਾ ਦੇਵਮਰਤਵਿਜਮ, ਹੋਤਾਰਮ ਰਤਨਾਧਾਤਮਮ'। ਇਸ ਦਾ ਅਰਥ ਹੈ, "ਮੈਂ ਅਗਨੀ ਦੀ ਅਰਾਧਨਾ ਕਰਦਾ ਹਾਂ, ਜੋ ਪ੍ਰਭੂ ਦੇ ਸਨਮੁਖ ਹੈ, ਉਹ ਦੇਵਤਾ ਜੋ ਸੱਚ ਨੂੰ ਦੇਖਦਾ ਹੈ, ਉਹ ਯੋਧਾ, ਜੋ ਆਨੰਦ ਦਾ ਦਾਤਾ ਹੈ।" ਇਹ ਅਗਨੀ (ਅੱਗ ਦੇ ਦੇਵਤੇ) ਦੀ ਉਸਤਤ ਹੈ, ਜੋ ਉਸ ਨੂੰ ਮਨੁੱਖਤਾ ਅਤੇ ਬ੍ਰਹਮ ਊਰਜਾ ਦੇ ਵਿਚਕਾਰ ਵਿਚੋਲੇ ਵਜੋਂ ਪੇਸ਼ ਕਰਦੀ ਹੈ। ?ਅੱਗ 'ਤੇ ਨਿਯੰਤਰਣ ਪਾ ਅਤੇ ਭੋਜਨ ਪਕਾਉਣ ਤੋਂ ਸ਼ੁਰੂ ਹੋ ਕੇ ਮਾਨਵੀ ਹੁਨਰ ਨੇ ਖੋਜਾਂ ਤੇ ਕਾਢਾਂ ਵਿੱਚ ਬਹੁਤ ਤਰੱਕੀ ਕੀਤੀ। ਭਾਵੇਂ ਮੱਧਕਾਲ ਦੇ ਮਹਾਨ ਵਿਗਿਆਨੀਆਂ ਅਤੇ ਖੋਜੀਆਂ ਨੇ ਬੇਮਿਸਾਲ ਤਰੱਕੀ ਕੀਤੀ ਸੀ, ਫਿਰ ਵੀ ਇੱਕ ਵੱਡੀ ਪੁਲਾਂਘ ਉਦਯੋਗਿਕ ਕ੍ਰਾਂਤੀ ਦੇ ਰੂਪ ਵਿਚ ਪੁੱਟੀ ਗਈ, ਜਿਸ ਨੇ ਮਨੁੱਖੀ ਲਿਆਕਤ ਅਤੇ ਕਾਢਾਂ ਦੀ ਇੱਕ ਲਹਿਰ ਪੈਦਾ ਕਰ ਦਿੱਤੀ। ਇਸ ਨੇ ਬਰਤਾਨੀਆ ਅਤੇ ਯੂਰੋਪ ਵਿੱਚ ਲੋਕਤੰਤਰੀ ਲਹਿਰਾਂ ਨੂੰ ਵੀ ਜਨਮ ਦਿੱਤਾ। ਵਿਗਿਆਨ ਦੇ ਨਾਲ-ਨਾਲ ਸਾਹਿਤ ਵੀ ਪ੍ਰਫੁੱਲਿਤ ਹੋਇਆ। ?ਲੋਕਤੰਤਰੀ ਸ਼ਾਸਨ ਅਤੇ ਸੰਸਥਾਵਾਂ ਦੇ ਵਿਕਾਸ ਕਾਰਨ ਉਦਯੋਗਿਕ ਕ੍ਰਾਂਤੀ ਦੇ ਫ਼ਲ ਅਜੇ ਵੀ ਕਾਫ਼ੀ ਹੱਦ ਤੱਕ ਮਨੁੱਖ ਜਾਤੀ ਨੂੰ ਮਿਲ ਰਹੇ ਸਨ। ਇਨ੍ਹਾਂ ਸੰਸਥਾਵਾਂ ਦੀ ਕਿਸਮ ਉਦਾਰਵਾਦੀ ਸੀ, ਜਦੋਂ ਤੱਕ ਜਰਮਨ, ਸਪੇਨੀ ਅਤੇ ਇਤਾਲਵੀ ਰਾਸ਼ਟਰਾਂ ਨੇ ਤਾਨਾਸ਼ਾਹੀਆਂ ਨੂੰ ਜਨਮ ਨਹੀਂ ਦਿੱਤਾ, ਜਿਨ੍ਹਾਂ ਨੇ ਇਨ੍ਹਾਂ ਦੇਸ਼ਾਂ ਦੀਆਂ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰ ਦਿੱਤਾ। ਹਾਲਾਂਕਿ, ਪਹਿਲੇ ਅਤੇ ਦੂਜੇ ਵਿਸ਼ਵ ਯੁੱਧਾਂ ਦੌਰਾਨ ਲੋਕਾਂ ਦੇ ਭਾਰੀ ਸਮਰਥਨ ਨਾਲ ਲੋਕਤੰਤਰ ਦੀ ਜਿੱਤ ਹੋਈ। ?ਇਹ ਦੌਰ ਅਗਲੀ ਵੱਡੀ ਪੁਲਾਂਘ ਦਾ ਗਵਾਹ ਬਣਿਆ- ਪਰਮਾਣੂ ਊਰਜਾ, ਜਿਸ ਨੂੰ ਇੱਕ ਅਜਿਹੀ ਦੁਨੀਆ ਸਾਹਮਣੇ ਲਿਆਂਦਾ ਗਿਆ ਜਿਹੜੀ ਉਤਸੁਕਤਾ ਨਾਲ ਇਸ ਨੂੰ ਉਡੀਕ ਰਹੀ ਸੀ। ਖ਼ੁਸ਼ਕਿਸਮਤੀ ਨਾਲ, ਦੁਨੀਆ ਇਕਜੁੱਟ ਹੋਈ ਅਤੇ ਪਰਮਾਣੂ ਊਰਜਾ ਨੂੰ ਕਾਬੂ 'ਚ ਰੱਖਣ ਲਈ ਸੰਸਥਾਵਾਂ ਬਣਾਈਆਂ ਗਈਆਂ। ਪਰਮਾਣੂ ਸ਼ਕਤੀਆਂ ਦੁਆਰਾ ਸੰਧੀਆਂ 'ਤੇ ਹਸਤਾਖਰ ਕੀਤੇ ਗਏ ਅਤੇ ਉਨ੍ਹਾਂ ਨੂੰ ਮੰਨਿਆ ਵੀ ਗਿਆ। ਹੁਣ ਤੱਕ ਅਸੀਂ ਕਾਮਯਾਬ ਰਹੇ ਹਾਂ ਅਤੇ ਇਸ ਦੀ ਵਰਤੋਂ ਮੁੱਖ ਤੌਰ 'ਤੇ ਸਕਾਰਾਤਮਕ ਤਰੀਕੇ ਨਾਲ ਕੀਤੀ ਹੈ। ਇਹ ਸਾਡੇ ਲੋਕਤੰਤਰਾਂ, ਉਦਾਰਵਾਦੀ ਸਰਕਾਰਾਂ ਅਤੇ ਸੰਸਥਾਵਾਂ ਕਾਰਨ ਹੀ ਸੰਭਵ ਹੋ ਸਕਿਆ ਹੈ। ਅੱਜ ਜਿਸ ਤਰ੍ਹਾਂ ਮਨੁੱਖਤਾ ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਅਤੇ ਕੁਆਂਟਮ ਕੰਪਿਊਟਰ ਵਿਕਸਿਤ ਕਰ ਰਹੀ ਹੈ ਤੇ ਜਦ ਇਹ ਦੋਵੇਂ ਇਕੱਠੇ ਹੁੰਦੇ ਹਨ ਤਾਂ ਇੱਕ 'ਸੁਚੇਤ ਆਈ' ਦੀ ਵੱਡੀ ਸੰਭਾਵਨਾ ਪੈਦਾ ਕਰਦੇ ਹਨ। ਸਿਧਾਂਤਕ ਤੌਰ 'ਤੇ ਇੱਕ ਅਜਿਹੀ ਏ ਆਈ, ਜੋ ਸਵੈ-ਜਾਗਰੂਕ ਹੈ ਅਤੇ ਸੁਤੰਤਰ ਫ਼ੈਸਲੇ ਲੈਣ ਦੇ ਸਮਰੱਥ ਹੈ। ਕੀ ਅਸੀਂ ਇੱਕ ਵਾਰ ਫਿਰ ਇੱਕ ਅਹਿਮ ਮੋੜ 'ਤੇ ਖੜ੍ਹੇ ਹਾਂ... ਕੀ ਮਨੁੱਖਤਾ ਅਗਲੀ 'ਨਿਯੰਤਰਿਤ ਅਗਨੀ' ਵਿਕਸਿਤ ਕਰਨ ਜਾ ਰਹੀ ਹੈ ? ਤਕਨੀਕੀ ਵਿਕਾਸ ਤੋਂ ਇਲਾਵਾ ਮਨੁੱਖਤਾ ਅੱਗੇ ਚੁਣੌਤੀ ਹਮੇਸ਼ਾ ਇਹ ਰਹੀ ਹੈ ਕਿ ਆਪਣੇ ਵੱਲੋਂ ਪੈਦਾ ਕੀਤੀ ਗਈ 'ਅੱਗ' ਨੂੰ ਉਹ ਕਾਬੂ 'ਚ ਕਿਵੇਂ ਰੱਖੇ ਕਿਉਂਕਿ ਬੇਕਾਬੂ ਹੋਣ 'ਤੇ ਇਹ ਤਬਾਹੀ ਲਿਆਉਂਦੀ ਹੈ। ਚਰਨੋਬਿਲ ਅਤੇ ਉੱਥੇ ਹੋਈ ਪਰਮਾਣੂ ਤਬਾਹੀ ਇਸ ਦੀ ਇੱਕ ਮਿਸਾਲ ਹੈ, ਇਸੇ ਤਰ੍ਹਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਇਤਰਾਜ਼ਯੋਗ ਕਾਰੇ ਵੀ। ਇਸੇ ਤਰ੍ਹਾਂ ਕੋਵਿਡ-19 ਮਹਾਮਾਰੀ ਬਾਰੇ ਕਈ ਸਵਾਲਾਂ ਦਾ ਜਵਾਬ ਨਹੀਂ ਮਿਲਿਆ। ਮੈਂ ਤਕਨੀਕ ਦੀ ਦੁਰਵਰਤੋਂ ਬਾਰੇ ਲੰਮੀ ਗੱਲ ਕਰ ਸਕਦਾ ਹਾਂ ਕਿ ਕਿਵੇਂ ਮਨੁੱਖਤਾ ਆਪਣੇ ਫ਼ਾਇਦੇ ਲਈ ਕੀਤੀ ਤਕਨੀਕੀ ਤਰੱਕੀ ਨੂੰ ਸਮੂਹਿਕ ਵਿਨਾਸ਼ ਜਾਂ ਕੰਟਰੋਲ ਦੇ ਹਥਿਆਰਾਂ ਵਿੱਚ ਬਦਲ ਦਿੰਦੀ ਹੈ। ਜਿਉਂ-ਜਿਉਂ ਅਸੀਂ ਇਸ ਉੱਨਤ ਤਕਨੀਕ ਨੂੰ ਵਿਕਸਿਤ ਕਰਦੇ ਹਾਂ, ਸਾਨੂੰ ਕਾਰਲ ਸਾਗਨ ਵੱਲੋਂ ਬਿਆਨੇ ਗਏ 'ਤਕਨੀਕੀ ਅੱਲ੍ਹੜਪੁਣੇ' ਦੇ ਵਿਚਾਰ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਜਿਸ ਦੀ ਵਿਸ਼ੇਸ਼ਤਾ ਇਹ ਹੈ ਕਿ ਮਨੁੱਖਤਾ ਕੋਲ ਦੁਨੀਆ ਨੂੰ ਬਦਲਣ ਦੀ ਬੇਅੰਤ ਸ਼ਕਤੀ ਤਾਂ ਹੈ ਪਰ ਇਸ ਨੂੰ ਸੁਰੱਖਿਅਤ ਢੰਗ ਨਾਲ ਚਲਾਉਣ ਲਈ ਲੋੜੀਂਦੀ ਸੂਝ ਜਾਂ ਦੂਰਅੰਦੇਸ਼ੀ ਨਹੀਂ ਹੈ।ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਰਾਜਨੀਤੀ ਵਿੱਚ ਕੱਟੜ ਸੱਜੇ-ਪੱਖੀ ਝੁਕਾਅ ਵਧ ਰਿਹਾ ਹੈ, ਜੋ 'ਮਾਗਾ' ਲਹਿਰ ਅਤੇ ਯੂਰੋਪ, ਏਸ਼ੀਆ, ਦੱਖਣੀ ਅਮਰੀਕਾ ਵਿੱਚ ਇਸੇ ਤਰ੍ਹਾਂ ਦੀਆਂ ਰਾਜਨੀਤਕ ਸਰਗਰਮੀਆਂ ਵਿੱਚ ਦੇਖਿਆ ਜਾ ਸਕਦਾ ਹੈ। ਸਾਡੀ ਜ਼ਬਰਦਸਤ ਤਕਨੀਕੀ ਤਰੱਕੀ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਰਾਜਨੀਤੀ ਅਤੇ ਸਰਕਾਰ ਅੰਦਰਲਾ ਉਦਾਰਵਾਦ ਕੱਟੜ ਸੱਜੇ-ਪੱਖੀਆਂ ਲਈ ਰਾਹ ਪੱਧਰਾ ਕਰ ਰਿਹਾ ਹੈ। ਉਦਾਰਵਾਦੀ ਲੋਕਤੰਤਰ ਅਤੇ ਉਦਾਰਵਾਦੀ ਅਰਥਚਾਰੇ ਰਾਜਨੀਤੀ ਤੇ ਅਰਥ ਸ਼ਾਸਤਰ ਵਿੱਚ ਤਾਨਾਸ਼ਾਹੀ ਲਈ ਰਾਹ ਛੱਡ ਰਹੇ ਹਨ... ਵਿਸ਼ਵ ਵਿਵਸਥਾ ਵਾਪਸ 'ਨੇਸ਼ਨ ਸਟੇਟ' ਵੱਲ ਪਰਤ ਰਹੀ ਹੈ। ਇਸ ਤੋਂ ਇਲਾਵਾ 'ਨੇਸ਼ਨ ਸਟੇਟ' ਸਰਕਾਰ ਦੇ ਇੱਕ ਬਹੁਤ ਹੀ ਸਖ਼ਤ ਰੂਪ ਨੂੰ ਅਪਣਾ ਰਹੀ ਹੈ, ਜੋ ਕਿ ਤਾਨਾਸ਼ਾਹੀ ਹੈ। ਕੋਸ਼ਿਸ਼ ਇਹ ਹੈ ਕਿ ਲੋਕਤੰਤਰੀ ਚੋਣਾਂ ਦਾ ਮੁਖੌਟਾ ਬਣਿਆ ਰਹੇ ਅਤੇ ਤੰਤਰ ਨੂੰ ਅੰਦਰੋਂ ਖੋਖ਼ਲਾ ਕਰ ਦਿੱਤਾ ਜਾਵੇ। ਤਾਨਾਸ਼ਾਹੀ ਅਤੇ ਸੁਰੱਖਿਆਵਾਦ ਦਾ 'ਟ੍ਰੋਜਨ ਹਾਰਸ' ਚੁਣੀਆਂ ਹੋਈਆਂ ਸਰਕਾਰਾਂ ਦੇ ਗੇਟ ਰਾਹੀਂ ਅੰਦਰ ਆ ਗਿਆ ਹੈ। ਪਲੈਟੋ ਨੇ ਲੋਕਤੰਤਰ ਦੀ ਆਲੋਚਨਾ ਕੀਤੀ ਸੀ ਅਤੇ ਇਸ ਨੂੰ ਹੌਲੀ-ਹੌਲੀ ਇੱਕ ਨਿਰੰਕੁਸ਼ ਸ਼ਾਸਨ ਵਿੱਚ ਬਦਲਦੇ ਹੋਏ ਦੇਖਿਆ ਸੀ ਕਿਉਂਕਿ ਤਾਕਤ ਉਨ੍ਹਾਂ ਲੋਕ-ਲੁਭਾਊ ਨੇਤਾਵਾਂ ਕੋਲ ਚਲੀ ਜਾਂਦੀ ਹੈ, ਜੋ ਜਨਤਾ ਨੂੰ ਗੁਮਰਾਹ ਕਰਨ ਵਿੱਚ ਮਾਹਿਰ ਹੁੰਦੇ ਹਨ। ਇਸ ਵਿੱਚ ਵਾਕਈ ਸਚਾਈ ਹੈ ਕਿ ਜੇਕਰ ਅਸੀਂ ਆਪਣੀਆਂ ਸੰਸਥਾਵਾਂ ਨੂੰ ਨਜ਼ਰਅੰਦਾਜ਼ ਕਰਦੇ ਹਾਂ ਅਤੇ ਸ਼ਕਤੀ ਦੇ ਸੰਤੁਲਨ ਨੂੰ ਖ਼ਤਮ ਕਰਦੇ ਹਾਂ ਤਾਂ ਅਜਿਹਾ ਹੋ ਸਕਦਾ ਹੈ। ਕੇਂਦਰਵਾਦੀ, ਉਦਾਰਵਾਦੀ ਵਿਚਾਰਧਾਰਾ ਨੂੰ ਕੱਟੜ ਸੱਜੇ-ਪੱਖੀਆਂ ਦੀ ਲਹਿਰ ਨੇ ਪਿੱਛੇ ਧੱਕ ਦਿੱਤਾ ਹੈ। ਇਨ੍ਹਾਂ ਘਟਨਾਵਾਂ ਦੇ ਨਾਲ-ਨਾਲ ਯੂਰੋਪ, ਏਸ਼ੀਆ, ਆਸਟਰੇਲੀਆ ਆਦਿ ਦੇ ਜ਼ਿਆਦਾਤਰ ਦੇਸ਼ਾਂ ਦੇ ਰੱਖਿਆ ਬਜਟ ਵਿੱਚ ਫੌਰੀ ਵਾਧਾ ਕੀਤਾ ਜਾ ਰਿਹਾ ਹੈ ਅਤੇ ਇਹ ਮੁਲਕ ਮੁੜ ਹਥਿਆਰਬੰਦ ਹੋ ਰਹੇ ਹਨ। ਇਸ ਨਾਲ ਵਿਕਾਸਸ਼ੀਲ ਅਰਥਚਾਰੇ ਤੋਂ ਹਟ ਕੇ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਮੁੜ-ਹਥਿਆਰਬੰਦ ਹੋਣ ਦੀ ਲੋੜ ਪੈਦਾ ਹੋ ਗਈ ਹੈ। ਇਸ ਦਾ ਫ਼ਾਇਦਾ ਵਿਸ਼ਾਲ ਸੈਨਿਕ-ਉਦਯੋਗਿਕ ਗੱਠਜੋੜ ਨੂੰ ਮਿਲਦਾ ਹੈ। ਅੱਜ ਬਜਟ ਮੁੜ ਤੋਂ ਹਥਿਆਰਾਂ ਦਾ ਜ਼ਖੀਰਾ ਜਮ੍ਹਾਂ ਕਰਨ ਲਈ ਬਣਾਏ ਜਾ ਰਹੇ ਹਨ, ਪਰਮਾਣੂ ਸੰਧੀਆਂ ਨੂੰ ਰੱਦ ਕੀਤਾ ਜਾ ਰਿਹਾ ਹੈ ਅਤੇ ਪਰਮਾਣੂ ਭੰਡਾਰਾਂ ਨੂੰ ਮੁੜ ਭਰਿਆ ਜਾ ਰਿਹਾ ਹੈ... ਇਹ ਸਭ ਇੱਕ ਵੱਡੀ ਤਬਾਹੀ ਵੱਲ ਇਸ਼ਾਰਾ ਕਰਦੇ ਹਨ। ਇਹ ਦੁਨੀਆ ਵਿੱਚ ਵੱਖ-ਵੱਖ ਥਾਵਾਂ 'ਤੇ ਭੜਕੀਆਂ ਜੰਗਾਂ ਨਾਲ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। ਇਸ ਵਿੱਚ ਏ ਆਈ ਦਾ ਉਭਾਰ ਜੋੜ ਦਿਓ ਅਤੇ ਤੁਹਾਡੇ ਕੋਲ ਇੱਕ ਅਜਿਹੀ ਦੁਨੀਆ ਹੋਵੇਗੀ ਜੋ ਕੁਝ ਤਕਨੀਕੀ ਮਾਹਿਰਾਂ (ਟੈਕਨੋਕਰੈਟਸ) ਅਤੇ ਤਾਨਾਸ਼ਾਹ ਸ਼ਾਸਕਾਂ ਦੇ ਰਹਿਮੋ-ਕਰਮ 'ਤੇ ਹੋਵੇਗੀ। ਨਿਸ਼ਸਤਰੀਕਰਨ ਕਮਿਸ਼ਨ 'ਆਈ ਏ ਈ ਏ' (ਇੰਟਰਨੈਸ਼ਨਲ ਅਟੌਮਿਕ ਐਨਰਜੀ ਏਜੰਸੀ) ਅਤੇ ਸੰਯੁਕਤ ਰਾਸ਼ਟਰ ਦੇ ਅਧੀਨ ਕਈ ਹੋਰ ਸੰਸਥਾਵਾਂ ਨੇ ਪਰਮਾਣੂ ਊਰਜਾ ਦੇ ਵਿਕਾਸ ਅਤੇ ਵਰਤੋਂ 'ਤੇ ਇੱਕ ਪ੍ਰਣਾਲੀਗਤ ਨਿਯੰਤਰਣ ਬਣਾਉਣ ਵਿੱਚ ਮਦਦ ਕੀਤੀ ਸੀ। ਹਾਲਾਂਕਿ, ਬਹੁਤ ਤੇਜ਼ੀ ਨਾਲ ਵਿਕਸਿਤ ਹੋ ਰਹੀ ਤਕਨੀਕ ਏ ਆਈ ਦੂਰਗਾਮੀ ਤਬਦੀਲੀਆਂ ਲਿਆਉਣ ਤੇ ਖਲਲ ਪਾਉਣ ਦੇ ਸਮਰੱਥ ਹੈ, ਜਿਸ ਉੱਤੇ ਇਸ ਵੇਲੇ ਕੋਈ ਪ੍ਰਣਾਲੀਗਤ ਕੰਟਰੋਲ ਨਹੀਂ ਹੈ। ਫੌਰੀ ਲੋੜ ਇਹ ਹੈ ਕਿ ਸਾਰੇ ਦੇਸ਼ ਏ ਆਈ ਦੇ ਇਸ ਹੱਲੇ ਦਾ ਸਾਹਮਣਾ ਕਰਨ ਲਈ ਇਕਜੁੱਟ ਹੋਣ ਅਤੇ ਕੰਟਰੋਲ ਤੇ ਸੰਤੁਲਨ ਦੀ ਇੱਕ ਪ੍ਰਣਾਲੀ ਘੜਨ। ਜੇ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਅਜਿਹੀ ਸਥਿਤੀ ਪੈਦਾ ਹੋ ਸਕਦੀ ਹੈ, ਜਿੱਥੇ ਏ ਆਈ 'ਬੇਕਾਬੂ ਅੱਗ' ਬਣ ਸਕਦੀ ਹੈ।

# ਅਮਰੀਕਾ ਨਾਲ ਕਿਸਾਨ ਮਾਰੂ ਸਮਝੌਤੇ ਦੇ ਰੋਸ ਵਜੋਂ ਕੁੱਲ ਹਿੰਦ ਕਿਸਾਨ ਸਭਾ ਨੇ ਫੂਕਿਆ ਟਰੰਪ ਦਾ ਪੁਤਲਾ



**ਮਾਛੀਵਾੜਾ ਸਾਹਿਬ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਸਮਰਾਲਾ ਇਕਾਈ ਨੇ ਪਿੰਡ ਝੜੌਦੀ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਅਮਰੀਕਾ ਨਾਲ ਕੀਤੇ ਕਿਸਾਨ ਮਾਰੂ ਸਮਝੌਤੇ ਦੇ ਵਿਰੋਧ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦਾ ਪੁਤਲਾ ਫੂਕ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੂਬਾਈ ਆਗੂ ਨਿੱਕਾ ਸਿੰਘ ਖੇੜਾ ਨੇ ਕਿਹਾ ਕਿ ਇਹ ਸਮਝੌਤਾ ਨਾ ਸਿਰਫ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਲਈ ਨੁਕਸਾਨ ਦੇਹ ਸਾਬਿਤ ਹੋਵੇਗਾ ਸਗੋਂ ਪੂਰੇ ਦੇਸ਼ ਦੀ ਖੇਤੀਬਾੜੀ ਆਰਥਿਕਤਾ ਨੂੰ ਤਬਾਹ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਜੋ ਮੁੱਖ ਤੌਰ ਤੇ ਇੱਕ ਖੇਤੀ ਪ੍ਰਧਾਨ ਸੂਬਾ ਹੈ ਇਸ ਨਾਲ ਪੂਰੀ ਤਰ੍ਹਾਂ ਬਰਬਾਦ ਹੋ ਜਾਵੇਗਾ। ਇਹ ਕੇਵਲ ਆਰਥਿਕ ਪੱਖ ਤੋਂ ਹੀ ਗੰਭੀਰ ਚਿੰਤਾ ਦਾ ਵਿਸ਼ਾ ਨਹੀਂ ਸਗੋਂ ਇਸ ਨਾਲ ਸਰਹੱਦੀ ਸੂਬੇ ਵਿੱਚ ਸਮਾਜਿਕ ਅਤੇ ਰਾਜਨੀਤਿਕ ਪ੍ਰਭਾਵ ਵੀ ਪੈ ਸਕਦਾ ਹੈ। ਇਸ ਵਾਰ ਜਦੋਂ ਇਹ ਵਪਾਰ ਸਮਝੌਤਾ ਲਾਗੂ ਹੋ ਗਿਆ ਤਾਂ ਦੇਸ ਵਿੱਚ ਸਸਤੇ ਖੇਤੀ ਉਤਪਾਦ ਅਤੇ ਘਰੇਲੂ ਉਤਪਾਦਾਂ ਦੀ ਥਾਂ ਲੈ ਲੈਣਗੇ। ਦੇਸ਼ ਦਾ ਕਿਸਾਨ ਦੇਸ਼ ਦੀ ਰੀੜ ਦੀ ਹੱਡੀ ਹੁੰਦਾ ਹੈ।ਇਸ ਸਮਝੌਤੇ ਨਾਲ ਭਾਜਪਾ ਸਰਕਾਰ ਕਿਸਾਨਾਂ ਦਾ ਗਲਾ ਘੁੱਟ ਰਹੀ ਹੈ। ਸਰਕਾਰ ਪਹਿਲਾਂ ਹੀ ਅਲੱਗ ਅਲੱਗ ਤਰੀਕੇ ਨਾਲ ਕਿਸਾਨਾਂ ਤੋਂ ਸਬਸਿਡੀ ਖੋਹ ਰਹੀ ਹੈ ਅਤੇ ਇਸ ਮਹਿੰਗਾਈ ਦੇ ਦੌਰ ਚ ਕਿਸਾਨਾ ਦੀ ਲਾਗਤ ਵੀ ਪੂਰੀ ਨਹੀਂ ਹੁੰਦੀ ਹੈ। ਇਸ ਸਮਝੋਤੇ ਨਾਲ ਕਿਸਾਨ ਪਹਿਲਾਂ ਹੀ ਆਤਮ ਹੱਤਿਆ ਲਈ ਮਜਬੂਰ ਹਨ।ਇਸ ਨਾਲ ਤਾਂ ਉਹਨਾਂ ਦੀ ਆਰਥਿਕਤਾ ਤੇ ਬਹੁਤ ਸੱਟ ਵੱਜੇਗੀ। ਇਸ ਤੋਂ ਇਲਾਵਾ ਉਹਨਾਂ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਜਥੇਬੰਦੀ ਤੇ ਪੰਜਾਬ ਪੁਲਿਸ ਵੱਲੋਂ ਸਰਕਾਰ ਦੀ ਸ਼ਹਿ ਤੇ ਕੀਤਾ ਗਿਆ ਤਸ਼ੱਦਦ ਬਹੁਤ ਹੀ ਨਿੰਦਣਯੋਗ ਹੈ।

10 ਮਾਰਚ ਨੂੰ ਬਰਨਾਲਾ ਵਿਖੇ ਵਿਸ਼ਾਲ ਕਿਸਾਨ ਰੈਲੀ ਵਿੱਚ ਸਾਥੀਆਂ ਨੂੰ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ ਗਈ। ਇਸ ਮੌਕੇ ਸਕੱਤਰ ਪ੍ਰਕਾਸ਼ ਸਿੰਘ ਉਧੋਵਾਲ, ਸਰਪੰਚ ਰਜਿੰਦਰ ਸਿੰਘ ਖੇੜਾ, ਬਾਬੂ ਸਿੰਘ, ਚਤਰ ਸਿੰਘ, ਬਲਕਾਰ ਸਿੰਘ, ਗੁਰਵਿੰਦਰ ਸਿੰਘ, ਜੁਗਰਾਜ ਸਿੰਘ,ਸ਼ਾਮ ਮਾਛੀਵਾੜਾ,ਛਿੰਦਰ ਸਿੰਘ, ਗਹਿਣਾ ਸਿੰਘ,ਭਾਗ ਸਿੰਘ, ਮੰਗਤ ਸਿੰਘ, ਜਸਵਿੰਦਰ ਸਿੰਘ, ਵਰਿੰਦਰ ਸਿੰਘ, ਬਲਜੀਤ ਸਿੰਘ, ਪ੍ਰਧਾਨ ਸਿੰਘ ਅਤੇ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਸਿਹਤ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਮੈਂਬਰਾਂ ਨੂੰ ਕੀਤਾ ਸਨਮਾਨਿਤ




**ਬਠਿੰਡਾ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿੱਖਿਆ, ਸਿਹਤ, ਰੋਜ਼ਗਾਰ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਵੱਡੀਆਂ ਉਪਲਬਧੀਆਂ ਦਰਜ ਕੀਤੀਆਂ ਗਈਆਂ ਹਨ।

ਇਹ ਪ੍ਰਗਟਾਵਾ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨੇ ਸਥਾਨਕ ਬਲਵੰਤ ਗਾਰਗੀ ਆਡੀਟੋਰੀਅਮ ਵਿਖੇ 78ਵੇਂ ਇੰਡੀਅਨ ਮੈਡੀਕਲ ਐਸੋਸੀਏਸ਼ਨ ਕਾਨਫਰੰਸ ਪਿਮਾਕਾਨ 2025 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਕਾਨਫਰੰਸ ਨੂੰ ਸਬੋਧਨ ਕਰਦਿਆਂ ਕੀਤਾ।

ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਵਿੱਚ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਉੱਚ-ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਦੀ ਸੁਧਾਰ ਪ੍ਰਕਿਰਿਆ, ਆਧੁਨਿਕ ਉਪਕਰਣਾਂ ਦੀ ਉਪਲਬਧਤਾ ਅਤੇ ਡਾਕਟਰੀ ਸਟਾਫ ਦੀ ਭਰਤੀ ਰਾਹੀਂ ਸਿਹਤ ਸੇਵਾਵਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਹ ਵੀ ਕਿਹਾ ਕਿ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਸਿਹਤ ਢਾਂਚੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਹਰ ਨਾਗਰਿਕ ਨੂੰ ਬਿਹਤਰ ਇਲਾਜ ਦੀ ਸਹੂਲਤ ਮਿਲ ਸਕੇ। ਉਹਨਾਂ ਡਾਕਟਰ ਭਾਈਚਾਰੇ ਦੀ ਸੇਵਾ ਭਾਵਨਾ ਅਤੇ ਸਮਰਪਣ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਡਾਕਟਰ ਸਮਾਜ ਦੀ ਰੀੜ੍ਹ ਦੀ ਹੱਡੀ ਹਨ।

ਇਸ ਦੌਰਾਨ ਸਿਹਤ ਮੰਤਰੀ ਨੇ ਸਿਹਤ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਮੇਅਰ ਪਦਮਜੀਤ ਮਹਿਤਾ, ਡਾ. ਰਾਜੀਵ ਸੂਦ ਵਾਈਸ ਚਾਂਸਲਰ ਬਾਬਾ ਫਰੀਦ ਯੂਨੀਵਰਸਿਟੀ ਫਰੀਦਕੋਟ, ਡਾ. ਵਿਕਾਸ ਛਾਬੜਾ, ਡਾ. ਤਪਿੰਦਰਜੋਤ, ਸਿਵਲ ਸਰਜਨ ਬਠਿੰਡਾ, ਡਾ. ਅਖਿਲੇਸ਼ ਪਾਠਕ, ਡਾ. ਆਰ.ਐਸ. ਸੇਠੀ, ਡਾ. ਜਨਕ ਰਾਜ ਸਿੰਗਲਾ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਮੌਜੂਦ ਸਨ।

# ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਟਾਹਲੀ ਵਾਲੇ ਪੀਰ ਦੇ ਸਲਾਨਾ ਜੋੜ ਮੇਲੇ ਤੇ ਕੌਂਸਲਰ ਛਿੰਦੀ ਨੇ ਚਾਦਰ ਚੜ੍ਹਾ ਕੀਤਾ ਸਿੱਜਦਾ

**ਮਾਛੀਵਾੜਾ ਸਾਹਿਬ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਵਾਰਡ ਨੰਬਰ 4,5 ਵਿਖੇ ਦੇ ਕੌਂਸਲਰ ਸੁਰਿੰਦਰ ਕੁਮਾਰ ਸ਼ਿੰਦੀ ਵਲੋਂ ਉਨ੍ਹਾਂ ਦੇ ਪਰਿਵਾਰ ਵਲੋਂ ਮੁਹੱਲੇ ਵਿਖੇ ਪੰਜ ਪੀਰਾਂ ਦੀ ਦਰਬਾਰ ਤੇ ਰਾਤ ਸਮੇਂ ਕਵਾਲੀਆਂ ਕਰਵਾਈਆਂ ਗਈਆਂ। ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਵਾਲ ਹਰਮਨ ਸਹੋਤਾ ਮੁਹਾਲੀ ਵਾਲਿਆਂ ਵਲੋਂ ਪੰਜ ਪੀਰਾਂ, ਗੌਸਪਾਕ ਗਿਆਰਵੀਂ ਸਰਕਾਰ,ਰੂੜੀ ਮਾਤਾ ਦੇ ਜੀਵਨ ਬਾਰੇ ਕਵਾਲੀਆਂ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਝੂਮਣ ਲਾ ਦਿੱਤਾ। ਵਾਰਡ ਨੰਬਰ,4,5 ਦੇ ਸਮੂਹ ਨਿਵਾਸੀਆਂ ਵੱਲੋਂ ਮਿੱਠੇ,ਨਮਕੀਨ ਚਾਵਲ ਦਾ ਪ੍ਰਸ਼ਾਦ ਤਿਆਰ ਕੀਤਾ ਗਿਆ। ਸਮੂਹ ਮੁਹੱਲਾ ਨਿਵਾਸੀਆਂ ਵਲੋਂ ਝੰਡੇ ਲੈਕੇ ਬਾਬਾ ਟਾਹਲੀ ਵਾਲੇ ਪੀਰ ਦੇ ਸੰਗਤ ਨੇ ਜੈਕਾਰੇ ਲਾਉਂਦੇ ਪੀਰ ਟਾਹਲੀ ਵਾਲੇ ਦੇ ਦਰਬਾਰ ਪਹੁੰਚੇ।

ਸੰਗਤਾਂ ਵੱਲੋਂ ਸ਼ਰਧਾਪੂਰਵਕ ਝੰਡਾ ਚੜ੍ਹਾਇਆ ਗਿਆ।ਕੌਂਸਲਰ ਸੁਰਿੰਦਰ ਕੁਮਾਰ ਸ਼ਿੰਦੀ, ਮੁਲਖ਼ ਰਾਜ,ਅੱਛਰ ਰਾਮ, ਪਰਮਜੀਤ ਸਿੰਘ ਵਲੋਂ ਸਾਂਝੇ ਤੌਰ ਤੇ ਬਾਬਾ ਟਾਹਲੀ ? ਵਾਲੇ ਪੀਰ ਦੀ ਮਜ਼ਾਰ ਤੇ ਚਾਦਰ ਚੜ੍ਹਾਈ ਗਈ ਅਤੇ ਮੁਹੱਲਾ



ਨਿਵਾਸੀਆਂ ਦੀ ਸੁਖ ਸ਼ਾਂਤੀ ਲਈ ਅਰਦਾਸ ਕੀਤੀ ਗਈ। ਟਾਹਲੀ ਵਾਲੇ ਪੀਰ ਦੀ ਮਜ਼ਾਰ ਤੇ ਬਜ਼ੁਰਗਾਂ ਵਲੋਂ ਪਿਛਲੇ ਕਈ ਸਾਲ ਤੋਂ ਸ਼ੁਰੂ ਕੀਤਾ ਪੀਰਾਂ ਦਾ ਮੇਲਾ ਕਰਵਾਉਂਦਿਆਂ ਵਾਰਡ ਨੰਬਰ 4, 5 ਦੀਆਂ ਸੰਗਤਾਂ ਵੱਲੋਂ ਕਵਾਲੀਆਂ ਵੀ ਕਰਵਾਈਆਂ ਜਾਂਦੀਆਂ ਹਨ। ਅੰਗਰੇਜ਼ ਸਿੰਘ ਦੇ ਸਮੂਹ ਪਰਿਵਾਰ ਵਲੋਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਜਾਂਦਾ ਹੈ।ਇਸ ਸਮੇਂ ਅੱਛਰ ਰਾਮ, ਮੁਲਖ਼ ਰਾਜ,ਰਾਮ ਲੋਕ ਪਰਮਜੀਤ ਸਿੰਘ, ਛਿੰਦਾ ਸਿੰਘ ਸੰਗਰੂਰ,ਜੀਤ ਰਾਮ,ਕੇਹਰ ਸਿੰਘ, ਫੀਰਾ ਰਾਮ, ਡਾਕਟਰ ਮਦਨ ਪਾਲ, ਬਲਦੇਵ ਸਿੰਘ ਹਲਵਾਈ,ਅਕਾਉਂਟੈਂਟ ਮੰਗਤ ਰਾਮ,ਗੁਰਦੀਪ ਸਿੰਘ ਕਾਲਾ ਰਾਮ ਪ੍ਰਧਾਨ, ਕੁਲਵਿੰਦਰ ਕਿੰਦਾ,ਸਵਰਨ ਸਿੰਘ ਸੰਨੀ ਪ੍ਰਧਾਨ, ਗੁਰਮੀਤ ਸਿੰਘ ਪਰਮਜੀਤ ਪੰਮੀ, ਬਲਵੰਤ ਸਿੰਘ ਕਾਕਾ, ਕੁਲਵਿੰਦਰ ਬਾਜਵਾ, ਛਿੰਦਰਪਾਲ ,ਜਸਵਿੰਦਰ ਸਿੰਘ ਜੱਸੀ ,ਪਰਮਜੀਤ ਸੁੱਖੀ,ਸੰਜੂ, ਬਿਕਰਮ ਸਿੰਘ,ਕਰਨ ਮਾਨ, ਸੰਨੀ ,ਕਮਲਜੀਤ ਮਾਨ, ਜਸਵੰਤ ਸਿੰਘ, ਸੇਵਾ ਸਿੰਘ,ਰੋਸ਼ਨ ਹੰਸ, ਗੁਰਪ੍ਰੀਤ ਸਿੰਘ ਬੂਟਾ, ਕਰਮਜੀਤ ਢੋਲੀ,,ਸਿੰਘ,ਮਨਪ੍ਰੀਤ ਸਿੰਘ, ਬਲਜੀਤ ਬਿੱਲੂ ਅਸ਼ੋਕ ਕੁਮਾਰ,ਦੀਪਕ ਕੁਮਾਰ ਢੋਲੀ,ਅਮਰੀਕ ਸਿੰਘ,ਬਿਟੂ, ਗੋਲਡੀ, ਸੁਖਦੇਵ ਸਿੰਘ ਆਦਿ ਹਾਜ਼ਰ ਸਨ।

# ਪਾਸਿੰਗ ਆਊਟ ਪਰੇਡ ਤੇ ਸਹੁੰ ਸਮਾਰੋਹ ਦਾ ਆਯੋਜਨ

**ਹੁਸ਼ਿਆਰਪੁਰ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਪ੍ਰਸ਼ਿਖਣ ਕੇਂਦਰ, ਸੀਮਾ ਸੁਰੱਖਿਆ ਬਲ, ਖੜਕਾ ਕੈਂਪ ਸ਼ਹੀਦ ਸਤਪਾਲ ਚੌਧਰੀ ਪਰੇਡ ਗਰਾਊਂਡ ਹੁਸ਼ਿਆਰਪੁਰ ਵਿੱਚ 21 ਫਰਵਰੀ 2026 ਨੂੰ (ਬੈਚ ਨੰਬਰ 277 ਅਤੇ 278) ਨਵੇਂ ਆਰਕਸ਼ਕਾਂ ਦੀ ਪਾਸਿੰਗ ਆਊਟ ਪਰੇਡ ਅਤੇ ਸਹੁੰ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕੁੱਲ 458 ਨਵੇਂ ਆਰਕਸ਼ਕ ਪਾਸ ਆਊਟ ਹੋ ਕੇ ਦੇਸ਼ ਸੇਵਾ ਵਿੱਚ ਸ਼ਾਮਲ ਹੋਣਗੇ!

ਸ੍ਰੀ ਸਤੀਸ਼ ਸ਼੍ਰੀਰਾਮਜੀ ਖੰਡਾਰੇ, ਭਾਰਤੀ ਪੁਲਿਸ ਸੇਵਾ, ਵਿਸ਼ੇਸ਼ ਮਹਾਨਿਰਦੇਸ਼ਕ, ਸੀਮਾ ਸੁਰੱਖਿਆ ਬਲ (ਪੱਛਮੀ ਕਮਾਂਡ) ਨੂੰ ਮੁੱਖ ਮਹਿਮਾਨ ਵਜੋਂ ਸ੍ਰੀ ਚਾਰੂ ਧਵਜ ਅਗਰਵਾਲ, ਮਹਾਨਿਰਦੇਸ਼ਕ ਸਹਾਇਕ ਪ੍ਰਸ਼ਿਖਣ ਕੇਂਦਰ ਖੜਕਾ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਸਹਾਇਕ ਪ੍ਰਸ਼ਿਖਣ ਕੇਂਦਰ ਖੜਕਾ ਦੇ ਸਮੂਹ ਸਟਾਫ, ਉਨ੍ਹਾਂ ਦੇ ਪਰਿਵਾਰਕ ਮੈਂਬਰ, ਪ੍ਰਸ਼ਿਖਣਾਰਥੀ, ਬੀਐੱਸਐੱਫ ਦੇ ਸੇਵਾਨਿਵ੍ਰਿਤ ਅਧਿਕਾਰੀ ਤੇ ਇਨ੍ਹਾਂ ਨਵੇਂ ਆਰਕਸ਼ਕਾਂ ਦੇ ਪਰਿਵਾਰਕ ਮੈਂਬਰ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪਤਵੰਤੇ ਵਿਅਕਤੀ ਵੀ ਮੌਜੂਦ ਸਨ।

ਪਰੇਡ ਵੱਲੋਂ ਮੁੱਖ ਮਹਿਮਾਨ ਨੂੰ ਜਨਰਲ ਸੈਲਿਊਟ ਨਾਲ ਸਨਮਾਨਿਤ ਕੀਤਾ ਗਿਆ ਅਤੇ ਮੁੱਖ ਮਹਿਮਾਨ ਨੇ ਪਰੇਡ ਦਾ ਨਿਰੀਖਣ ਕੀਤਾ। ਪਰੇਡ ਦੀ ਅਗਵਾਈ ਰਾਜਸਥਾਨ ਦੇ ਨਵੇਂ ਆਰਕਸ਼ਕ ਆਸ਼ੀਸ਼ ਚੌਹਾਨ ਨੇ ਕੀਤੀ। ਇੰਡੋਰ ਅਤੇ ਆਊਟਡੋਰ ਵਿਸ਼ਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਨਵੇਂ ਆਰਕਸ਼ਕਾਂ ਨੂੰ ਮੁੱਖ ਮਹਿਮਾਨ ਵੱਲੋਂ ਪਦਕਾਂ ਨਾਲ ਸਨਮਾਨਿਤ ਕੀਤਾ ਗਿਆ।

ਨਵੇਂ ਆਰਕਸ਼ਕਾਂ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਨੇ ਪੂਰੇ ਦਿਲ ਨਾਲ ਪਰੇਡ ਦੌਰਾਂ ਉਨ੍ਹਾਂ ਦੇ ਆਤਮਵਿਸ਼ਵਾਸ, ਕੌਸ਼ਲ ਅਤੇ ਸਮਨਵਯ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਜੋ ਪਰੇਡ ਦੀ ਪਛਾਣ ਹੈ। ਉਨ੍ਹਾਂ ਨੇ ਬੀਐੱਸਐੱਫ ਨੂੰ ਕਰੀਅਰ ਵਿਕਲਪ ਵਜੋਂ ਚੁਣਨ ਲਈ ਨਵੇਂ ਆਰਕਸ਼ਕਾਂ ਦੀ ਸਰਾਹਨਾ ਕੀਤੀ ਅਤੇ ਹੌਸਲੇ ਅਤੇ ਉਤਸ਼ਾਹ ਨਾਲ ਦੇਸ਼ ਦੀ ਸੇਵਾ ਕਰਨ ਅਤੇ ਰਾਸ਼ਟਰ ਦੇ ਆਹਵਾਨ ਤੇ ਬਲ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।

ਮੁੱਖ ਮਹਿਮਾਨ ਨੇ ਧੰਨਵਾਦ ਪ੍ਰਗਟ ਕਰਦੇ ਹੋਏ ਇਨ੍ਹਾਂ ਨਵੇਂ ਆਰਕਸ਼ਕਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਮਜ਼ਬੂਤ ਅਤੇ ਸਸ਼ਕਤ ਪਹਿਰੇਦਾਰ ਵਜੋਂ ਢਾਲਣ ਲਈ ਸ੍ਰੀ ਚਾਰੂ ਧਵਜ ਅਗਰਵਾਲ, ਮਹਾਨਿਰਦੇਸ਼ਕ, ਸ੍ਰੀ ਬੀਰੇਂਦਰ ਕੁਮਾਰ ਕਮਾਂਡੈਂਟ (ਪਸ਼ਿਖਣ) ਅਤੇ ਪ੍ਰਸ਼ਿਖਣ ਟੀਮ ਦੇ ਅਣਥਕ ਪ੍ਰਯਾਸਾਂ ਅਤੇ ਮਿਹਨਤ ਦੀ ਸਰਾਹਨਾ ਕੀਤੀ। ਮੁੱਖ ਮਹਿਮਾਨ ਨੇ ਪਾਸ ਆਊਟ ਹੋਏ ਨਵੇਂ ਆਰਕਸ਼ਕਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਪੂਰੇ ਕੈਰੀਅਰ ਵਿੱਚ ਸੇਵਾ ਅਤੇ ਇਮਾਨਦਾਰੀ ਦੇ ਮੁੱਲਾਂ ਨੂੰ ਬਣਾਈ ਰੱਖਣ ਦੀ ਅਪੀਲ ਕੀਤੀ।

# ਜ਼ਿਲ੍ਹੇ ਦੇ ਨੌਜਵਾਨਾਂ ਦੇ ਭਵਿੱਖ ਨੂੰ ਰੌਸ਼ਨ ਕਰ ਰਿਹਾ ਸੀ-ਪਾਈਟ ਕੈਂਪ : ਡਿਪਟੀ ਕਮਿਸ਼ਨਰ



**ਸ੍ਰੀ ਆਨੰਦਪੁਰ ਸਾਹਿਬ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਦੂਸ਼ਣ ਨੂੰ ਘਟਾਉਣ ਦੇ ਮੰਤਵ ਨਾਲ ਗਰੀਨ ਹੋਲਾ ਮਹੱਲਾ ਮਨਾਉਣ ਦੇ ਵਿਸੇਸ਼ ਮਿਸ਼ਨ ਨੂੰ ਸਫਲ ਬਣਾਉਣ ਲਈ ਅੱਜ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਤੇ ਉਪ ਮੰਡਲ ਮੈਜਿਸਟ੍ਰੇਟ ਕਮ ਮੇਲਾ ਅਫਸਰ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਲੰਗਰ ਕਮੇਟੀ ਪ੍ਰਬੰਧਕਾਂ ਨਾਲ ਵਿਸੇਸ਼ ਮੀਟਿੰਗ ਕੀਤੀ ਗਈ। ਇਸ ਦੌਰਾਨ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਗਰੀਨ ਹੋਲਾ ਮਹੱਲਾ ਮਨਾਉਣ ਦੇ ਮਿਸ਼ਨ ਤਹਿਤ ਲੰਗਰ ਕਮੇਟੀਆਂ ਨੂੰ ਲੋੜੀਦੀ ਮਾਤਰਾਂ ਵਿੱਚ ਜੈਵਿਕ ਖਪਣਯੋਗ ਬਰਤਨ ਮੁਫਤ ਵਿਚ ਉਪਲੱਬਧ ਕਰਵਾਏ ਜਾਣਗੇ। ਲੰਗਰਾਂ ਦਾ ਵੇਸਟ ਮਟੀਰੀਅਲ ਇਕੱਠਾ ਕਰਨ ਲਈ ਕੱਪੜੇ ਅਤੇ ਜੈਵਿਕ ਖਪਣਯੋਗ ਪਦਾਰਥਾਂ ਦੇ ਬਣੇ ਥੈਲੇ ਵੀ ਲੰਗਰ ਕਮੇਟੀਆਂ ਨੂੰ ਮੁਫਤ ਦਿੱਤੇ ਜਾਣਗੇ।ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੀਟਿੰਗ ਹਾਲ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਲੰਗਰ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਮੇਲਾ ਅਫਸਰ ਕਮ ਐਸ.ਡੀ.ਐਮ ਸੁਖਪਾਲ ਸਿੰਘ ਪੀ.ਸੀ.ਐਸ ਅਤੇ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਵਿਸੇਸ਼ ਮੀਟਿੰਗ ਕੀਤੀ ਗਈ। ਇਸ ਤੋ ਪਹਿਲਾ 20 ਫਰਵਰੀ ਨੂੰ ਪੀਪੀਸੀਬੀ ਦੇ ਚੇਅਰਪਰਸਨ ਰੀਨਾ ਗੁਪਤਾ ਅਤੇ ਮੈਂਬਰ ਸੈਕਟਰੀ ਲਵਨੀਤ ਦੂਬੇ ਵੱਲੋਂ ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀ ਅਦਿੱਤਿਆ ਡਚਲਵਾਲ ਅਤੇ ਹੋਰ ਅਧਿਕਾਰੀਆਂ ਨਾਲ ਵਿਸੇਸ਼ ਮੀਟਿੰਗ ਕਰਕੇ ਪ੍ਰਦੂਸ਼ਣ ਮੁਕਤ ਹੋਲਾ ਮਹੱਲਾ ਮਨਾਉਣ ਬਾਰੇ ਕਿਹਾ ਗਿਆ ਹੈ।

ਪ੍ਰਸ਼ਾਸ਼ਨ ਵੱਲੋਂ ਇਸ ਵਾਰ ਹੋਲਾ ਮਹੱਲਾ ਦੌਰਾਨ ਸੈਲੰਸਰ ਹਟਾ ਕੇ ਮੋਟਰਸਾਈਕਲ, ਟਰੈਕਟਰ ਤੇ ਹੋਰ ਵਾਹਨ ਚਲਾਉਣ, ਹੁੱਲੜਬਾਜੀ ਅਤੇ ਰੰਗ ਗੁਲਾਲ ਦੀ ਵਰਤੋਂ ਨਾਂ ਕਰਨ ਦੀ ਅਪੀਲ ਕੀਤੀ ਹੈ। ਪ੍ਰਸ਼ਾਸ਼ਨ ਵੱਲੋਂ ਇਸ ਵਾਰ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਤੇ ਮੁਕੰਮਲ ਪਾਬੰਦੀ ਲਗਾਉਣ ਅਤੇ ਵਾਤਾਵਰਣ ਸਾਫ ਸੁਥਰਾ ਰੱਖਣ ਲਈ ਹਰ ਵਰਗ ਦਾ ਸਹਿਯੋਗ ਮੰਗਿਆ ਹੈ।

# ਡੀਏਵੀ ਸਕੂਲ ਦੇ ਖਿਡਾਰੀਆਂ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ

**ਹੁਸ਼ਿਆਰਪੁਰ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਡੀਏਵੀ ਸੀਨੀਅਰ ਸੈਕੰਡਰੀ ਸਕੂਲ, ਹੁਸ਼ਿਆਰਪੁਰ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡਾਂ ਦੀਆਂ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਖਿਡਾਰੀਆਂ ਦੀਆਂ ਉਪਲਬਧੀਆਂ 'ਤੇ ਸਕੂਲ ਪ੍ਰਬੰਧਨ ਅਤੇ ਮਾਪਿਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।

ਅਕਸ਼ਤ ਭਾਰਦਵਾਜ ਨੇ ਸਾਲ 2024 ਅਤੇ 2025 ਵਿੱਚ ਰਾਸ਼ਟਰੀ ਪੱਧਰ ਦੀ ਕੁਰਾਸ਼ ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਅਤੇ ਸਾਲ 2025 ਵਿੱਚ ਜੂਡੋ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹਰਸਿਮਰ ਸਿੰਘ ਕੰਗ ਨੇ ਸਾਲ 2025 ਵਿੱਚ ਯੂਥ ਏਸ਼ੀਅਨ ਸਿਲੈਕਸ਼ਨ ਜੂਡੋ ਵਿੱਚ ਸੋਨੇ ਦਾ ਤਗਮਾ, ਯੂ-19 ਸਕੂਲ ਨੈਸ਼ਨਲ 2025 ਵਿੱਚ ਕਾਂਸੀ ਦਾ ਤਗਮਾ, ਸਬ-ਜੂਨੀਅਰ ਨੈਸ਼ਨਲ ਜੂਡੋ 2024 ਵਿੱਚ ਸੋਨੇ ਦਾ ਤਗਮਾ ਅਤੇ ਕੈਡੇਟ ਨੈਸ਼ਨਲ ਜੂਡੋ 2025 ਵਿੱਚ ਕਾਂਸੀ ਦਾ ਤਗਮਾ ਹਾਸਲ ਕੀਤਾ। ਰਿਤਿਕਾ ਨੇ ਹਾਲ ਹੀ ਵਿੱਚ ਨੇਪਾਲ ਵਿੱਚ ਆਯੋਜਿਤ ਅੰਤਰਰਾਸ਼ਟਰੀ ਆਮੰਤਰਣ ਟੂਰਨਾਮੈਂਟ



ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਦੇਸ਼ ਅਤੇ ਸਕੂਲ ਦਾ ਮਾਣ ਵਧਾਇਆ।

ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨਲ, ਜ਼ਿਲ੍ਹਾ ਅਤੇ ਰਾਜ ਪੱਧਰ ਦੀਆਂ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜ਼ੋਨਲ ਟੂਰਨਾਮੈਂਟ ਵਿੱਚ ਫੁੱਟਬਾਲ (ਯੂ-19), ਕ੍ਰਿਕਟ (ਯੂ-17, ਯੂ-19), ਬਾਸਕਟਬਾਲ (ਯੂ-17, ਯੂ-19), ਲੜਕੀਆਂ ਦੀ ਬਾਕਸਿੰਗ (ਯੂ-19), ਕੁਰਾਸ਼, ਸ਼ਤਰੰਜ ਅਤੇ ਐਥਲੈਟਿਕਸ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

ਬਾਕਸਿੰਗ, ਕੁਸ਼ਤੀ, ਕਿੱਕ ਬਾਕਸਿੰਗ, ਵੁਸ਼ੂ ਅਤੇ ਤੈਰਾਕੀ ਵਿੱਚ ਕਈ ਵਿਜੇਤਾ ਅਤੇ ਉਪ-ਵਿਜੇਤਾ ਸਥਾਨ ਹਾਸਲ ਕੀਤੇ। ਜ਼ਿਲ੍ਹਾ ਪੱਧਰ 'ਤੇ ਕ੍ਰਿਕਟ, ਬਾਕਸਿੰਗ, ਜੂਡੋ, ਕੁਸ਼ਤੀ, ਕਿੱਕ ਬਾਕਸਿੰਗ ਅਤੇ ਐਥਲੈਟਿਕਸ ਵਿੱਚ ਕਈ ਸੋਨੇ ਦੇ ਤਗਮੇ ਜਿੱਤੇ ਗਏ। ਰਾਜ ਪੱਧਰ ਦੀਆਂ ਮੁਕਾਬਲਿਆਂ ਵਿੱਚ ਕ੍ਰਿਕਟ, ਬਾਸਕਟਬਾਲ, ਬਾਕਸਿੰਗ, ਜੂਡੋ, ਕੁਰਾਸ਼, ਕੁਸ਼ਤੀ ਅਤੇ ਤੈਰਾਕੀ ਵਿੱਚ ਖਿਡਾਰੀਆਂ ਨੇ ਹਿੱਸਾ ਲੈਂਦਿਆਂ ਸੋਨੇ ਦੇ ਤਗਮੇ ਵੀ ਜਿੱਤੇ।

ਡੀਏਵੀ ਕਾਲਜ ਮੈਨੇਜਿੰਗ ਕਮੇਟੀ, ਹੁਸ਼ਿਆਰਪੁਰ ਦੇ ਪ੍ਰਧਾਨ ਡਾ. ਅਨੂਪ ਕੁਮਾਰ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਫਲਤਾ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਖੇਡ ਕਿੱਟ ਵੰਡੀ।

# ਸਵਰਗੀ ਸੇਠ ਸੰਦੀਪ ਗਿਲਹੋਤਰਾ ਦੀ ਅੰਤਿਮ ਅਰਦਾਸ ਵਿੱਚ ਉਮੜਿਆ ਸ਼ਰਧਾ ਅਤੇ ਸਤਿਕਾਰ ਦਾ ਜਨ-ਸੈਲਾਬ

**ਫਾਜ਼ਿਲਕਾ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਕੁਝ ਲੋਕ ਜੀਵਨ ਜਿਊਂਦੇ ਨਹੀਂ, ਸਗੋਂ ਇਕ ਯੁੱਗ ਰਚ ਜਾਂਦੇ ਹਨ। ਜਦੋਂ ਅਜਿਹੀਆਂ ਸ਼ਖਸੀਅਤਾਂ ਇਸ ਸੰਸਾਰ ਤੋਂ ਵਿਦਾ ਹੁੰਦੀਆਂ ਹਨ ਤਾਂ ਸੋਗ ਸਿਰਫ਼ ਪਰਿਵਾਰ ਤੱਕ ਸੀਮਤ ਨਹੀਂ ਰਹਿੰਦਾ— ਪੂਰਾ ਸ਼ਹਿਰ, ਪੂਰਾ ਸਮਾਜ ਉਸ ਨੂੰ ਆਪਣਾ ਨਿੱਜੀ ਘਾਟਾ ਮੰਨਦਾ ਹੈ। ਮਸ਼ਹੂਰ ਸਮਾਜ ਸੇਵੀ ਅਤੇ ਦਿੱਗਜ ਸ਼ਖਸੀਅਤ ਸਵਰਗੀ ਸੇਠ ਸੰਦੀਪ ਗਿਲਹੋਤਰਾ ਦੀ ਅੰਤਿਮ ਅਰਦਾਸ ਵਿੱਚ ਅੱਜ ਭਾਵਨਾਵਾਂ ਦਾ ਅਜਿਹਾ ਸੈਲਾਬ ਉਮੜਿਆ, ਜਿਸ ਨੇ ਇਹ ਸਾਬਤ ਕਰ ਦਿੱਤਾ ਕਿ ਸੇਠ ਸੰਦੀਪ ਗਿਲਹੋਤਰਾ ਸਿਰਫ਼ ਇਕ ਨਾਂ ਨਹੀਂ, ਸਗੋਂ ਵਿਸ਼ਵਾਸ, ਸੇਵਾ ਅਤੇ ਇਨਸਾਨੀਅਤ ਦੀ ਪਛਾਣ ਸਨ।

ਪੰਜਾਬ, ਹਰਿਆਣਾ ਅਤੇ ਗੁਆਂਢੀ ਰਾਜਾਂ ਤੋਂ ਹਜ਼ਾਰਾਂ ਲੋਕ ਹੋਏ ਸ਼ਾਮਲ ਸਵ. ਸੇਠ ਸੰਦੀਪ ਗਿਲਹੋਤਰਾ ਦੀ ਅੰਤਿਮ ਅਰਦਾਸ ਵਿੱਚ ਸ਼ਰਧਾ ਅਤੇ ਸਤਿਕਾਰ ਦਾ ਅਜਿਹਾ ਸੰਗਮ ਦੇਖਣ ਨੂੰ ਮਿਲਿਆ, ਜਿਸ ਨੇ ਇਹ ਸਾਬਤ ਕਰ ਦਿੱਤਾ ਕਿ ਉਹ ਸਿਰਫ਼ ਇੱਕ ਵਿਅਕਤੀ ਨਹੀਂ, ਸਗੋਂ ਇੱਕ ਸੰਸਥਾ ਸਨ। ਐਮ.ਆਰ. ਕਾਲੋਨੀ ਦੇ ਨੇੜੇ ਐਮ.ਆਰ. ਗੋਲਡ ਵੁੱਡ ਵਿਖੇ ਆਯੋਜਿਤ ਇਸ ਸ਼ੋਕ ਸਭਾ ਵਿੱਚ ਪੰਜਾਬ, ਹਰਿਆਣਾ ਅਤੇ ਗੁਆਂਢੀ ਰਾਜਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪਹੁੰਚੇ। ਜ਼ਿਕਰਯੋਗ ਹੈ ਕਿ ਸਵ. ਸੰਦੀਪ ਗਿਲਹੋਤਰਾ, ਪ੍ਰਮੁੱਖ ਸਮਾਜ ਸੇਵੀ ਕਰਨ ਗਿਲਹੋਤਰਾ ਦੇ ਪਿਤਾ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਸਹੁਰਾ ਸਾਹਿਬ ਸਨ।

ਪੰਜਾਬ ਅਤੇ ਹਰਿਆਣਾ ਦੇ ਰਾਜਪਾਲਾਂ ਨੇ ਅਰਪਿਤ ਕੀਤੇ ਸ਼ਰਧਾ ਦੇ ਫੁੱਲ ਸਵ. ਸੰਦੀਪ ਗਿਲਹੋਤਰਾ ਦੇ ਸਮਾਜਿਕ ਕੱਦ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਰਾਜਨੀਤੀ ਦੇ ਦਿੱਗਜ ਇਕ ਮੰਚ 'ਤੇ ਨਜ਼ਰ ਆਏ।

ਮਾਨਯੋਗ ਰਾਜਪਾਲ ਪੰਜਾਬ ਅਤੇ ਹਰਿਆਣਾ ਦੇ ਰਾਜਪਾਲਾਂ ਨੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਸੋਗ ਪ੍ਰਗਟ ਕੀਤਾ। ਇਸ ਦੁਖਦਾਈ ਘੜੀ ਵਿੱਚ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਸ਼ਿਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹਾਜ਼ਰੀ ਭਰੀ। ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਪੰਜਾਬ ਦੇ ਰਾਜਪਾਲ



ਸ੍ਰੀ ਗੁਲਾਬ ਚੰਦ ਕਟਾਰੀਆ, ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਘੋਸ਼, ਹਰਿਆਣਾ ਦੀ ਫਰਸਟ ਲੇਡੀ ਸ੍ਰੀਮਤੀ ਮਿਤਰਾ ਘੋਸ਼, ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਬਰਿੰਦਰ ਗੋਇਲ, ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਕਾਕਾ ਬਰਾੜ, ਹਰਭਜਨ ਸਿੰਘ ਈ.ਟੀ.ਓ., ਨਰਿੰਦਰ ਪਾਲ ਸਿੰਘ ਸਵਨਾ, ਜਗਦੀਪ ਗੋਲਡੀ ਕੰਬੋਜ, ਅਮਨਦੀਪ ਗੋਲਡੀ ਮੁਸਾਫਿਰ ਅਤੇ ਹੋਰ ਕਈ ਸਾਬਕਾ ਵਿਧਾਇਕ ਤੇ ਪ੍ਰਸ਼ਾਸਨਿਕ ਅਧਿਕਾਰੀ ਸ਼ਾਮਲ ਸਨ।

ਸਵ. ਸੰਦੀਪ ਗਿਲਹੋਤਰਾ ਦਾ ਜੀਵਨ ਸਮਾਜ ਸੇਵਾ ਦੀ ਅਮੋਲਕ ਵਿਰਾਸਤ: ਰਾਜਪਾਲ ਗੁਲਾਬ ਚੰਦ ਕਟਾਰੀਆ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਸਵ. ਸੰਦੀਪ ਗਿਲਹੋਤਰਾ ਦਾ ਜੀਵਨ ਸਮਾਜ ਸੇਵਾ ਦੀ ਅਮੋਲਕ ਵਿਰਾਸਤ ਹੈ।

ਉਨ੍ਹਾਂ ਕਿਹਾ ਕਿ ਅਜਿਹੀ ਸ਼ਖਸੀਅਤ ਵਾਲੇ ਲੋਕ ਬਹੁਤ ਘੱਟ ਹੁੰਦੇ ਹਨ, ਜੋ ਆਪਣੇ ਕੰਮਾਂ ਨਾਲ ਸਮਾਜ ਦੇ ਹਰ ਵਰਗ ਦਾ ਵਿਸ਼ਵਾਸ ਜਿੱਤ ਲੈਂਦੇ ਹਨ। ਉਨ੍ਹਾਂ ਦਾ ਜਾਣਾ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਸਵ. ਸੰਦੀਪ ਗਿਲਹੋਤਰਾ ਦਾ ਜੀਵਨ ਪ੍ਰੇਰਨਾ ਦਾ ਸਰੋਤ ਰਹੇਗਾ: ਰਾਜਪਾਲ ਪ੍ਰੋ. ਅਸੀਮ ਘੋਸ਼ ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਘੋਸ਼ ਨੇ ਕਿਹਾ ਕਿ ਸਵ. ਗਿਲਹੋਤਰਾ ਨੇ ਹੱਦਾਂ ਤੋਂ ਪਰ੍ਹੇ ਜਾ ਕੇ ਮਾਨਵਤਾ ਦੀ ਸੇਵਾ ਕੀਤੀ। ਉਨ੍ਹਾਂ ਦਾ ਜੀਵਨ ਪ੍ਰੇਰਨਾ ਦਾ ਸਰੋਤ ਰਹੇਗਾ ਅਤੇ ਉਨ੍ਹਾਂ ਦੇ ਸਮਾਜਿਕ ਕਾਰਜ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਬਣਨਗੇ।

ਸੰਦੀਪ ਗਿਲਹੋਤਰਾ ਵਰਗਾ ਨਾ ਕੋਈ ਸੀ, ਨਾ ਹੋਵੇਗਾ ਸਮਾਗਮ ਦੌਰਾਨ ਹਰ ਸ਼ਖਸ ਦੀ ਜ਼ੁਬਾਨ 'ਤੇ ਉਨ੍ਹਾਂ ਦੀ ਸਾਦਗੀ ਅਤੇ ਦੂਜਿਆਂ ਦੀ ਮਦਦ ਕਰਨ ਦੇ ਜਨੂੰਨ ਦੀ ਚਰਚਾ ਸੀ। ਸ਼ਹਿਰ ਵਾਸੀਆਂ ਨੇ ਨਮ ਅੱਖਾਂ ਨਾਲ ਯਾਦ ਕਰਦਿਆਂ ਕਿਹਾ ਕਿ ਸੰਦੀਪ ਜੀ ਦਾ ਜਾਣਾ ਫਾਜ਼ਿਲਕਾ ਅਤੇ ਪੂਰੇ ਖੇਤਰ ਲਈ ਇਕ ਵੱਡਾ ਘਾਟਾ ਹੈ।

ਉਨ੍ਹਾਂ ਨੇ ਨਾ ਸਿਰਫ਼ ਵਪਾਰਕ ਜਗਤ ਵਿੱਚ ਆਪਣੀ ਪਛਾਣ ਬਣਾਈ, ਸਗੋਂ ਇਕ ਸੱਚੇ ਮਾਰਗ ਦਰਸ਼ਕ ਵਜੋਂ ਸਮਾਜ ਦੀ ਸੇਵਾ ਕੀਤੀ। ਆਪਣੇ ਪਿਤਾ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਾਂਗਾ: ਕਰਨ ਗਿਲਹੋਤਰਾ ਇਸ ਮੌਕੇ ਸ਼ਰਧਾਂਜਲੀ ਸਮਾਗਮ ਵਿੱਚ ਉਮੜੇ ਭਾਰੀ ਜਨ-ਸੈਲਾਬ ਨੂੰ ਦੇਖ ਕੇ ਭਾਵੁਕ ਹੋਏ ਸਪੁੱਤਰ ਕਰਨ ਗਿਲਹੋਤਰਾ ਨੇ ਕਿਹਾ ਕਿ ਉਨ੍ਹਾਂ ਦੇ ਪੂਜਨੀਕ ਪਿਤਾ ਸੇਠ ਸੰਦੀਪ ਗਿਲਹੋਤਰਾ ਨੇ ਲੋਕਾਂ ਵਿੱਚ ਰਹਿ ਕੇ ਜੋ ਪਿਆਰ ਅਤੇ ਸਤਿਕਾਰ ਕਮਾਇਆ, ਉਹ ਉਸ ਅੱਗੇ ਨਤਮਸਤਕ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਪਿਤਾ ਵੱਲੋਂ ਦਿਖਾਏ ਸੇਵਾ ਅਤੇ ਸੱਚ ਦੇ ਮਾਰਗ 'ਤੇ ਚੱਲਦੇ ਰਹਿਣਗੇ ਅਤੇ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਨਿਰੰਤਰ ਸਮਾਜ ਸੇਵਾ ਕਰਦੇ ਰਹਿਣਗੇ।

ਮੇਰੇ ਪਿਤਾ ਤੋਂ ਬਾਅਦ ਸੰਦੀਪ ਗਿਲਹੋਤਰਾ ਜੀ ਨੇ ਹੀ ਮੇਰਾ ਹੱਥ ਫੜਿਆ: ਅਮਨ ਅਰੋੜਾ ਕੈਬਨਿਟ ਮੰਤਰੀ ਅਤੇ ਗਿਲਹੋਤਰਾ ਪਰਿਵਾਰ ਦੇ ਦਾਮਾਦ ਅਮਨ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਪਰਿਵਾਰ ਦਾ ਮੈਂਬਰ ਬਣਿਆਂ 28 ਸਾਲ ਹੋ ਗਏ ਹਨ। ਉਨ੍ਹਾਂ ਦੇ ਪਿਤਾ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਦੀਪ ਗਿਲਹੋਤਰਾ ਨੇ ਕਦੇ ਵੀ ਉਨ੍ਹਾਂ ਨੂੰ ਪਿਤਾ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ।

ਅੱਜ ਉਨ੍ਹਾਂ ਨੂੰ ਅਜਿਹਾ ਮਹਿਸੂਸ ਹੋ ਰਿਹਾ ਹੈ ਜਿਵੇਂ ਉਨ੍ਹਾਂ ਦੇ ਪਿਤਾ ਜੀ ਹੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ ਹੋਣ।

# ਪੰਜਾਬ ਸਰਕਾਰ ਦੀ 'ਮੇਰੀ ਰਸੋਈ' ਸਕੀਮ ਦਾ ਅਧਿਕਾਰਕ ਐਲਾਨ

## 40 ਲੱਖ ਪਰਿਵਾਰਾਂ ਨੂੰ ਮਿਲੇਗੀ ਮੁਫ਼ਤ ਰਸੋਈ ਸਮੱਗਰੀ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਨੇ ਗਰੀਬ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਇਕ ਮਹੱਤਵਪੂਰਨ ਭਲਾਈ ਯੋਜਨਾ ਦਾ ਐਲਾਨ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 'ਮੇਰੀ ਰਸੋਈ' ਨਾਮਕ ਨਵੀਂ ਸਕੀਮ ਦੀ ਘੋਸ਼ਣਾ ਕਰਦਿਆਂ ਦੱਸਿਆ ਕਿ ਇਸ ਯੋਜਨਾ ਤਹਿਤ ਰਾਜ ਦੇ ਲਗਭਗ 40 ਲੱਖ ਯੋਗ ਪਰਿਵਾਰਾਂ ਨੂੰ ਮੁਫ਼ਤ ਰਸੋਈ ਸਮੱਗਰੀ ਦਿੱਤੀ ਜਾਵੇਗੀ।

ਮੁੱਖ ਮੰਤਰੀ ਅਨੁਸਾਰ ਇਸ ਸਕੀਮ ਹੇਠ ਲਾਭਪਾਤਰੀ ਪਰਿਵਾਰਾਂ ਨੂੰ ਦਾਲ, ਚੀਨੀ, ਖਾਣ ਵਾਲਾ ਤੇਲ, ਹਲਦੀ ਅਤੇ ਨਮਕ ਵਰਗੀਆਂ ਜ਼ਰੂਰੀ ਖਾਣ-ਪੀਣ ਦੀਆਂ ਚੀਜ਼ਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਿਰਫ਼ ਆਟਾ ਹੀ ਨਹੀਂ, ਸਗੋਂ ਪੂਰੀ ਰਸੋਈ ਲਈ ਜ਼ਰੂਰੀ ਸਮੱਗਰੀ ਹਰ ਪਰਿਵਾਰ ਤੱਕ ਪਹੁੰਚਾਉਣਾ ਸਰਕਾਰ ਦੀ ਪ੍ਰਾਥਮਿਕਤਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮਹਿੰਗਾਈ ਦੇ ਇਸ ਦੌਰ ਵਿੱਚ ਇਹ ਸਕੀਮ ਗਰੀਬ ਵਰਗ ਲਈ ਵੱਡੀ ਰਾਹਤ ਸਾਬਤ ਹੋਵੇਗੀ ਅਤੇ ਲੋਕਾਂ ਦੀ ਪੋਸ਼ਣ ਸੰਬੰਧੀ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦ ਕਰੇਗੀ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਸਕੀਮ ਨੂੰ ਪੂਰੀ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਲਾਗੂ ਕੀਤਾ ਜਾਵੇਗਾ। ਸਰਕਾਰੀ ਸੂਤਰਾਂ ਮੁਤਾਬਕ, ਜਲਦੀ ਹੀ ਇਸ ਸਕੀਮ ਸਬੰਧੀ ਯੋਗਤਾ ਮਾਪਦੰਡ, ਵੰਡ ਪ੍ਰਣਾਲੀ ਅਤੇ ਲਾਗੂ ਕਰਨ ਦੀ ਤਾਰੀਖ ਬਾਰੇ ਵਿਸਥਾਰ ਨਾਲ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣਗੇ। ਇਹ ਸਕੀਮ ਮੌਜੂਦਾ ਰਾਸ਼ਨ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਇਕ ਅਹਿਮ ਕਦਮ ਮੰਨੀ ਜਾ ਰਹੀ ਹੈ।

# ਪੰਜਾਬ ਵਿੱਚ ਸ਼ਰਾਬ ਦੀਆਂ ਕੀਮਤਾਂ ਵਿੱਚ ਨਹੀਂ ਹੋਵੇਗਾ ਵਾਧਾ: ਹਰਪਾਲ ਚੀਮਾ

## ਪੰਜਾਬ ਮੰਤਰੀ ਮੰਡਲ ਨੇ ਨਵੀਂ ਆਬਕਾਰੀ ਨੀਤੀ ਨੂੰ ਦਿੱਤੀ ਪ੍ਰਵਾਨਗੀ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਵਿੱਤ ਵਰ੍ਹੇ 2026 ਤੇ 27 ਲਈ ਪੰਜਾਬ ਦੀ ਨਵੀਂ ਆਬਕਾਰੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਬਾਰੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਨਵੀਂ ਸ਼ਰਾਬ ਨੀਤੀ ਤਹਿਤ ਸ਼ਰਾਬ ਦੀਆਂ ਕੀਮਤਾਂ ਵਿੱਚ ਕੋਈ ਵਾਧਾ ਨਹੀਂ ਹੋਣ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਸੂਬਾ ਸਰਕਾਰ ਨੇ ਆਬਕਾਰੀ ਤੋਂ 12800 ਕਰੋੜ ਰੁਪਏ ਦਾ ਮਾਲੀਆ ਇਕੱਠਾ ਕਰਨ ਦਾ ਟੀਚਾ ਮਿਥਿਆ ਹੈ।

ਜਦੋਂ ਕਿ ਪੁਰਾਣੇ ਸ਼ਰਾਬ ਠੇਕੇਦਾਰ ਪਿਛਲੇ ਸਾਲ ਦੀ ਰਾਖਵੀਂ ਕੀਮਤ ਵਿੱਚ 6.5 ਫੀਸਦ ਦੇ ਵਾਧੇ ਨਾਲ ਮੁੜ ਤੋਂ ਸ਼ਰਾਬ ਠੇਕੇ ਲੈ ਸਕਦੇ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਮੰਤਰੀ ਮੰਡਲ ਨੇ ਸਰਹੱਦੀ ਖੇਤਰ ਵਿੱਚ ਸਰਕਾਰੀ ਜਮੀਨਾਂ ਉੱਤੇ ਖੇਤੀ ਕਰਨ ਵਾਲੇ ਹੜ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਵੀ ਵਿਸ਼ੇਸ਼ ਫੈਸਲਾ ਲਿਆ।

ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਵਿੱਚ 5200 ਏਕੜ, ਫਾਜ਼ਿਲਕਾ ਵਿੱਚ 3000 ਏਕੜ ਅਤੇ ਅੰਮ੍ਰਿਤਸਰ ਵਿੱਚ 2800 ਏਕੜ ਜਮੀਨ ਸਰਕਾਰ ਦੇ ਨਾਮ ਬੋਲਦੀ ਹੈ ਜਿਸ ਉੱਤੇ ਖੇਤੀ ਕਿਸਾਨਾਂ ਵੱਲੋਂ ਕੀਤੀ ਜਾਂਦੀ ਹੈ। ਇਸ ਲਈ ਹੜਾਂ ਦੌਰਾਨ ਉਨ੍ਹਾਂ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਜਾ ਸਕਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਪੰਚ ਪਟਵਾਰੀ ਅਤੇ ਪਿੰਡ ਦੇ ਨੰਬਰਦਾਰ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਹੈ ਜਿਸ ਦੀਆਂ ਸਿਫਾਰਿਸ਼ਾਂ ਦੇ ਆਧਾਰ 'ਤੇ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਦੌਰਾਨ ਸੇਵਾਵਾਂ ਨਿਭਾਉਣ ਵਾਲੇ ਨਰਸਿੰਗ ਦੇ ਵਿਦਿਆਰਥੀਆਂ ਨੂੰ ਆਗਾਮੀ ਭਰਤੀ ਵਿੱਚ ਵਾਧੂ ਅੰਕ ਦੇਣ ਦਾ ਫੈਸਲਾ ਕੀਤਾ ਹੈ।

ਇਸ ਦੌਰਾਨ ਇੱਕ ਸਾਲ ਤੋਂ ਘੱਟ ਕੰਮ ਕਰਨ ਵਾਲੇ ਨੂੰ ਪੰਜ ਨੰਬਰ ਅਤੇ ਇੱਕ ਸਾਲ ਤੋਂ ਵੱਧ ਕੰਮ ਕਰਨ ਵਾਲੇ ਨੂੰ ਦਸ ਅੰਕ ਦਿੱਤੇ ਜਾਣਗੇ।

# ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ 6 ਮਾਰਚ ਤੋਂ 16 ਮਾਰਚ ਤੱਕ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸੂਬਾ ਸਰਕਾਰ ਵੱਲੋਂ ਵਿੱਤ ਵਰ੍ਹੇ 2026 ਅਤੇ 2027 ਦਾ ਬਜਟ ਇਜਲਾਸ 6 ਮਾਰਚ ਨੂੰ ਸ਼ੁਰੂ ਕਰਕੇ 16 ਮਾਰਚ ਤੱਕ ਚਲਾਇਆ ਜਾਵੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਵਾਰ ਬਜਟ ਵਿੱਚ ਕੋਈ ਨਵਾਂ ਟੈਕਸ ਨਹੀਂ ਲਗਾਇਆ ਜਾਵੇਗਾ ਅਤੇ ਇਹ ਬਜਟ ਲੋਕ ਪੱਖੀ ਹੋਵੇਗਾ।

ਪੰਜਾਬ ਸਰਕਾਰ ਵੱਲੋਂ ਇਸ ਵਾਰ ਬਜਟ 8 ਮਾਰਚ ਨੂੰ ਦਿਨ ਐਤਵਾਰ ਵਾਲੇ ਦਿਨ ਪੇਸ਼ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਵੱਲੋਂ ਇਸ ਵਾਰ ਔਰਤਾਂ ਨੂੰ ਬਜਟ ਵਿੱਚ ਇੱਕ-ਇੱਕ ਹਜਾਰ ਰੁਪਏ ਦੇਣ ਦਾ ਫੈਸਲਾ ਲਿਆ ਜਾਵੇਗਾ। ਇਸ ਲਈ ਸੂਬਾ ਸਰਕਾਰ ਵੱਲੋਂ 8 ਮਾਰਚ ਨੂੰ ਕੌਮਾਂਤਰੀ ਔਰਤ ਦਿਵਸ ਮੌਕੇ ਬਜਟ ਪੇਸ਼ ਕੀਤਾ ਜਾਵੇਗਾ

# ਅਜੀਤ ਪਾਵਰ ਮੌਤ; ਰੋਹਿਤ ਪਵਾਰ ਨੇ CBI ਜਾਂਚ ਦੀ ਮੰਗ 'ਤੇ ਚੁੱਕੇ ਸਵਾਲ

## ਰੋਹਿਤ ਪਵਾਰ ਨੇ ਕਿਹਾ: ਮੇਰੇ ਕੋਲ ਹੈ ਹਾਦਸੇ ਨਾਲ ਜੁੜੀ 70 ਫੀਸਦੀ ਗੁਪਤ ਜਾਣਕਾਰੀ

**ਮੁੰਬਈ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਵਿਧਾਇਕ ਰੋਹਿਤ ਪਵਾਰ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਜਹਾਜ਼ ਹਾਦਸੇ ਵਿੱਚ ਹੋਈ ਮੌਤ ਦੀ ਜਾਂਚ CBI ਨੂੰ ਸੌਂਪਣ ਦੇ ਫੈਸਲੇ ਦੀ ਤਿੱਖੀ ਨਿਖੇਧੀ ਕੀਤੀ ਹੈ। ਰੋਹਿਤ ਪਵਾਰ ਨੇ ਦੋਸ਼ ਲਾਇਆ ਕਿ CBI ਕੋਲ ਪਹਿਲਾਂ ਹੀ ਹਜ਼ਾਰਾਂ ਕੇਸ ਲੰਬਿਤ ਹਨ ਅਤੇ ਇਸ ਮਾਮਲੇ ਨੂੰ ਕੇਂਦਰੀ ਏਜੰਸੀ ਨੂੰ ਸੌਂਪਣਾ ਸਿਰਫ਼ ਜਾਂਚ ਵਿੱਚ ਦੇਰੀ ਕਰਨ ਦੀ ਚਾਲ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਹਾਦਸੇ ਦੀ ਜਾਂਚ ਸਟੇਟ 394 ਕੋਲੋਂ ਕਰਵਾਈ ਜਾਣੀ ਚਾਹੀਦੀ ਹੈ। ਰੋਹਿਤ ਨੇ ਇਹ ਵੀ ਦਾਅਵਾ ਕੀਤਾ ਕਿ ਹਾਦਸੇ ਨਾਲ ਜੁੜੀ 70 ਫੀਸਦੀ ਅਹਿਮ ਜਾਣਕਾਰੀ ਅਜੇ ਵੀ ਉਨ੍ਹਾਂ ਕੋਲ ਹੈ, ਜਿਸ ਨੂੰ ਜਨਤਕ ਨਹੀਂ ਕੀਤਾ ਗਿਆ।

ਰੋਹਿਤ ਪਵਾਰ ਨੇ ਜਹਾਜ਼ ਦੇ 'ਬਲੈਕ ਬਾਕਸ' ਦੇ ਸੜ ਜਾਣ ਦੀਆਂ ਖ਼ਬਰਾਂ 'ਤੇ ਵੀ ਸ਼ੱਕ ਜਤਾਇਆ ਅਤੇ ਕਿਹਾ ਕਿ ਉਨ੍ਹਾਂ ਕੋਲ ਡਿਵਾਈਸ ਦੀਆਂ ਅਜਿਹੀਆਂ ਤਸਵੀਰਾਂ ਹਨ ਜੋ ਕੁਝ ਹੋਰ ਹੀ ਬਿਆਨ ਕਰਦੀਆਂ ਹਨ।

ਦੂਜੇ ਪਾਸੇ, ਜਤਿੰਦਰ ਆਵੜ ਨੇ ਦੋਸ਼ ਲਾਇਆ ਕਿ ਜਿਸ ਜਹਾਜ਼ ਵਿੱਚ ਅਜੀਤ ਪਵਾਰ ਸਵਾਰ ਸਨ, ਉਸ ਕੋਲ ਭਾਰਤ ਵਿੱਚ ਉੱਡਣ ਦੀ ਇਜਾਜ਼ਤ ਨਹੀਂ ਸੀ ਅਤੇ ਉਹ ਆਪਣੀ ਤੈਅ ਸੀਮਾ ਤੋਂ ਕਿਤੇ ਜ਼ਿਆਦਾ ਘੰਟੇ ਉੱਡ ਚੁੱਕਾ ਸੀ। ਅਜੀਤ ਪਵਾਰ ਤੋਂ ਬਿਨਾਂ ਸ਼ੁਰੂ ਹੋਏ ਇਸ ਬਜਟ ਇਜਲਾਸ ਦੌਰਾਨ ਵਿਰੋਧੀ ਧਿਰ ਨੇ ਸਰਕਾਰ ਨੂੰ ਪੂਰੀ ਤਰ੍ਹਾਂ ਘੇਰ ਲਿਆ ਹੈ ਅਤੇ ਜਾਂਚ ਵਿੱਚ ਪਾਰਦਰਸ਼ਤਾ ਦੀ ਮੰਗ ਕੀਤੀ ਹੈ।

# ਸੁਖਪਾਲ ਖਹਿਰਾ ਦੇ ਘਰ ਦਾ ਇਕ ਹਿੱਸਾ ਢਾਹਿਆ



**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭੁਲੱਥ ਦੇ ਰਾਮਗੜ੍ਹ ਵਿਚ ਪੰਜਾਬ ਪੁਲੀਸ ਦੀ ਟੀਮ ਤੇ ਹੋਰ ਅਮਲੇ ਨੇ ਅੱਜ ਵਿਧਾਇਕ ਸੁਖਪਾਲ ਖਹਿਰਾ ਦੇ ਘਰ ਦਾ ਇਕ ਹਿੱਸਾ ਢਾਹ ਦਿੱਤਾ। ਇਸ ਦੌਰਾਨ ਵੱਡੀ ਗਿਣਤੀ ਵਿਚ ਖਹਿਰਾ ਸਮਰਥਕ ਇਕੱਠੇ ਹੋ ਗਏ। ਇਸ ਮੌਕੇ ਸੁਖਪਾਲ ਖਹਿਰਾ ਜੇਸੀਬੀ ਮਸ਼ੀਨ ਅੱਗੇ ਬੈਠ ਗਏ ਤੇ ਪੰਜਾਬ ਸਰਕਾਰ ਤੇ ਪੁਲੀਸ ਖ਼ਿਲਾਫ਼ ਧਰਨਾ ਸ਼ੁਰੂ ਕੀਤਾ। ਦੂਜੇ ਪਾਸੇ ਪੁਲੀਸ ਦੇ ਅਧਿਕਾਰੀ ਵੀ ਮੌਕੇ 'ਤੇ ਪੁੱਜ ਗਏ। ਦੱਸਣਾ ਬਣਦਾ ਹੈ ਕਿ ਸੁਖਪਾਲ ਖਹਿਰਾ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਖ਼ਿਲਾਫ਼ ਉਨ੍ਹਾਂ ਦੀਆਂ ਨੀਤੀਆਂ ਬਾਰੇ ਸੋਸ਼ਲ ਮੀਡੀਆ 'ਤੇ ਹੋਰ ਥਾਵਾਂ 'ਤੇ ਮੋਰਚਾ ਖੋਲ੍ਹਿਆ ਹੋਇਆ ਹੈ।

ਦੂਜੇ ਪਾਸੇ ਪ੍ਰਸ਼ਾਸਨਿਕ ਸੂਤਰਾਂ ਨੇ ਇਸ ਕਾਰਵਾਈ ਬਾਰੇ ਸਪੱਸ਼ਟ ਕਰਦਿਆਂ ਕਿਹਾ ਕਿ ਉਹ ਸਿਰਫ਼ ਉਨ੍ਹਾਂ ਢਾਂਚਿਆਂ ਨੂੰ ਹੀ ਢਾਹ ਰਹੇ ਹਨ ਜੋ ਨਿਯਮਾਂ ਅਨੁਸਾਰ ਗੈਰ-ਕਾਨੂੰਨੀ ਹਨ। ਅਧਿਕਾਰੀਆਂ ਦਾ ਦਾਅਵਾ ਹੈ ਕਿ ਇਹ ਸਾਰੀ ਪ੍ਰਕਿਰਿਆ ਕਾਨੂੰਨੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਅਮਲ ਵਿੱਚ ਲਿਆਂਦੀ ਗਈ ਹੈ। ਦੂਜੇ ਪਾਸੇ ਸੁਖਪਾਲ ਖਹਿਰਾ ਨੇ ਇਸ ਕਾਰਵਾਈ ਨੂੰ ਪੂਰੀ ਤਰ੍ਹਾਂ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ ਹੈ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਬਿਨਾਂ ਕਿਸੇ ਨੋਟਿਸ ਜਾਂ ਸੁਣਵਾਈ ਦੇ ਉਨ੍ਹਾਂ ਦੇ ਘਰ ਦਾ ਹਿੱਸਾ ਢਾਹਿਆ ਜਾ ਰਿਹਾ ਹੈ।

ਖਹਿਰਾ ਵੱਲੋਂ ਮਦਦ ਦੀ ਅਪੀਲ ਕਰਨ ਤੋਂ ਬਾਅਦ ਉਨ੍ਹਾਂ ਦੇ ਘਰ ਦੇ ਬਾਹਰ ਸਮਰਥਕਾਂ ਦਾ ਭਾਰੀ ਇਕੱਠ ਹੋ ਗਿਆ, ਜਿਸ ਕਾਰਨ ਪੂਰਾ ਇਲਾਕਾ ਇੱਕ ਛਾਉਣੀ ਵਿੱਚ ਤਬਦੀਲ ਹੋ ਗਿਆ। ਪ੍ਰਦਰਸ਼ਨਕਾਰੀਆਂ ਅਤੇ ਪੁਲੀਸ ਵਿਚਾਲੇ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ। ਕਿਸੇ ਵੀ ਤਰ੍ਹਾਂ ਦੀ ਹਿੰਸਕ ਘਟਨਾ ਨੂੰ ਰੋਕਣ ਲਈ ਪੁਲੀਸ ਨੇ ਘਰ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਹੈ ਅਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਸ੍ਰੀ ਖਹਿਰਾ ਨੇ ਕਿਹਾ ਕਿ ਉਹ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਰਹਿਣਗੇ। ਇਸ ਤੋਂ ਪਹਿਲਾਂ ਸੁਖਪਾਲ ਸਿੰਘ ਖਹਿਰਾ ਨੇ ਕੇਂਦਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਪੱਤਰ ਲਿਖ ਕੇ ਪੰਜਾਬ ਵਿੱਚ ਪੇਂਡੂ ਸਥਾਨਕ ਇਕਾਈਆਂ ਲਈ 15ਵੇਂ ਵਿੱਤ ਕਮਿਸ਼ਨ ਦੇ ਤਹਿਤ ਜਾਰੀ ਕੀਤੇ ਗਏ ਲਗਪਗ 750 ਕਰੋੜ ਰੁਪਏ ਦੇ ਫੰਡਾਂ ਦੀ ਕਥਿਤ ਦੁਰਵਰਤੋਂ ਦੀ ਤੁਰੰਤ ਜਾਂਚ ਦੀ ਮੰਗ ਕੀਤੀ ਸੀ। ਖਹਿਰਾ ਅਨੁਸਾਰ ਸੰਵਿਧਾਨਕ ਤੌਰ 'ਤੇ ਲਾਜ਼ਮੀ ਗ੍ਰਾਂਟਾਂ ਦਾ ਇੱਕ ਵੱਡਾ ਹਿੱਸਾ ਸਿੱਧੇ ਤੌਰ 'ਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਤਬਦੀਲ ਨਹੀਂ ਕੀਤਾ ਗਿਆ।

ਉਨ੍ਹਾਂ ਦੋਸ਼ ਲਾਇਆ ਕਿ ਇਸ ਦੀ ਬਜਾਏ ਰਿਪੋਰਟਾਂ ਅਨੁਸਾਰ ਇਨ੍ਹਾਂ ਫੰਡਾਂ ਦੀ ਵਰਤੋਂ ਵਿਭਾਗੀ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਕੀਤੀ ਗਈ, ਜਿਸ ਵਿੱਚ ਜਲ ਸਪਲਾਈ ਅਤੇ ਸਬੰਧਤ ਸੇਵਾਵਾਂ ਨਾਲ ਜੁੜੇ ਸੰਚਾਲਨ ਖਰਚੇ ਸ਼ਾਮਲ ਹਨ, ਜੋ ਕਿ ਨਿਰਧਾਰਤ ਵਿੱਤੀ ਨਿਯਮਾਂ ਦੀ ਪਾਲਣਾ 'ਤੇ ਸਵਾਲ ਖੜ੍ਹੇ ਕਰਦੇ ਹਨ।

# ਦਿੱਲੀ ਸਕੱਤਰੇਤ ਅਤੇ ਵਿਧਾਨ ਸਭਾ ਨੂੰ ਬੰਬ ਨਾਲ ਉਡਾਉਣ ਦੀ ਧਮਕੀ



**ਨਵੀਂ ਦਿੱਲੀ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਅੱਜ ਸਵੇਰੇ ਸਕੂਲਾਂ ਨੂੰ ਮਿਲੀਆਂ ਧਮਕੀਆਂ ਤੋਂ ਬਾਅਦ ਹੁਣ ਦਿੱਲੀ ਸਕੱਤਰੇਤ ਅਤੇ ਦਿੱਲੀ ਵਿਧਾਨ ਸਭਾ ਨੂੰ ਵੀ ਬੰਬ ਨਾਲ ਉਡਾਉਣ ਦੀਆਂ ਧਮਕੀ ਭਰੀਆਂ ਈਮੇਲਾਂ ਮਿਲੀਆਂ ਹਨ। ਇਸ ਖ਼ਬਰ ਨੇ ਪੂਰੇ ਪ੍ਰਸ਼ਾਸਨ ਵਿੱਚ ਹੜਕੰਪ ਮਚਾ ਦਿੱਤਾ ਹੈ।

ਦਿੱਲੀ ਫਾਇਰ ਸਰਵਿਸ ਨੂੰ ਦੁਪਹਿਰ 12 ਵਜੇ ਸਕੱਤਰੇਤ ਵਿੱਚ ਬੰਬ ਹੋਣ ਦੀ ਸੂਚਨਾ ਮਿਲੀ, ਜਿਸ ਤੋਂ ਤੁਰੰਤ ਬਾਅਦ ਬੰਬ ਨਿਰੋਧਕ ਦਸਤੇ ਅਤੇ ਸੁਰੱਖਿਆ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਹਾਲਾਂਕਿ, ਹੁਣ ਤੱਕ ਦੀ ਜਾਂਚ ਵਿੱਚ ਕੋਈ ਵੀ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਹੈ।

ਦੂਜੇ ਪਾਸੇ, ਦਿੱਲੀ ਵਿਧਾਨ ਸਭਾ ਦੇ ਸਪੀਕਰ ਸ਼੍ਰੀ ਵਿਜੇਂਦਰ ਗੁਪਤਾ ਨੂੰ ਉਨ੍ਹਾਂ ਦੀ ਨਿੱਜੀ ਈਮੇਲ 'ਤੇ ਵਿਧਾਨ ਸਭਾ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਵਿਧਾਨ ਸਭਾ ਦੇ ਅਧਿਕਾਰਤ ਐਕਸ ਹੈਂਡਲ ਰਾਹੀਂ ਇਸ ਦੀ ਪੁਸ਼ਟੀ ਕੀਤੀ ਗਈ ਹੈ।

ਪੀਕਰ ਨੇ ਇਸ ਬਾਰੇ ਦਿੱਲੀ ਪੁਲੀਸ ਕਮਿਸ਼ਨਰ ਨੂੰ ਜਾਣਕਾਰੀ ਦਿੰਦੇ ਹੋਏ ਤੁਰੰਤ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਅੱਜ ਸਵੇਰੇ ਹੀ ਧੌਲਾ ਕੂਆਂ ਦੇ ਆਰਮੀ ਪਬਲਿਕ ਸਕੂਲ ਅਤੇ ਲੋਧੀ ਰੋਡ ਦੇ ਏਅਰ ਫੋਰਸ ਸਕੂਲ ਨੂੰ ਵੀ ਅਜਿਹੀਆਂ ਹੀ ਧਮਕੀਆਂ ਮਿਲੀਆਂ ਸਨ, ਜਿਸ ਤੋਂ ਬਾਅਦ ਪੂਰੀ ਦਿੱਲੀ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ।

# ਚੰਡੀਗੜ੍ਹ 'ਚ AAP ਨੂੰ ਵੱਡਾ ਝਟਕਾ: ਕੌਂਸਲਰ ਪ੍ਰੇਮਲਤਾ ਅਤੇ ਰਿਤੂ ਛਾਬੜਾ ਕਾਂਗਰਸ ਵਿੱਚ ਸ਼ਾਮਲ



**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਸ਼ਹਿਰ ਦੀ ਸਿਆਸਤ ਵਿੱਚ ਵੱਡੀ ਹਲਚਲ ਦੇਖਣ ਨੂੰ ਮਿਲੀ ਹੈ। ਸੋਮਵਾਰ ਨੂੰ ਆਮ ਆਦਮੀ ਪਾਰਟੀ (AAP) ਦੀ ਮੌਜੂਦਾ ਕੌਂਸਲਰ ਪ੍ਰੇਮਲਤਾ ਨੇ 'ਆਪ' ਨੂੰ ਅਲਵਿਦਾ ਕਹਿ ਕੇ ਕਾਂਗਰਸ ਦਾ ਪੱਲਾ ਫੜ ਲਿਆ ਹੈ।

ਸੈਕਟਰ-35 ਸਥਿਤ ਰਾਜੀਵ ਗਾਂਧੀ ਭਵਨ ਵਿੱਚ ਹੋਏ ਇੱਕ ਸਮਾਗਮ ਦੌਰਾਨ ਹਰਿਆਣਾ ਦੇ ਸਾਬਕਾ ਉਪ ਮੁੱਖ ਮੰਤਰੀ ਚੰਦਰਮੋਹਨ ਅਤੇ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਐਚ.ਐਸ. ਲੱਕੀ ਦੀ ਮੌਜੂਦਗੀ ਵਿੱਚ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ। ਪ੍ਰੇਮਲਤਾ ਦੇ ਨਾਲ-ਨਾਲ 'ਆਪ' ਦੇ ਮਰਹੂਮ ਆਗੂ ਪ੍ਰਦੀਪ ਛਾਬੜਾ ਦੀ ਪਤਨੀ ਰਿਤੂ ਛਾਬੜਾ ਨੇ ਵੀ ਕਾਂਗਰਸ ਵਿੱਚ ਵਾਪਸੀ ਕਰ ਲਈ ਹੈ।

ਇਸ ਤੋਂ ਇਲਾਵਾ ਹਰਜਿੰਦਰ ਸਿੰਘ ਬਾਵਾ, ਕੁਲਦੀਪ ਸਿੰਘ ਕੁੱਕੀ ਅਤੇ ਯੈਂਕੀ ਕਾਲੀਆ ਵਰਗੇ ਕਈ ਹੋਰ ਆਗੂਆਂ ਨੇ ਵੀ ਕਾਂਗਰਸ ਦੀ ਮੈਂਬਰਸ਼ਿਪ ਹਾਸਲ ਕੀਤੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ 2026 ਦੇ ਅੰਤ ਵਿੱਚ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਇਨ੍ਹਾਂ ਸਰਗਰਮ ਆਗੂਆਂ ਦਾ ਕਾਂਗਰਸ ਵਿੱਚ ਸ਼ਾਮਲ ਹੋਣਾ ਪਾਰਟੀ ਨੂੰ ਵਾਰਡ ਪੱਧਰ 'ਤੇ ਮਜ਼ਬੂਤ ਕਰੇਗਾ।

# ਜੇ.ਐਨ.ਯੂ ਵਿੱਚ ਵੀਸੀ ਖ਼ਿਲਾਫ਼ ਮੁਜ਼ਾਹਰੇ ਦੌਰਾਨ ਹਿੰਸਾ ਕਾਰਨ ਤਣਾਅ



**ਨਵੀਂ ਦਿੱਲੀ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਦੇਰ ਰਾਤ ਦੋ ਵਿਦਿਆਰਥੀ ਗੁੱਟਾਂ ਵਿਚਾਲੇ ਹੋਈ ਹਿੰਸਕ ਝੜਪ ਵਿੱਚ ਕਈ ਵਿਦਿਆਰਥੀ ਜ਼ਖ਼ਮੀ ਹੋ ਗਏ। ਖੱਬੇ ਪੱਖੀ ਜਥੇਬੰਦੀਆਂ ਅਤੇ ਏਬੀਵੀਪੀ ਨੇ ਇੱਕ-ਦੂਜੇ 'ਤੇ ਹਿੰਸਾ ਭੜਕਾਉਣ ਦੇ ਦੋਸ਼ ਲਾਏ ਹਨ, ਜਦਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਕੈਂਪਸ ਵਿੱਚ ਅਨੁਸ਼ਾਸਨਹੀਣਤਾ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ। ਤੜਕੇ ਕਰੀਬ 1:30 ਵਜੇ ਵਾਈਸ ਚਾਂਸਲਰ (ਵੀਸੀ) ਵਿਰੁੱਧ ਚੱਲ ਰਿਹਾ ਪ੍ਰਦਰਸ਼ਨ ਹਿੰਸਕ ਰੂਪ ਧਾਰ ਗਿਆ, ਜਿਸ ਮਗਰੋਂ ਕੈਂਪਸ ਵਿੱਚ ਤਣਾਅ ਫੈਲ ਗਿਆ। ਜ਼ਿਕਰਯੋਗ ਹੈ ਕਿ ਖੱਬੇ ਪੱਖੀ ਜਥੇਬੰਦੀਆਂ ਦੀ ਹਮਾਇਤ ਵਾਲੀ ਜੇਐਨਯੂ ਵਿਦਿਆਰਥੀ ਯੂਨੀਅਨ ਨੇ ਐਤਵਾਰ ਰਾਤ ਈਸਟ ਗੇਟ ਵੱਲ 'ਸਮਤਾ ਜਲੂਸ' ਕੱਢਣ ਦਾ ਸੱਦਾ ਦਿੱਤਾ ਸੀ। ਵਿਦਿਆਰਥੀ ਵਾਈਸ ਚਾਂਸਲਰ ਸ਼ਾਂਤੀਸ਼੍ਰੀ ਧੂਲੀਪੁੜੀ ਪੰਡਿਤ ਦੇ ਅਸਤੀਫ਼ੇ ਅਤੇ ਇੱਕ ਵਿਦਿਆਰਥੀ ਨੂੰ ਕੱਢਣ (ਰਸਟੀਕੇਸ਼ਨ) ਦੇ ਹੁਕਮ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਸਨ।

ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਨੇ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਬਜਾਏ ਏਬੀਵੀਪੀ ਦੇ ਮੈਂਬਰਾਂ ਨੂੰ ਟਕਰਾਅ ਦੀ ਖੁੱਲ੍ਹ ਦਿੱਤੀ। ਦੂਜੇ ਪਾਸੇ, ਸੱਜੇ ਪੱਖੀ ਵਿਦਿਆਰਥੀ ਜਥੇਬੰਦੀ ਨੇ ਖੱਬੇ ਪੱਖੀਆਂ 'ਤੇ ਹਿੰਸਾ ਸ਼ੁਰੂ ਕਰਨ ਦੇ ਦੋਸ਼ ਮੜ੍ਹੇ ਹਨ। ਦੱਸਣਯੋਗ ਹੈ ਕਿ ਵੀਸੀ ਵੱਲੋਂ ਇੱਕ ਇੰਟਰਵਿਊ ਦੌਰਾਨ ਦਿੱਤੇ ਬਿਆਨ ਕਿ ਭਾਈਚਾਰੇ ਸਥਾਈ ਤੌਰ 'ਤੇ ਪੀੜਤ ਬਣ ਕੇ ਜਾਂ ਵਿਕਟਿਮ ਕਾਰਡ ਖੇਡ ਕੇ ਤਰੱਕੀ ਨਹੀਂ ਕਰ ਸਕਦੇ, ਕਾਰਨ ਵਿਵਾਦ ਖੜ੍ਹਾ ਹੋ ਗਿਆ ਸੀ। ਜੇਐਨਯੂਐਸਯੂ ਨੇ ਇਨ੍ਹਾਂ ਟਿੱਪਣੀਆਂ ਨੂੰ 'ਜਾਤੀਵਾਦੀ' ਅਤੇ ਪੱਛੜੇ ਭਾਈਚਾਰਿਆਂ ਪ੍ਰਤੀ 'ਸੰਵੇਦਨਹੀਣ' ਕਰਾਰ ਦਿੱਤਾ ਹੈ।

# ਜੂਹੀ ਜਲੋਟਾ ਨੇ ਚੰਡੀਗੜ੍ਹ ਦੇ ਡਿਪਟੀ ਪਾਸਪੋਰਟ ਅ.ਫ਼ਸਰ ਵਜੋਂ ਸੰਭਾਲਿਆ ਅਹੁਦਾ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਵਿਦੇਸ਼ ਸੇਵਾ (IFS) ਦੀ 2018 ਬੈਚ ਦੀ ਅਧਿਕਾਰੀ ਜੂਹੀ ਜਲੋਟਾ ਨੇ ਅੱਜ ਖੇਤਰੀ ਪਾਸਪੋਰਟ ਦਫ਼ਤਰ, ਚੰਡੀਗੜ੍ਹ ਵਿਖੇ ਡਿਪਟੀ ਪਾਸਪੋਰਟ ਅਫ਼ਸਰ ਅਤੇ ਮੁੱਖ ਅਧਿਕਾਰੀ ) ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਹ ਸਾਬਕਾ ਆਰ.ਪੀ.ਓ. ਪ੍ਰਿਅੰਕਾ ਮਹਿਤਾਨੀ ਦੀ ਜਗ੍ਹਾ ਲੈਣਗੇ।

ਆਪਣੇ ਇਸ ਨਵੇਂ ਅਹੁਦੇ 'ਤੇ ਜੂਹੀ ਜਲੋਟਾ ਚੰਡੀਗੜ੍ਹ ਦੇ ਨਾਲ-ਨਾਲ ਪੰਜਾਬ ਅਤੇ ਹਰਿਆਣਾ ਦੇ ਉਨ੍ਹਾਂ ਖੇਤਰਾਂ ਵਿੱਚ ਪਾਸਪੋਰਟ ਸੇਵਾਵਾਂ ਦੀ ਨਿਗਰਾਨੀ ਕਰਨਗੇ ਜੋ ਚੰਡੀਗੜ੍ਹ ਖੇਤਰੀ ਪਾਸਪੋਰਟ ਦਫ਼ਤਰ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ।

ਦੱਸ ਦਈਏ ਕਿ ਜੂਹੀ ਜਲੋਟਾ ਕੋਲ ਕੌਮਾਂਤਰੀ ਪੱਧਰ 'ਤੇ ਕੰਮ ਕਰਨ ਦਾ ਵਿਸ਼ਾਲ ਤਜ਼ਰਬਾ ਹੈ। ਇਸ ਤੋਂ ਪਹਿਲਾਂ ਉਹ ਸਪੇਨ (ਮੈਡ੍ਰਿਡ) ਅਤੇ ਅਰਜਨਟੀਨਾ (ਬਿਊਨਸ ਆਇਰਸ) ਵਿੱਚ ਭਾਰਤੀ ਦੂਤਾਵਾਸਾਂ ਵਿੱਚ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ।

ਇਸ ਦੇ ਨਾਲ ਹੀ ਉਨ੍ਹਾਂ ਨੇ ਨਵੀਂ ਦਿੱਲੀ ਸਥਿਤ ਵਿਦੇਸ਼ ਮੰਤਰਾਲੇ ਵਿੱਚ ਵੀ ਵੱਖ-ਵੱਖ ਅਹੁਦਿਆਂ 'ਤੇ ਕੰਮ ਕੀਤਾ ਹੈ। ਉਮੀਦ ਜਤਾਈ ਜਾ ਰਹੀ ਹੈ ਕਿ ਉਨ੍ਹਾਂ ਦੇ ਤਜ਼ਰਬੇ ਨਾਲ ਖੇਤਰ ਵਿੱਚ ਪਾਸਪੋਰਟ ਬਣਾਉਣ ਦੀ ਪ੍ਰਕਿਰਿਆ ਵਿੱਚ ਹੋਰ ਤੇਜ਼ੀ ਅਤੇ ਪਾਰਦਰਸ਼ਤਾ ਆਵੇਗੀ।

# ਰਾਜਸਥਾਨ ਦੇ ਪੱਤਰਕਾਰਾਂ ਦੇ ਵ.ਫ਼ਦ ਦਾ ਦੌਰਾ ਸੰਪੰਨ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੱਤਰ ਸੂਚਨਾ ਦਫ਼ਤਰ (ਪੀਆਈਬੀ), ਜੈਪੁਰ ਦੁਆਰਾ ਰਾਜਸਥਾਨ ਰਾਜ ਦੇ ਸੀਨੀਅਰ ਸੰਪਾਦਕਾਂ ਅਤੇ ਰਿਪੋਰਟਰਾਂ ਦੀ ਪੱਤਰਕਾਰ ਟੀਮ ਨੇ ਇਸ ਦੌਰੇ ਦੌਰਾਨ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ (ਯੂਟੀ) ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਦੌਰਾਨ ਪ੍ਰੈੱਸ ਦੌਰੇ ਦੇ ਉਦੇਸ਼ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਗਈ।

ਪ੍ਰੈੱਸ ਦੌਰੇ ਦੇ ਅੰਤਿਮ ਦਿਨ ਟੀਮ ਨੇ ਚੰਡੀਗੜ੍ਹ ਟ੍ਰਾਂਸਪੋਰਟ ਵਿਭਾਗ ਵਿੱਚ P ਯੋਜਨਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ 'ਤੇ ਟ੍ਰਾਂਸਪੋਰਟ ਵਿਭਾਗ ਦੇ ਚੀਫ ਆਪ੍ਰੇਸ਼ਨਲ ਮੈਨੇਜਰ ਸ਼੍ਰੀ ਯਸ਼ਜੀਤ ਗੁਪਤਾ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਹਾਊਸਿੰਗ ਅਤੇ ਸ਼ਹਿਰੀ ਮਾਮਲੇ ਮੰਤਰਾਲੇ ਦੁਆਰਾ PM ਯੋਜਨਾ ਦੇ ਤਹਿਤ ਚੰਡੀਗੜ੍ਹ ਸ਼ਹਿਰ ਲਈ ਕੁੱਲ 428 ਬੱਸਾਂ ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ ਗਈ।

ਵਰਤਮਾਨ ਵਿੱਚ ਸ਼ਹਿਰ ਵਿੱਚ 80 ਇਲੈਕਟ੍ਰਿਕ ਬੱਸਾਂ ਸੰਚਾਲਿਤ ਹੋ ਰਹੀਆਂ ਸਨ। 25 ਨਵੀਆਂ ਬੱਸਾਂ ਦੇ ਸ਼ਾਮਲ ਹੋਣ ਨਾਲ ਇਹ ਸੰਖਿਆ ਵਧ ਕੇ 105 ਹੋ ਗਈ ਹੈ।

# ਗੁਰਦਾਸਪੁਰ ਘਟਨਾ: ਕਿਤੇ ਦੋਸ਼, ਜਾਂਚ, ਨਿਆਂ ਅਤੇ ਇਨਸਾਫ਼ ਅਧੂਰਾ ਨਾ ਰਹਿ ਜਾਵੇ

## ਦੋ ਪੁਲਿਸ ਕਰਮਚਾਰੀਆਂ ਦੀ ਆਪਸੀ ਗੋਲੀਬਾਰੀ ਵਿੱਚ ਮੌਤ, ਪੰਜਾਬ ਸਰਕਾਰ ਵੱਲੋਂ ਇਕ-ਇਕ ਕਰੋੜ ਰੁਪਏ ਮੁਆਵਜ਼ੇ ਦਾ ਐਲਾਨ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਉਸ ਸਮੇਂ ਹਲਚਲ ਮਚ ਗਈ, ਜਦੋਂ ਡਿਊਟੀ 'ਤੇ ਤਾਇਨਾਤ ਦੋ ਪੁਲਿਸ ਕਰਮਚਾਰੀਆਂ ਦਰਮਿਆਨ ਹੋਇਆ ਵਿਵਾਦ ਹਿੰਸਕ ਰੂਪ ਧਾਰ ਗਿਆ। ਜਾਣਕਾਰੀ ਅਨੁਸਾਰ ਦੋਹਾਂ ਨੇ ਇਕ-ਦੂਜੇ 'ਤੇ ਗੋਲੀਆਂ ਚਲਾਈਆਂ, ਜਿਸ ਕਾਰਨ ਮੌਕੇ 'ਤੇ ਹੀ ਦੋਹਾਂ ਦੀ ਮੌਤ ਹੋ ਗਈ।

ਘਟਨਾ ਦੀ ਸੂਚਨਾ ਮਿਲਦੇ ਹੀ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਇਲਾਕੇ ਨੂੰ ਸੀਲ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ। ਸ਼ੁਰੂਆਤੀ ਜਾਣਕਾਰੀ ਮੁਤਾਬਕ ਦੋਹਾਂ ਪੁਲਿਸ ਕਰਮਚਾਰੀ ਵਿਭਾਗੀ ਹਥਿਆਰਾਂ ਨਾਲ ਲੈਸ ਸਨ ਅਤੇ ਆਪਸੀ ਤਕਰਾਰ ਕਾਰਨ ਇਹ ਦਰਦਨਾਕ ਘਟਨਾ ਵਾਪਰੀ। ਹਾਲਾਂਕਿ ਵਿਵਾਦ ਦੇ ਅਸਲ ਕਾਰਨਾਂ ਬਾਰੇ ਪੁਲਿਸ ਵੱਲੋਂ ਜਾਂਚ ਜਾਰੀ ਹੈ।

ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਦੋ ਪੁਲਿਸ ਕਰਮਚਾਰੀਆਂ ਵੱਲੋਂ ਇਕ-ਦੂਜੇ ਨੂੰ ਗੋਲੀ ਮਾਰ ਕੇ ਜਾਨ ਲੈ ਲੈਣ ਦੀ ਘਟਨਾ ਨੇ ਸਿਰਫ਼ ਦੋ ਪਰਿਵਾਰਾਂ ਨੂੰ ਹੀ ਨਹੀਂ ਉਜਾੜਿਆ, ਸਗੋਂ ਨਿਆਂ ਪ੍ਰਣਾਲੀ ਦੇ ਸਾਹਮਣੇ ਵੀ ਕਈ ਅਸਹਿਜ ਸਵਾਲ ਖੜੇ ਕਰ ਦਿੱਤੇ ਹਨ। ਸਭ ਤੋਂ ਵੱਡਾ ਸਵਾਲ ਇਹ ਹੈ—ਕੀ ਇਸ ਮਾਮਲੇ ਵਿੱਚ ਕੋਈ ਦੋਸ਼ੀ ਨਹੀਂ? ਜੇ ਦੋਹਾਂ ਨੇ ਇਕ-ਦੂਜੇ 'ਤੇ ਗੋਲੀਆਂ ਚਲਾਈਆਂ, ਤਾਂ ਕੀ ਦੋਹਾਂ ਦੋਸ਼ੀ ਹਨ? ਤੇ ਜੇ ਇਕ ਦੋਸ਼ੀ ਹੈ, ਤਾਂ ਉਸਨੂੰ ਸਜ਼ਾ ਕਿਉਂ ਨਹੀਂ?

ਕਾਨੂੰਨ ਦੀ ਆਮ ਸਮਝ ਇਹ ਕਹਿੰਦੀ ਹੈ ਕਿ ਗੋਲੀ ਆਪਣੇ-ਆਪ ਨਹੀਂ ਚਲਦੀ। ਹਥਿਆਰ ਚਲਾਉਣ ਦਾ ਫ਼ੈਸਲਾ ਕੋਈ ਨਾ ਕੋਈ ਵਿਅਕਤੀ ਹੀ ਕਰਦਾ ਹੈ। ਐਸੇ ਵਿੱਚ ਇਹ ਮੰਨ ਲੈਣਾ ਕਿ ਦੋਹਾਂ ਦੀ ਮੌਤ ਹੋ ਗਈ, ਇਸ ਲਈ ਮਾਮਲਾ ਖ਼ਤਮ ਨਿਆਂ ਦੇ ਮੂਲ ਸਿਧਾਂਤਾਂ ਦੇ ਉਲਟ ਹੈ। ਜੇ ਜਾਂਚ ਵਿੱਚ ਇਹ ਸਾਫ਼ ਹੋ ਜਾਵੇ ਕਿ ਪਹਿਲਾਂ ਗੋਲੀ ਕਿਸ ਨੇ ਚਲਾਈ, ਮਕਸਦ ਕੀ ਸੀ ਅਤੇ ਹਾਲਾਤ ਕੀ ਸਨ, ਤਾਂ ਦੋਸ਼ ਤੈਅ ਹੋਣਾ ਲਾਜ਼ਮੀ ਹੈ, ਭਾਵੇਂ ਦੋਸ਼ੀ ਜੀਉਂਦਾ ਨਾ ਵੀ ਹੋਵੇ। ਇੱਥੇ ਇਕ ਹੋਰ ਗੰਭੀਰ ਸਵਾਲ ਉੱਠਦਾ ਹੈ—ਰਾਜ ਸਰਕਾਰ ਵੱਲੋਂ ਦੋਹਾਂ ਪੱਖਾਂ ਨੂੰ ਇੱਕੋ ਜਿਹਾ ਮੁਆਵਜ਼ਾ ਕਿਉਂ? ਕੀ ਇਹ ਮੰਨ ਲਿਆ ਗਿਆ ਹੈ ਕਿ ਦੋਹਾਂ ਬੇਦੋਸ਼ ਸਨ? ਜਾਂ ਫਿਰ ਇਹ ਸੰਕੇਤ ਹੈ ਕਿ ਰਾਜ ਸੱਚ ਤੱਕ ਪਹੁੰਚਣ ਦੀ ਜ਼ਿੰਮੇਵਾਰੀ ਤੋਂ ਬਚਣਾ ਚਾਹੁੰਦਾ ਹੈ? ਬਰਾਬਰ ਮੁਆਵਜ਼ਾ ਦੇਣ ਨਾਲ ਇਹ ਸੁਨੇਹਾ ਜਾਂਦਾ ਹੈ ਕਿ ਦੋਸ਼ੀ ਅਤੇ ਬੇਦੋਸ਼ ਵਿਚ ਕੋਈ ਫ਼ਰਕ ਹੀ ਨਹੀਂ ਰਿਹਾ।

ਇਸ ਮਾਮਲੇ ਦੀ ਜਾਂਚ ਦੌਰਾਨ ਇਕ ਹੋਰ ਪੱਖ 'ਤੇ ਵੀ ਗੰਭੀਰਤਾ ਨਾਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ—ਕਿਤੇ ਇਹ ਝਗੜਾ ਕਿਸੇ ਪੁਰਾਣੇ ਜਾਂ ਮੌਜੂਦਾ ਜੁਰਮ, ਗੈਰ-ਕਾਨੂੰਨੀ ਸਰਗਰਮੀ ਜਾਂ ਕਿਸੇ ਗੁਨਾਹ ਨੂੰ ਛੁਪਾਉਣ ਦੀ ਕੋਸ਼ਿਸ਼ ਦਾ ਨਤੀਜਾ ਤਾਂ ਨਹੀਂ ਸੀ? ਪੁਲਿਸ ਵਰਗੇ ਸੰਵੇਦਨਸ਼ੀਲ ਵਿਭਾਗ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦਰਮਿਆਨ ਇੰਨੀ ਭਿਆਨਕ ਹਿੰਸਾ ਨੂੰ ਸਿਰਫ਼ ਨਿੱਜੀ ਵਿਵਾਦ ਕਹਿ ਕੇ ਟਾਲ ਦੇਣਾ, ਜਾਂਚ ਨੂੰ ਅਧੂਰਾ ਛੱਡਣ ਬਰਾਬਰ ਹੈ। ਇਹ ਜਾਂਚ ਦਾ ਫ਼ਰਜ਼ ਹੈ ਕਿ ਇਹ ਵੀ ਵੇਖਿਆ ਜਾਵੇ ਕਿ ਕਿਤੇ ਕਿਸੇ ਅਪਰਾਧਿਕ ਸ਼ਮੂਲੀਅਤ, ਦਬਾਅ ਜਾਂ ਡਰ ਨੇ ਇਸ ਟਕਰਾਅ ਨੂੰ ਜਨਮ ਤਾਂ ਨਹੀਂ ਦਿੱਤਾ।

ਜੇ ਜਾਂਚ ਵਿੱਚ ਇਹ ਸਾਹਮਣੇ ਆਉਂਦਾ ਹੈ ਕਿ ਪਹਿਲਾਂ ਹਮਲਾ ਇਕ ਪੁਲਿਸ ਕਰਮਚਾਰੀ ਵੱਲੋਂ ਕੀਤਾ ਗਿਆ, ਤਾਂ ਉਹ ਕਾਨੂੰਨੀ ਤੌਰ 'ਤੇ ਦੋਸ਼ੀ ਮੰਨਿਆ ਜਾਵੇਗਾ। ਭਾਵੇਂ ਉਸਦੀ ਮੌਤ ਹੋ ਚੁੱਕੀ ਹੋਵੇ, ਪਰ ਦੋਸ਼ ਦਾ ਅਧਿਕਾਰਕ ਤੌਰ 'ਤੇ ਨਿਰਧਾਰਨ ਬਹੁਤ ਜ਼ਰੂਰੀ ਹੈ। ਇਸ ਨਾਲ ਸਿਰਫ਼ ਸੱਚ ਸਾਹਮਣੇ ਨਹੀਂ ਆਵੇਗਾ, ਸਗੋਂ ਭਵਿੱਖ ਲਈ ਵੀ ਸਪਸ਼ਟ ਦਿਸ਼ਾ ਤੈਅ ਹੋਵੇਗੀ। ਸਜ਼ਾ ਸਿਰਫ਼ ਜੇਲ੍ਹ ਨਹੀਂ ਹੁੰਦੀ—ਕਈ ਵਾਰ ਦੋਸ਼ ਨੂੰ ਸਰਕਾਰੀ ਤੌਰ 'ਤੇ ਮੰਨਣਾ ਵੀ ਸਜ਼ਾ ਹੁੰਦਾ ਹੈ।

ਇਹ ਵੀ ਚਿੰਤਾ ਦੀ ਗੱਲ ਹੈ ਕਿ ਜਦੋਂ ਦੋਸ਼ ਤੈਅ ਹੀ ਨਾ ਕੀਤਾ ਜਾਵੇ, ਤਾਂ ਪੀੜਤ ਪਰਿਵਾਰਾਂ ਨੂੰ ਨਿਆਂ ਦਾ ਅਹਿਸਾਸ ਕਿਵੇਂ ਹੋਵੇਗਾ? ਮੁਆਵਜ਼ਾ ਰਾਹਤ ਹੋ ਸਕਦਾ ਹੈ, ਪਰ ਨਿਆਂ ਦਾ ਬਦਲ ਨਹੀਂ। ਬਿਨਾਂ ਦੋਸ਼ ਤੈਅ ਕੀਤੇ ਮੁਆਵਜ਼ਾ ਦੇਣਾ, ਕਾਨੂੰਨ ਨੂੰ ਭਾਵਨਾਵਾਂ ਦੇ ਅਧੀਨ ਕਰਨ ਵਰਗਾ ਹੈ।

ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਇਹ ਸਾਫ਼ ਕਰਨਾ ਹੋਵੇਗਾ ਕਿ ਕੀ ਇਸ ਮਾਮਲੇ ਵਿੱਚ ਨਿਰਪੱਖ, ਵਿਸਥਾਰਪੂਰਕ ਅਤੇ ਹਿੰਮਤ ਵਾਲੀ ਜਾਂਚ ਹੋਵੇਗੀ ਜਾਂ ਫਿਰ ਫ਼ਾਈਲਾਂ ਬੰਦ ਕਰ ਦਿੱਤੀਆਂ ਜਾਣਗੀਆਂ। ਸਮਾਜ ਨੂੰ ਇਹ ਭਰੋਸਾ ਚਾਹੀਦਾ ਹੈ ਕਿ ??ੀ ਪਹਿਨਣ ਵਾਲਾ ਵੀ ਕਾਨੂੰਨ ਤੋਂ ਉੱਪਰ ਨਹੀਂ ਅਤੇ ਮੌਤ ਵੀ ਕਿਸੇ ਨੂੰ ਦੋਸ਼ ਤੋਂ ਬਰੀ ਨਹੀਂ ਕਰ ਸਕਦੀ।

ਇਹ ਘਟਨਾ ਸਿਰਫ਼ ਦੋ ਗੋਲੀਆਂ ਦੀ ਕਹਾਣੀ ਨਹੀਂ, ਸਗੋਂ ਉਸ ਚੁੱਪ ਦੀ ਕਹਾਣੀ ਹੈ, ਜਿੱਥੇ ਸੱਚ ਜਾਣਨ ਤੋਂ ਪਹਿਲਾਂ ਹੀ ਇਨਸਾਫ਼ ਨੂੰ ਦਫ਼ਨਾ ਦਿੱਤਾ ਜਾਂਦਾ ਹੈ। ਸਵਾਲ ਅਜੇ ਵੀ ਕਾਇਮ ਹੈ—ਦੋਸ਼ੀ ਕੌਣ ਹੈ, ਅਤੇ ਉਸਨੂੰ ਸਜ਼ਾ ਕਿਉਂ ਨਹੀਂ?

# ਨਾਇਬ ਸਿੰਘ ਸੈਣੀ ਨੇ ਆਪ ਅਤੇ ਕਾਂਗਰਸ 'ਤੇ ਕੀਤੇ ਤਿੱਖੇ ਹਮਲੇ, 2027 ਵਿੱਚ ਪੰਜਾਬ 'ਚ ਭਾਜਪਾ ਸਰਕਾਰ ਦਾ ਦਾਅਵਾ



**ਲੁਧਿਆਣਾ, 24 ਫਰਵਰੀ**
**ਕੁਲਦੀਪ ਦੁੱਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੱਖਣੀ ਹਲਕੇ ਦੇ ਗਿਆਸਪੁਰਾ ਮੰਡਲ ਵਿੱਚ ਭਾਜਪਾ ਪੂਰਵਾਂਚਲ ਮੋਰਚਾ ਵੱਲੋਂ ਕਰਵਾਈ ਗਈ ਪੂਰਵਾਂਚਲ ਸਨਮਾਨ ਰੈਲੀ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਭਾਜਪਾ ਦੇ ਪ੍ਰਦੇਸ਼ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਰੈਲੀ ਨੂੰ ਸੰਬੋਧਨ ਕਰਦੇ ਹੋਏ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਵਿੱਚ ਸੱਤਾ ਵਿੱਚ ਰਹੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਉਨ੍ਹਾਂ ਦੋਸ਼ ਲਗਾਇਆ ਕਿ ਵੱਡੇ-ਵੱਡੇ ਸੁਪਨੇ ਦਿਖਾ ਕੇ ਸਿਰਫ਼ ਵੋਟਾਂ ਬਟੋਰੀਆਂ ਗਈਆਂ ਅਤੇ ਰਾਜ ਨੂੰ ਵਿਕਾਸ ਦੀ ਦੌੜ ਵਿੱਚ ਪਿੱਛੇ ਧਕੇਲਿਆ ਗਿਆ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਮਹਿਲਾਵਾਂ ਨੂੰ 1100 ਰੁਪਏ ਮਹੀਨਾ ਦੇਣ ਦਾ ਵਾਅਦਾ ਪੂਰਾ ਨਹੀਂ ਕੀਤਾ ਗਿਆ, ਜਦਕਿ ਹਰਿਆਣਾ ਵਿੱਚ 2100 ਰੁਪਏ ਮਹੀਨਾ ਦਿੱਤੇ ਜਾ ਰਹੇ ਹਨ। ਕਿਸਾਨਾਂ ਦੇ ਮਸਲੇ 'ਤੇ ਉਨ੍ਹਾਂ ਹਰਿਆਣਾ ਮਾਡਲ ਦਾ ਜ਼ਿਕਰ ਕਰਦਿਆਂ ਕਿਹਾ ਕਿ ਉੱਥੇ ਫਸਲਾਂ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) 'ਤੇ ਕੀਤੀ ਜਾਂਦੀ ਹੈ ਅਤੇ ਘੱਟ ਬਾਜ਼ਾਰੀ ਭਾਵ ਹੋਣ 'ਤੇ ਸਰਕਾਰ ਭਰਪਾਈ ਕਰਦੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੀ ਪੰਜਾਬ ਨੂੰ ਨੰਬਰ ਇੱਕ ਰਾਜ ਬਣਾਇਆ ਜਾ ਸਕਦਾ ਹੈ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਸਰਕਾਰ ਬਣੇਗੀ। ਇਸ ਮੌਕੇ 'ਤੇ ਜ਼ਿਲ੍ਹਾ ਭਾਜਪਾ ਅਧਿਕਾਰੀਆਂ ਵੱਲੋਂ ਮੁੱਖ ਮੰਤਰੀ ਦਾ ਸਨਮਾਨ ਵੀ ਕੀਤਾ ਗਿਆ ਅਤੇ ਵੱਡੀ ਗਿਣਤੀ ਵਿੱਚ ਪਾਰਟੀ ਕਰਮਚਾਰੀ ਹਾਜ਼ਰ ਰਹੇ।

# ਸਰਵਾਈਕਲ ਕੈਂਸਰ ਦੀ ਘਟਨਾਵਾਂ ਤੇ ਮੌਤ ਦਰ ਨੂੰ ਘੱਟ ਕਰਨ ਲਈ ਸਰਕਾਰ ਕਰ ਰਹੀ ਹੈ ਲਗਾਤਾਰ ਯਤਨ - ਆਰਤੀ ਸਿੰਘ ਰਾਓ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਸੂਬਾ ਸਰਕਾਰ ਮਹਿਲਾਵਾਂ ਦੇ ਸਿਹਤ ਨੂੰ ਬਿਹਤਰ ਬਨਾਉਣ ਅਤੇ ਸਰਵਾਈਕਲ ਕੈਂਸਰ ਦੀ ਘਟਨਾਵਾਂ ਤੇ ਮੌਤ ਦਰ ਨੂੰ ਘੱਟ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਨੇ ਦਸਿਆ ਕਿ ਸਰਕਾਰ ਜਾਗਰੁਕਤਾ, ਸਮੇਂ 'ਤੇ ਜਾਂਚ ਅਤੇ ਬਿਹਤਰ ਇਲਾਜ ਸਹੂਲਤਾਂ ਨੂੰ ਮਜਬੂਤ ਕਰਨ ਲਈ ਕਈ ਠੋਸ ਕਦਮ ਚੁੱਕ ਰਹੀ ਹੈ। ਸਿਹਤ ਮੰਤਰੀ ਨੇ ਕਿਹਾ ਕਿ ਹਰ ਸਾਲ ਵਿਸ਼ਵ ਕੈਂਸਰ ਦਿਵਸ ਅਤੇ ਕੌਮੀ ਕੈਂਸਰ ਜਾਗਰੁਕਤਾ ਦਿਵਸ ਦੇ ਮੌਕੇ 'ਤੇ ਮਹਿਲਾਵਾਂ ਨੂੰ ਸਰਵਾਈਕਲ ਕੈਂਸਰ ਦੇ ਜੋਖਿਮ ਕਾਰਕਾਂ, ਲੱਛਣਾਂ, ਸ਼ੁਰੂਆਤੀ ਪਹਿਚਾਣ ਅਤੇ ਬਚਾਅ ਦੇ ਬਾਰੇ ਵਿੱਚ ਜਾਗਰੁਕ ਕੀਤਾ ਜਾਂਦਾ ਹੈ ਅਤੇ ਵਿਸ਼ੇਸ਼ ਮੁਹਿੰਮ ਚਲਾਏ ਜਾਂਦੇ ਹਨ। ਇਸ ਤੋਂ ਇਲਾਵਾ, ਮੈਡੀਕਲ ਅਧਿਕਾਰੀਆਂ, ਸਟਾਫ ਨਰਸਾਂ, ਸੀਐਚਓ ਅਤੇ ਫ੍ਰੰਟਲਾਇਨ ਸਿਹਤ ਕਰਮਚਾਰੀਆਂ ਨੂੰ ਨਿਯਮਤ ਸਿਖਲਾਈ ਦਿੱਤੀ ਜਾਂਦੀ ਹੈ, ਜਿਸ ਨਾਲ ਸਕ੍ਰੀਨਿੰਗ ਦੀ ਗੁਣਵੱਤਾ, ਸਮੇਂ 'ਤੇ ਪਹਿਚਾਣ, ਕੰਸਲਟੇਂਸ਼ਨ ਅਤੇ ਫਾਲੋ-ਅੱਪ ਦੇਖਭਾਲ ਵਿੱਚ ਸੁਧਾਰ ਹੋ ਸਕੇ। ਆਰਤੀ ਸਿੰਘ ਰਾਓ ਨੇ ਦਸਿਆ ਕਿ ਸਰਵਾਈਕਲ ਕੈਂਸਰ ਬੱਚੇਦਾਨੀ ਦੇ ਹੇਠਲੇ ਹਿੱਸੇ (ਸਰਵਿਕਸ) ਵਿੱਚ ਸ਼ੁਰੂ ਹੋਣ ਵਾਲਾ ਕੈਂਸਰ ਹੈ, ਜਿਸ ਦਾ ਮੁੱਖ ਕਾਰਨ ਹਿਊਮਨ ਪੈਪਿਲੋਮਾ ਵਾਇਰਸ (੍ਰਫ਼) ਦਾ ਲੰਬੇ ਸਮੇਂ ਤੱਕ ਸੰਕ੍ਰਮਣ ਹੁੰਦਾ ਹੈ। ਵਿਸ਼ੇਸ਼ ਰੂਪ ਨਾਲ ੍ਰਫ਼ -16 ਅਤੇ ੍ਰਫ਼ -18 ਪ੍ਰਕਾਰ ਵੱਧ ਖਤਰਨਾਕ ਮੰਨੇ ਜਾਂਦੇ ਹਨ। ਸਿਗਰਟਨੋਸ਼ੀ, ਘੱਟ ਉਮਰ ਵਿੱਚ ਸੈਕਸ ਕਰਨਾ, ਇੱਕ ਤੋਂ ਵੱਧ ਜਿਨਸੀ ਸਾਥੀ, ਅਸੁਰੱਖਿਅਤ ਸੈਕਸ ਵਿਵਹਾਰ, ਘੱਟ ਉਮਰ ਵਿੱਚ ਵਿਆਹ ਅਤੇ ਗਰਭਧਾਰਣ, ਵਾਰ-ਵਾਰ ਪ੍ਰਸਵ ਅਤੇ ਕਮਜੋਰ ਪ੍ਰਤੀਰੱਖਿਆ ਪ੍ਰਣਾਲੀ ਵਰਗੇ ਕਾਰ ਇਸ ਦੇ ਜੋਖਿਮ ਨੂੰ ਵਧਾਉਂਦੇ ਹਨ। ਸਰਵਾਈਕਲ ਕੈਂਸਰ ਦੇ ਆਮ ਲੱਛਣਾਂ ਵਿੱਚ ਪੀਰਿਅਡਸ ਦੇ ਵਿੱਚ ਖੂਨਸਰੋਤ, ਬਹੁਤ ਵੱਧ ਜਾਂ ਲੰਬੇ ਸਮੇਂ ਤੱਕ ਮਹਾਵਾਰੀ ਆਉਣਾ, ਮੀਨੋਪਸ ਤੋਂ ਬਾਅਦ ਖੂਨ ਵੱਗਣਾ, ਜਿਨਸੀ ਸਬੰਧ ਦੇ ਬਅਦ ਖੂਨਸਰੋਤ, ਬਦਬੂਦਾਰ ਯੋਨੀ ਡਿਸਚਾਰਜ, ਹੇਠਲੇ ਪੇਟ ਵਿੱਚ ਦਰਦ, ਅਚਾਨਕ ਵਜਨ ਘਟਨਾ ਅਤੇ ਪੇਸ਼ਾਬ ਦੌਰਾਨ ਦਰਦ ਸ਼ਾਮਿਲ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਇਸ ਬੀਮਾਰੀ ਦਾ ਸਮੇਂ ਰਹਿੰਦੇ ਪਤਾ ਚਲ ਜਾਵੇ ਤਾਂ ਇਸ ਦਾ ਇਲਾਜ ਕਾਫੀ ਹੱਦ ਤੱਕ ਸੰਭਵ ਹੈ। ਉਨ੍ਹਾਂ ਨੇ ਦਸਿਆ ਕਿ ਸਿਹਤ ਵਿਭਾਗ, ਹਰਿਆਣਾ ਵੱਲੋਂ ਇਸ ਦਿਸ਼ਾ ਵਿੱਚ ਕਈ ਮਹਤੱਵਪੂਰਣ ਪਹਿਲ ਕੀਤੀਆਂ ਗਈਆਂ ਹਨ। ਰਾਜ ਦੇ ਸਾਰੇ 22 ਜਿਲ੍ਹਿਆਂ ਵਿੱਚ ਗੇਰ-ਸੰਚਾਰੀ ਰੋਗਾਂ ਦੀ ਰੋਕਥਾਮ ਅਤੇ ਕੰਟਰੋਲ ਲਈ ਕੌਮੀ ਪ੍ਰੋਗਰਾਮ ਤਹਿਤ 30 ਸਾਲ ਅਤੇ ਉਸ ਤੋਂ ਵੱਧ ਉਮਰ ਦੀ ਮਹਿਲਾਵਾਂ ਦੀ ਸਕ੍ਰੀਨਿੰਗ ਕੀਤੀ ਜਾ ਰਹੀ ਹੈ। ਇਸ ਮੁਹਿੰਮ ਵਿੱਚ ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਸਰਵਾਈਕਲ, ਸਤਨ ਅਤੇ ਸਰਵਾਈਕਲ ਕੈਂਸਰ ਦੀ ਜਾਂਚ ਸ਼ਾਮਿਲ ਹੈ।ਮਹਿਲਾਵਾਂ ਦੀ ਜਾਂਚ ਲਈ ਵਿਜੂਅਲ ਇੰਸਪੈਕਸ਼ਨ ਵਿਦ ਏਸੋਟਿਕ ਏਸਿਡ (ਡ੧ਂ) ਨਾਮਕ ਸਰਲ ਟੇਸਟ ਦੀ ਵਰਤੋ ਕੀਤੀ ਜਾ ਰਹੀ ਹੈ, ਜਿਸ ਦੀ ਸਹੂਲਤ ਆਯੁਸ਼ਮਾਨ ਅਰੋਗਯ ਮੰਦਿਰ, ਪ੍ਰਾਥਮਿਕ ਸਿਹਤ ਕੇਂਦਰ, ਕੰਮਿਊਨਿਟੀ ਸਿਹਤ ਕੇਂਦਰ, ਉੱਪ ਜਿਲ੍ਹਾ ਹਸਪਤਾਲ ਅਤੇ ਜਿਲ੍ਹਾ ਸਿਵਲ ਹਸਪਤਾਲਾਂ ਵਿੱਚ ਉਪਲਬਧ ਹੈ।

# ਖ਼ਾਨ ਸਾਬ੍ਹ ਨੇ ਉਸਤਾਦ ਨੁਸਰਤ ਫ਼ਤਿਹ ਅਲੀ ਖ਼ਾਨ ਨੂੰ ਸਮਰਪਿਤ ਕੱਵਾਲੀਆਂ ਤੇ ਸੂਫ਼ੀ ਗਾਇਕੀ ਨਾਲ ਬੰਨ੍ਹਿਆ ਰੰਗ

**➢ ਅਮਨਦੀਪ ਸਿੰਘ ਦੇ ਦਿਲਰੁਬਾ ਵਾਦਨ ਤੇ ਪੰਜਾਬੀ ਸਾਹਿਤਕ ਗਾਇਕੀ ਨੇ ਸਰੋਤੇ ਕੀਲੇ ➢ -ਵਿਰਾਸਤੀ ਮੇਲੇ ਲਗਾਉਣਾ ਰੰਗਲਾ ਪੰਜਾਬ ਬਣਾਉਣ ਤੇ ਲੋਕਾਂ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਨ ਦਾ ਚੰਗਾ ਉਪਰਾਲਾ- ਬਲਤੇਜ ਪੰਨੂ, ਕੋਹਲੀ, ਜੌੜਾਮਾਜਰਾ, ਮੇਅਰ ਗੋਗੀਆ, ਚੇਅਰਮੈਨ ਜੁਨੇਜਾ, ਮਹਿਤਾ, ਜੱਸੀ ਸੋਹੀਆਂ ਵਾਲਾ**





**ਪਟਿਆਲਾ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਿਰਾਸਤੀ ਕਿਲ੍ਹਾ ਮੁਬਾਰਕ ਦੇ ਦਰਬਾਰ ਹਾਲ ਦੇ ਖੁੱਲ੍ਹੇ ਵਿਹੜੇ 'ਚ ਅੱਜ ਪਟਿਆਲਾ ਵਿਰਾਸਤੀ ਮੇਲੇ ਦੀ ਆਖਰੀ ਸ਼ਾਮ ਪਟਿਆਲਵੀਆਂ ਤੇ ਕਲਾ ਪ੍ਰੇਮੀਆਂ ਨੇ ਵੱਡੀ ਗਿਣਤੀ 'ਚ ਪੁੱਜ ਕੇ ਸੂਫ਼ੀਆਨਾ ਸ਼ਾਮ ਦਾ ਆਨੰਦ ਮਾਣਿਆ। ਇਸ ਮੌਕੇ ਵੱਡੀ ਗਿਣਤੀ ਪੁੱਜੇ ਦਰਸ਼ਕ ਸਰੋਤਿਆਂ ਨੇ ਤਾੜੀਆਂ ਦੀ ਗੂੰਜ ਨਾਲ ਪੰਜਾਬ ਦੇ ਉਘੇ ਗਾਇਕਾਂ ਦਾ ਸਤਿਕਾਰ ਕੀਤਾ।

ਇਹ ਸੂਫ਼ੀਆਨਾ ਸ਼ਾਮ ਅੱਜ ਉਸ ਵੇਲੇ ਹੋਰ ਵੀ ਖ਼ੂਬਸੂਰਤ ਨਜ਼ਰ ਆਈ, ਜਦੋਂ ਕਵਾਲੀ ਦੇ ਆਫ਼ਤਾਬ ਗਾਇਕ ਖ਼ਾਨ ਸਾਬ੍ਹ ਨੇ ਇਹ ਸ਼ਾਮ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਨ ਨੂੰ ਸਮਰਪਿਤ ਕਰਦਿਆ ਰਵਾਇਤੀ ਕੱਵਾਲੀਆਂ ਨੂੰ ਆਪਣੇ ਨਿਵੇਕਲੇ ਅੰਦਾਜ਼ ਗਾਇਆ ਜਦਕਿ ਸੂਫ਼ੀ ਗਾਇਕ ਪ੍ਰੋ. ਅਮਨਦੀਪ ਸਿੰਘ ਦੇ ਦਿਲਰੁਬਾ ਵਾਦਨ ਤੇ ਸੂਫ਼ੀ ਗਾਇਕੀ ਨੇ ਖ਼ੂਬ ਰੰਗ ਬੰਨ੍ਹਦਿਆਂ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ।

ਪੰਜਾਬ ਦੇ ਉੱਘੇ ਨੌਜਵਾਨ ਗਾਇਕ ਖ਼ਾਨ ਸਾਬ੍ਹ ਨੇ ਰਵਾਇਤੀ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਨ ਦੀਆਂ ਕਵਾਲੀਆਂ ਨਵੇਂ ਰੂਪ ਵਿੱਚ ਪੇਸ਼ ਕੀਤੀਆਂ। ਉਨ੍ਹਾਂ ਨੇ 'ਸਾਸੋਂ ਕੀ ਮਾਲਾ, ਨਿੱਤ ਖੈਰ ਮੰਗਾਂ, ਵੋ ਬੀ ਅਪਨੇ ਨਾ ਥੇ, ਹਲਕਾ..ਹਲਕਾ ਸਰੂਰ ਸਮੇਤ ਹੋਰ ਖੂਬਸੂਰਤ ਨਗ਼ਮੇ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰਕੇ ਵਿਰਾਸਤੀ ਉਤਸਵ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਖ਼ਾਨ ਸਾਬ੍ਹ ਨੇ ਕਿਹਾ ਕਿ ਇਹ ਉਸ ਦੀ ਖ਼ੁਸ਼ਕਿਸਮਤੀ ਹੈ ਕਿ ਉਹ ਪਟਿਆਲਵੀਆਂ ਨੂੰ ਕੁਝ ਸੁਨਾਉਣ ਆਏ ਹਨ।

ਸੂਫ਼ੀਆਨਾ ਸ਼ਾਮ ਦੀ ਸ਼ੁਰੂਆਤ ਵਿੱਚ ਪ੍ਰਸਿੱਧ ਦਿਲਰੁਬਾ ਵਾਦਕ ਤੇ ਗਾਇਕ ਪ੍ਰੋ. ਅਮਨਦੀਪ ਸਿੰਘ ਨੇ ਪਟਿਆਲਾ ਰਿਆਸਤ ਦੇ ਸਾਜ ਦਿਲਰੁਬਾ ਨਾਲ ਸ਼ਾਨ ਵਜਾ ਕੇ ਸ਼ੁਰੂਆਤ ਕੀਤੀ ਪਟਿਆਲਾ ਘਰਾਣੇ ਦੇ ਗੱਜਣ ਸਿੰਘ ਤੇ ਭਾਈ ਹਰਨਾਮ ਸਿੰਘ ਨੂੰ ਯਾਦ ਕੀਤਾ। ਉਨ੍ਹਾਂ ਨੇ ਆਪਣੀ ਦਿਲਕਸ਼ ਆਵਾਜ਼ ਨਾਲ ਸੂਫ਼ੀਆਨਾ ਅੰਦਾਜ 'ਚ ਲੋਕ ਗਾਇਕੀ ਨਾਲ ਇੱਕ ਵੱਖਰਾ ਹੀ ਮਾਹੌਲ ਸਿਰਜਦਿਆਂ ਦਰਸ਼ਕਾਂ ਨੂੰ ਝੂਮਣ ਲਾ ਦਿਤਾ।

ਪ੍ਰੋ. ਅਮਨਦੀਪ ਸਿੰਘ ਨੇ ਸੁਲਤਾਨ ਬਾਹੂ ਅਤੇ ਬੁੱਲੇ ਸ਼ਾਹ ਦੇ ਸੂਫ਼ੀਆਨਾ ਕਲਾਮ, 'ਅਬ ਲਗਨ ਲਗੀ ਕੀ ਕਰੀਏ', 'ਮੈਨੂੰ ਕੌਣ ਪਛਾਣੇ', ਸੰਤ ਰਾਮ ਉਦਾਸੀ ਦੀ ਰਚਨਾ, 'ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ ਅਤੇ ਸ਼ਿਵ ਕੁਮਾਰ ਬਟਾਵਲੀ ਦੀ ਨਜ਼ਮ ਇੱਕ ਕੁੜੀ ਜਿਸਦਾ ਨਾਮ ਮੁਹੱਬਤ ਸਮੇਤ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਝੂਮਰ, ਲੋਕ ਬੋਲੀਆਂ ਤੇ ਲੋਕ ਗੀਤ ਦੀ ਦਿਲਕਸ਼ ਪੇਸ਼ਕਾਰੀ ਕੀਤੀ। ਨੂਰ-ਏ-ਅਮਨ ਮਿਊਜ਼ੀਕਲ ਬੈਂਡ ਗਰੁੱਪ ਦੇ ਕਲਾਕਾਰਾਂ ਨੇ ਪ੍ਰੋ. ਅਮਨਦੀਪ ਸਿੰਘ ਦਾ ਸਾਥ ਦਿੱਤਾ।

ਇਸ ਮੌਕੇ ਪੁੱਜੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਮੁੱਖ ਬੁਲਾਰੇ ਬਲਤੇਜ ਪੰਨੂ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਪੀਆਰਟੀਸੀ ਚੇਅਰਮੈਨ ਹਰਪਾਲ ਜੁਨੇਜਾ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ ਅਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਅਜਿਹੀ ਸਾਫ਼ ਸੁਥਰੀ ਗਾਇਕੀ ਸਾਨੂੰ ਸਾਡੀ ਵਿਰਾਸਤ ਨਾਲ ਜੋੜਦੀ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਸੰਗੀਤ ਰਾਹੀਂ ਆਪਣੇ ਜੀਵਨ ਨੂੰ ਉੱਚਾ ਤੇ ਸੱਚਾ ਰੱਖਣ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਹੇਠ ਅਜਿਹੇ ਮੇਲੇ ਲਗਾਉਣਾ ਰੰਗਲਾ ਪੰਜਾਬ ਬਣਾਉਣ ਸਮੇਤ ਲੋਕਾਂ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਨ ਦਾ ਚੰਗਾ ਉਪਰਾਲਾ ਹੈ।

ਬਲਤੇਜ ਪੰਨੂ ਨੇ ਕਿਹਾ ਕਿ ਸਫ਼ਲ ਵਿਰਾਸਤੀ ਮੇਲਾ ਕਰਵਾਉਣ ਲਈ ਪਟਿਆਲਾ ਪ੍ਰਸ਼ਾਸਨ ਵਧਾਈ ਦਾ ਪਾਤਰ ਹੈ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਪਟਿਆਲਾਵੀਆਂ ਤੇ ਕਲਾ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਨੇ ਜਿਵੇਂ 12 ਫਰਵਰੀ ਤੋਂ 22 ਫਰਵਰੀ ਤੱਕ ਪਟਿਆਲਾ ਵਿਰਾਸਤੀ ਮੇਲੇ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ, ਉਸੇ ਤਰ੍ਹਾਂ ਹੀ 21 ਫਰਵਰੀ ਤੋਂ ਸ਼ੁਰੂ ਹੋ ਕੇ 2 ਮਾਰਚ ਤੱਕ ਸ਼ੀਸ਼ ਮਹਿਲ ਵਿਖੇ ਚੱਲ ਰਹੇ ਪੰਜਾਬ ਸਖੀ ਸ਼ਕਤੀ ਕਰਾਫ਼ਟ ਮੇਲੇ ਨੂੰ ਵੀ ਭਰਵਾਂ ਹੁੰਗਾਰਾ ਦੇਣ।

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਪੰਜਾਬ ਦੇ ਸੱਭਿਆਚਾਰ ਤੇ ਸੈਰ ਸਪਾਟਾ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਗਏ ਪਟਿਆਲਾ ਵਿਰਾਸਤੀ ਮੇਲੇ ਦੀ ਕਿਲ੍ਹਾ ਮੁਬਾਰਕ ਵਿਖੇ ਆਖਰੀ ਸ਼ਾਮ ਯਾਦਗਾਰੀ ਬਣ ਗਈ, ਕਿਉਂਕਿ ਇਹ ਵਿਰਾਸਤੀ ਉਤਸਵ ਹੁਣ ਪਟਿਆਲਵੀਆਂ ਲਈ ਇੱਕ ਖਾਸ ਉਤਸਵ ਬਣ ਗਿਆ ਹੈ। ਨੋਡਲ ਅਫ਼ਸਰ ਐਸ.ਡੀ.ਐਮ. ਰਿਚਾ ਗੋਇਲ ਦੀ ਦੇਖ-ਰੇਖ ਹੇਠ ਖ਼ੂਬਸੂਰਤ ਰੌਸ਼ਨੀਆਂ ਨਾਲ ਜਗਮਗਾ ਰਹੀ ਕਿਲਾ ਮੁਬਾਰਕ ਦੀ ਇਹ ਵਿਰਾਸਤੀ ਇਮਾਰਤ ਨੇ ਆਮ ਸ਼ਹਿਰੀਆਂ ਨੂੰ ਆਪਣੇ ਦੀਦਾਰ ਕਰਨ ਲਈ ਮਜ਼ਬੂਰ ਕੀਤਾ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸਿਮਰਪ੍ਰੀਤ ਕੌਰ, ਉਤਰ ਖੇਤਰੀ ਸੱਭਿਆਚਾਰਕ ਕੇਂਦਰ ਦੇ ਸਹਾਇਕ ਡਾਇਰੈਕਟਰ ਰਵਿੰਦਰ ਸ਼ਰਮਾ, ਚਰਨਜੀਤ ਸਿੰਘ, ਐਸ.ਡੀ.ਐਮਜ ਨਮਨ ਮਾਰਕੰਨ, ਨੋਡਲ ਅਫ਼ਸਰ ਰਿਚਾ ਗੋਇਲ, ਹਰਜੋਤ ਕੌਰ, ਸੀ.ਐਮ.ਐਫ.ਓ. ਸਤੀਸ਼ ਚੰਦਰ, ਸੀ.ਡੀ.ਪੀ.ਓ ਸੁਪ੍ਰੀਤ ਬਾਜਵਾ, ਕੌਂਸਲਰ ਅੰਮ੍ਰਿਤ ਪਾਲ ਸਿੰਘ ਪਾਲੀ ਅਤੇ ਰਣਜੀਤ ਸਿੰਘ ਸਮੇਤ ਪਟਿਆਲਾ ਵਾਸੀਆਂ ਤੇ ਸੰਗੀਤ ਪ੍ਰੇਮੀਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕਰਕੇ ਕਵਾਲੀ ਤੇ ਸੂਫ਼ੀਆਨ ਸ਼ਾਮ ਸਮੇਂ ਸਾਫ਼-ਸੁਥਰੀ ਗਾਇਕੀ ਦਾ ਅਨੰਦ ਮਾਣਿਆ।

# ਪੰਜਾਬ ਪ੍ਰਦੇਸ਼ ਵਪਾਰ ਮੰਡਲ ਨੇ ਵਪਾਰੀਆਂ ਦੇ ਹਿੱਤ ਵਿੱਚ ਦੋ ਵੱਖ-ਵੱਖ ਐਕਟਾਂ ਨੂੰ ਵਾਪਸ ਲੈਣ ਦੀ ਕੀਤੀ ਮੰਗ

**ਸੁਨਾਮ ਊਧਮ ਸਿੰਘ ਵਾਲਾ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੇਸ਼ ਵਪਾਰ ਮੰਡਲ ਨੇ ਪੰਜਾਬ ਸਰਕਾਰ ਦੇ ਨਾਂਅ ਪੱਤਰ ਲਿਖ ਕੇ ਪੰਜਾਬ ਰਾਜ ਵਿਕਾਸ ਟੈਕਸ ਐਕਟ-2018 ਅਤੇ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਐਕਟ-2011 ਨੂੰ ਖਤਮ ਕਰਨ ਦੀ ਮੰਗ ਕੀਤੀ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਪੰਜਾਬ ਪ੍ਰਦੇਸ਼ ਵਪਾਰ ਮੰਡਲ ਯੂਨਿਟ ਸੁਨਾਮ ਦੇ ਪ੍ਰਧਾਨ ਪਵਨ ਗੁੱਜਰਾਂ ਅਤੇ ਸਕੱਤਰ ਚੰਦਰ ਪ੍ਰਕਾਸ਼ ਨੇ ਆਖਿਆ ਕਿ ਪੰਜਾਬ ਰਾਜ ਵਿਕਾਸ ਟੈਕਸ ਐਕਟ-2018 ਅਤੇ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਐਕਟ-2011 ਵੱਖ-ਵੱਖ ਨੋਟੀਫਿਕੇਸ਼ਨਾਂ ਰਾਹੀਂ ਲਾਗੂ ਕੀਤੇ ਗਏ ਸਨ ਅਤੇ ਇਹਨਾਂ ਦੋਵੇਂ ਕਾਨੂੰਨਾਂ ਨੇ ਉਦਯੋਗਾਂ, ਐਮ.ਐਸ.ਐਮ.ਈ., ਵਪਾਰਕ ਅਦਾਰਿਆ ਅਤੇ ਵਪਾਰੀਆਂ ਉਪਰ ਨਿਰੰਤਰ ਵਿੱਤੀ ਬੋਝ ਪਾਇਆ ਹੈ ਜਦ ਕਾਰੋਬਾਰ ਪਹਿਲਾਂ ਹੀ ਵੱਡੀਆਂ ਲਾਗਤਾਂ ਅਤੇ ਸਖਤ ਬਾਜ਼ਾਰ ਮੁਕਾਬਲੇ ਨਾਲ ਜੂਝ ਰਹੇ ਹਨ। ਉਹਨਾਂ ਦੱਸਿਆ ਕਿ ਪੰਜਾਬ ਰਾਜ ਵਿਕਾਸ ਟੈਕਸ ਐਕਟ-2018 ਜੋਕਿ ਉਦਯੋਗਾਂ ਅਤੇ ਅਦਾਰਿਆਂ ਨੂੰ ਸਮੇਂ-ਸਮੇਂ ਤੇ ਸੂਚਿਤ ਕੀਤੇ ਗਏ ਪ੍ਰਤੀ ਕਰਮਚਾਰੀ / ਸਥਾਪਨਾ ਨਿਰਧਾਰਤ ਆਧਾਰ'ਤੇ ਗਣਨਾ ਕੀਤੇ ਗਏ ਰਾਜ ਵਿਕਾਸ ਟੈਕਸ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ ਜਿਸ ਤਹਿਤ ਸਲਾਨਾ ਖਰਚਾ ਦਰਮਿਆਨੇ ਅਤੇ ਵੱਡੇ ਅਦਾਰਿਆਂ ਲਈ ਕਾਫੀ ਮਾਤਰਾ ਵਿੱਚ ਜਾਂਦਾ ਹੈ ਜੋਕਿ ਸਿੱਧੇ ਤੌਰ ਤੇ ਵਪਾਰੀ ਦੀ ਕਾਰਜਸ਼ੀਲ ਪੂੰਜੀ ਅਤੇ ਤਨਖਾਹ ਪ੍ਰਬੰਧਨ ਨੂੰ ਪ੍ਰਭਾਵਿਤ ਕਰਦਾ ਹੈ। ਉਹਨਾਂ ਦੱਸਿਆ ਕਿ ਇਸੇ ਤਰ੍ਹਾਂ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਐਕਟ-2011 ਤਹਿਤ ਸਬੰਧਤ ਅਧਿਕਾਰੀਆਂ ਵੱਲੋਂ ਕੀਤੇ ਮੁਲਾਂਕਣ ਅਨੁਸਾਰ ਸੰਸਥਾਵਾਂ, ਵਪਾਰਕ ਅਦਾਰਿਆਂ ਅਤੇ ਉਦਯੋਗਿਕ ਜਾਇਦਾਦਾਂ 'ਤੇ ਸੈੱਸ ਅਦਾ ਕੀਤੀ ਜਾਂਦੀ ਹੈ, ਜਿਸ ਅਧੀਨ ਲੇਵੀ ਉਦਯੋਗਿਕ ਇਕਾਈਆਂ ਅਤੇ ਵਪਾਰਕ ਜਾਇਦਾਦਾਂ ਦੀਆਂ ਆਵਰਤੀ ਵਿੱਤੀ ਦੇਣਦਾਰੀਆਂ ਵਿੱਚ ਹੋਰ ਵਾਧਾ ਕਰਦੀ ਹੈ, ਜਿਸ ਨਾਲ ਰਾਜ ਵਿੱਚ ਕਾਰੋਬਾਰ ਕਰਨ ਦੀ ਸਮੁੱਚੀ ਲਾਗਤ ਵਧਦੀ ਹੈ ਅਤੇ ਇਹਨਾਂ ਦੋਵਾਂ ਲੇਵੀਆਂ ਦਾ ਸੰਯੁਕਤ ਪ੍ਰਭਾਵ ਉਦਯੋਗ ਅਤੇ ਵਪਾਰ ਤੇ ਲਾਗਤ ਦੇ ਬੋਝ ਨੂੰ ਵਧਾਉਂਦਾ ਹੈ ਜਿਸ ਵਿੱਚ ਖਾਸ ਕਰਕੇ ਛੋਟੇ ਅਤੇ ਦਰਮਿਆਨੇ ਉਦਮਾਂ ਲਈ ਜੋ ਸੀਮਤ ਮਾਰਜਿਨ ਤੇ ਕੰਮ ਕਰਦੇ ਹਨ।

ਉਹਨਾਂ ਕਿਹਾ ਕਿ ਜੇਕਰ ਸਰਕਾਰ ਇਹਨਾਂ ਦੋਵੇਂ ਕਾਨੂੰਨਾਂ ਨੂੰ ਖਤਮ ਕਰਦੀ ਹੈ ਤਾਂ ਸੂਬੇ ਨੂੰ ਕੋਈ ਮਾਲੀਆ ਨੁਕਸਾਨ ਨਹੀਂ ਹੋਵੇਗਾ ਕਿਉਂਕਿ ਸਮੂਹ ਵਪਾਰੀਆਂ ਵੱਲੋਂ ਜੀ.ਐਸ.ਟੀ., ਸਟੈਂਪ ਡਿਊਟੀ, ਬਿਜਲੀ ਡਿਊਟੀ, ਰਜਿਸਟ੍ਰੇਸ਼ਨ ਚਾਜ ਅਤੇ ਹੋਰ ਕਾਨੂੰਨੀ ਲੇਵੀਆਂ ਰਾਹੀਂ ਉਦਯੋਗ ਅਤੇ ਵਪਾਰ ਦਾ ਸਰਕਾਰੀ ਖਜ਼ਾਨੇ ਵਿੱਚ ਵੱਡਾ ਯੋਗਦਾਨ ਰਹਿੰਦਾ ਹੈ ਜਦਕਿ ਇਹਨਾਂ ਦੋਵਾਂ ਐਕਟਾਂ ਅਧੀਨ ਪੈਦਾ ਹੋਣ ਵਾਲਾ ਮਾਲੀਆ ਸਮੁੱਚੇ ਰਾਜ ਦੇ ਮਾਲੀਏ ਦਾ ਸਿਰਫ ਇੱਕ ਸੀਮਤ ਹਿੱਸਾ ਹੈ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਨੂੰ ਇਸਦੇ ਉਲਟ ਸੂਬੇ ਵਿੱਚ ਕਾਰੋਬਾਰ ਕਰਨ ਦੀ ਸੌਖ ਵਿੱਚ ਸੁਧਾਰ ਕਰਨ, ਨਵੇਂ ਨਿਵੇਸ਼ ਅਤੇ ਉਦਯੋਗਿਕ ਵਿਸਥਾਰ ਨੂੰ ਉਤਸਾਤਿਹ ਕਰਨ, ਗੁਆਂਢੀ ਰਾਜਾਂ ਨਾਲ ਮੁਕਾਬਲੇਬਾਜ਼ੀ ਵਧਾਉਣ ਆਦਿ ਵੱਲ ਧਿਆਨ ਦੇਣ ਦੀ ਲੋੜ ਹੈ ਜਿਸ ਨਾਲ ਸਰਕਾਰ ਦਾ ਇਹ ਰਾਹਤ ਭਰਿਆ ਉਪਾਅ ਵਪਾਰਕ ਸੰਗਠਨ ਨੂੰ ਵਿਸ਼ਵਾਸ਼ ਅਤੇ ਨਿਸ਼ਚਤਤਾ ਪ੍ਰਦਾਨ ਕਰੇਗਾ ਅਤੇ ਨਾਲ ਹੀ ਉਦਯੋਗ ਅਤੇ ਸਰਕਾਰ ਵਿਚਕਾਰ ਵਿਸ਼ਵਾਸ਼ ਨੂੰ ਵੀ ਮਜ਼ਬੂਤ ਕਰੇਗਾ ਅਤੇ ਸਰਕਾਰ ਦਾ ਵਪਾਰੀਆਂ ਦੇ ਹਿੱਤ ਵਿੱਚ ਲਿਆ ਜਾਣ ਵਾਲਾ ਇਹ ਇਤਿਹਾਸਕ ਫੈਸਲਾ ਪੰਜਾਬ ਵਿੱਚ ਉਦਯੋਗਿਕ ਵਿਕਾਸ ਨੂੰ ਮੁੜ ਸੁਰਜੀਤ ਕਰਨ ਵਿੱਚ ਕਾਫੀ ਮਦਦ ਕਰੇਗਾ।

ਉਹਨਾਂ ਇਹ ਵੀ ਮੰਗ ਕੀਤੀ ਕਿ ਸਰਕਾਰ ਵੱਲੋਂ ਇਹਨਾਂ ਐਕਟਾਂ ਨੂੰ ਵਾਪਸ ਲੈਣ ਦੀ ਸਥਿਤੀ ਵਿੱਚ ਮੌਜੂਦਾ ਸਮੇਂ ਤੱਕ ਕਿਸੇ ਵੀ ਕਥਿਤ ਲੰਬਿਤ ਬਕਾਏ ਜਾਂ ਗੈਰ-ਪਾਲਣਾ ਲਈ ਕੋਈ ਵੀ ਪਿਛਲੀਆਂ ਦੇਣਦਾਰੀਆਂ, ਜੁਰਮਾਨੇ, ਵਿਆਜ, ਨੋਟਿਸ ਜਾਂ ਰਿਕਵਰੀ ਕਾਰਵਾਈ ਨਾ ਕੀਤੀ ਜਾਵੇ।

# ਫਰੀਦਕੋਟ ਵਿੱਚ ਪਾਕਿਸਤਾਨ-ਸਮਰਥਿਤ ਡਰੱਗ ਕਾਰਟੇਲ ਨਾਲ ਸਬੰਧਤ ਇਕ ਫੌਜੀ ਜਵਾਨ, ਬਰਖਾਸਤ ਪੁਲਿਸ ਮੁਲਾਜ਼ਮ ਸਮੇਤ ਛੇ ਵਿਅਕਤੀ 4.8 ਕਿਲੋਗ੍ਰਾਮ ਹੈਰੋਇਨ ਅਤੇ ਪਿਸਤੌਲ ਨਾਲ ਕਾਬੂ

**➢ 2 ਮਹੀਨੇ ਦੀ ਪੁਖ਼ਤਾ ਜੇਲ੍ਹ ਨਿਗਰਾਨੀ ਤੇ ਚੌਕਸੀ ਕਾਰਨ ਪਾਕਿਸਤਾਨੀ ਹੈਂਡਲਰਾਂ ਵੱਲੋਂ ਚਲਾਏ ਜਾ ਰਹੇ ਨੈੱਟਵਰਕ ਦਾ ਹੋਇਆ ਪਰਦਾਫਾਸ਼ : ਡੀਜੀਪੀ ਗੌਰਵ ਯਾਦਵ ➢ ਸਰਹੱਦ ਪਾਰੋਂ ਖੇਪਾਂ ਸੁੱਟਣ ਲਈ ਡਰੋਨ ਵਰਤੋਂ ਕਰ ਰਹੇ ਸਨ ਪਾਕਿਸਤਾਨੀ ਹੈਂਡਲਰ : ਐਸ.ਐਸ.ਪੀ. ਫਰੀਦਕੋਟ ਡਾ. ਪ੍ਰਗਿਆ ਜੈਨ**

**ਚੰਡੀਗੜ੍ਹ/ਫਰੀਦਕੋਟ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੌਰਾਨ ਵੱਡੀ ਸਫ਼ਲਤਾ ਦਰਜ ਕਰਦਿਆਂ ਫ਼ਰੀਦਕੋਟ ਪੁਲਿਸ ਨੇ ਪਾਕਿਸਤਾਨ-ਸਮਰਥਿਤ ਅੰਤਰਰਾਸ਼ਟਰੀ ਡਰੱਗ ਕਾਰਟੇਲ ਦਾ ਪਰਦਾਫਾਸ਼ ਕਰਦੇ ਹੋਏ ਇੱਕ ਫੌਜੀ ਜਵਾਨ ਅਤੇ ਬਰਖ਼ਾਸਤ ਪੁਲਿਸ ਮੁਲਾਜ਼ਮ ਸਮੇਤ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 4.8 ਕਿਲੋ ਹੈਰੋਇਨ ਅਤੇ ਇੱਕ .30 ਬੋਰ ਪਿਸਤੌਲ ਸਮੇਤ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਕੀਤੇ।

ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਗ੍ਰਿ.ਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਰਨੈਲ ਸਿੰਘ ਉਰਫ ਗੋਲਡੀ ਵਾਸੀ ਲੁਧਿਆਣਾ, ਜੋ ਇਸ ਸਮੇਂ ਭਾਰਤੀ ਫੌਜ ਵਿੱਚ ਸੇਵਾ ਨਿਭਾ ਰਿਹਾ ਹੈ, ਅਮਰਦੀਪ ਸਿੰਘ ਉਰਫ ਬਾਕਸਰ (ਬਰਖਾਸਤ ਪੀਏਪੀ ਕੇਡਰ ਮੁਲਾਜ਼ਮ) ਅਤੇ ਡਿੰਪਲ ਰਾਣੀ ਵਾਸੀ ਫਿਰੋਜ਼ਪੁਰ, ਰਮਨਦੀਪ ਕੌਰ, ਸਰਬਜੀਤ ਸਿੰਘ ਉਰਫ ਸੱਬਾ ਅਤੇ ਅੰਮ੍ਰਿਤਪਾਲ ਸਿੰਘ ਉਰਫ ਅਭਿਜੋਤ ਸਾਰੇ ਵਾਸੀ ਮੋਗਾ ਵਜੋਂ ਹੋਈ ਹੈ। ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਲਾਵਾ, ਪੁਲਿਸ ਟੀਮਾਂ ਨੇ ਤੀਹ ਹਜ਼ਾਰ ਡਰੱਗ ਮਨੀ ਵੀ ਜ਼ਬਤ ਕੀਤੀ ਅਤੇ ਉਨ੍ਹਾਂ ਦੀਆਂ ਦੋ ਗੱਡੀਆਂ, ਜਿਨ੍ਹਾਂ ਵਿੱਚ ਥਾਰ ਅਤੇ ਐਕਸਯੂਵੀ-500 ਸ਼ਾਮਲ ਹਨ, ਨੂੰ ਜ਼ਬਤ ਕੀਤਾ ਹੈ, ਜਿਨ੍ਹਾਂ ਦੀ ਵਰਤੋਂ ਉਹ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਕਰ ਰਹੇ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਹ ਸਫਲਤਾ ਬਹੁਤ ਹੀ ਯੋਜਨਾਬੱਧ ਤੇ ਖੁਫੀਆ ਆਪ੍ਰੇਸ਼ਨ ਅਤੇ 2 ਮਹੀਨੇ ਦੀ ਪੁਖ਼ਤਾ ਜੇਲ੍ਹ ਨਿਗਰਾਨੀ ਅਤੇ ਚੌਕਸੀ ਦਾ ਨਤੀਜਾ ਹੈ, ਜਿਸ ਨਾਲ ਕਾਰਟੇਲ ਦੀਆਂ ਦੂਰ ਤੱਕ ਫੈਲੀਆਂ ਜੜ੍ਹਾਂ ਦਾ ਪਰਦਾਫਾਸ਼ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਦੋਸ਼ੀ ਪਾਕਿਸਤਾਨ-ਅਧਾਰਤ ਤਸਕਰਾਂ ਨਾਲ ਸਿੱਧੇ ਸੰਪਰਕ ਵਿੱਚ ਸਨ, ਜੋ ਹੈਰੋਇਨ ਦੀ ਖੇਪ ਨੂੰ ਭਾਰਤੀ ਖੇਤਰ ਵਿੱਚ ਭੇਜਣ ਲਈ ਡਰੋਨ ਦੀ ਵਰਤੋਂ ਕਰ ਰਹੇ ਸਨ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।



ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ ਐਸ.ਐਸ.ਪੀ. ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਕਿਹਾ ਕਿ 20-21 ਫਰਵਰੀ ਦੀ ਦਰਮਿਆਨੀ ਰਾਤ ਨੂੰ, ਸੀ.ਆਈ.ਏ. ਸਟਾਫ ਦੀ ਟੀਮ ਨੇ ਗ੍ਰੀਨ ਐਵੇਨਿਊ ਨੇੜੇ ਇੱਕ ਥਾਰ ਗੱਡੀ ਨੂੰ ਰੋਕਿਆ। ਡੀਐਸਪੀ (ਫਰੀਦਕੋਟ) ਤਰਲੋਚਨ ਸਿੰਘ ਦੀ ਨਿਗਰਾਨੀ ਹੇਠ ਕੀਤੀ ਗਈ ਤਲਾਸ਼ੀ ਦੌਰਾਨ 1.008 ਕਿਲੋਗ੍ਰਾਮ ਹੈਰੋਇਨ ਅਤੇ ਡਰੱਗ ਮਨੀ ਬਰਾਮਦ ਹੋਈ, ਜਿਸ ਨਾਲ ਚਾਰ ਵਿਅਕਤੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ।

ਐਸਐਸਪੀ ਨੇ ਕਿਹਾ, "ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹ ਖੇਪ ਅਮਰਦੀਪ ਸਿੰਘ ਉਰਫ਼ ਬਾਕਸਰ ਦੁਆਰਾ ਇੱਕ ਐਕਸਯੂਵੀ-500 ਗੱਡੀ ਵਿੱਚ ਸਪਲਾਈ ਕੀਤੀ ਗਈ ਸੀ। ਇਸ ਸੁਰਾਗ 'ਤੇ ਕਾਰਵਾਈ ਕਰਦੇ ਹੋਏ ਪੁਲਿਸ ਟੀਮਾਂ ਨੇ ਪਿੰਡ ਗੋਲਿਆਨਾ ਸੇਮਨਾਲਾ ਨੇੜੇ ਬਾਕਸਰ ਅਤੇ ਉਸਦੀ ਸਾਥਣ ਡਿੰਪਲ ਰਾਣੀ ਨੂੰ ਰੋਕਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 3.796 ਕਿਲੋਗ੍ਰਾਮ ਹੈਰੋਇਨ ਅਤੇ ਇੱਕ .30 ਬੋਰ ਪਿਸਤੌਲ ਬਰਾਮਦ ਕੀਤਾ।"

ਡਾ. ਪ੍ਰਗਿਆ ਜੈਨ ਨੇ ਅੱਗੇ ਦੱਸਿਆ ਕਿ ਮੁੱਖ ਸਰਗਨਾ, ਅਮਰਦੀਪ ਸਿੰਘ ਉਰਫ਼ ਬਾਕਸਰ, ਇੱਕ ਜੁਰਾਇਮ-ਪੇਸ਼ਾ ਅਪਰਾਧੀ ਹੈ, ਜਿਸ 'ਤੇ 9 ਅਪਰਾਧਿਕ ਮਾਮਲੇ ਪਹਿਲਾਂ ਹੀ ਦਰਜ ਹਨ, ਜਦੋਂ ਕਿ ਬਾਕੀ ਮੈਂਬਰਾਂ ਵੀ ਐਨ.ਡੀ.ਪੀ.ਐਸ. ਅਤੇ ਆਰਮਜ਼ ਐਕਟਾਂ ਤਹਿਤ ਅਹਿਮ ਅਪਰਾਧਿਕ ਪਿਛੋਕੜ ਵਾਲੇ ਹਨ। ਇੱਕ ਸੇਵਾ ਨਿਭਾ ਰਹੇ ਫੌਜ ਦੇ ਜਵਾਨ ਅਤੇ ਇੱਕ ਬਰਖਾਸਤ ਪੁਲਿਸ ਮੁਲਾਜ਼ਮ ਦੀ ਸ਼ਮੂਲੀਅਤ ਇੱਕ ਵੱਡੇ ਨੈੱਟਵਰਕ ਵੱਲ ਇਸ਼ਾਰਾ ਕਰਦੀ ਹੈ, ਜੋ ਤਸਕਰੀ ਲਈ ਸੰਸਥਾਗਤ ਗਿਆਨ ਦੀ ਵਰਤੋਂ ਕਰਨ ਵਿੱਚ ਸਮਰੱਥ ਹੈ। ਉਨ੍ਹਾਂ ਨੇ ਨਾਕਿਆਂ ਅਤੇ ਟੋਲ ਪਲਾਜ਼ਿਆਂ ਤੋਂ ਆਸਾਨੀ ਨਾਲ ਲੰਘਣ ਵਾਸਤੇ ਆਪਣੇ ਅਧਿਕਾਰਤ ਪਛਾਣ ਪੱਤਰਾਂ ਦੀ ਦੁਰਵਰਤੋਂ ਕੀਤੀ। ਵਾਹਨਾਂ ਵਿੱਚ ਮਹਿਲਾ ਸਾਥੀਆਂ ਦੀ ਮੌਜੂਦਗੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਸੋਚ-ਸਮਝ ਕੇ ਕੀਤੇ ਗਏ ਢੰਗ-ਤਰੀਕੇ ਵੱਲ ਵੀ ਇਸ਼ਾਰਾ ਕਰਦੀ ਹੈ।

ਪੁਲਿਸ ਨੇ ਸਾਰੇ ਮੁਲਜ਼ਮਾਂ ਦਾ ਰਿਮਾਂਡ ਲੈ ਲਿਆ ਹੈ ਤਾਂ ਜੋ ਅਗਲੇ- ਪਿੱਛਲੇ ਸਬੰਧਾਂ ਦੀ ਹੋਰ ਜਾਂਚ ਕੀਤੀ ਜਾ ਸਕੇ, ਖਾਸ ਤੌਰ 'ਤੇ ਸਰਹੱਦ ਪਾਰੋਂ ਕੰਮ ਕਰਨ ਵਾਲੇ ਹੈਂਡਲਰਾਂ ਅਤੇ ਨਸ਼ਿਆਂ ਦੀ ਵੰਡ ਕਰਨ ਵਾਲੇ ਸਥਾਨਕ ਟਿਕਾਣਿਆਂ 'ਤੇ ਧਿਆਨ ਕੇਂਦ੍ਰਤ ਕੀਤਾ ਜਾ ਸਕੇ।

ਇਸ ਸਬੰਧ ਵਿੱਚ ਪੁਲਿਸ ਸਟੇਸ਼ਨ ਸਿਟੀ ਫਰੀਦਕੋਟ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21(ਸੀ) ਅਤੇ 27ਏ ਦੇ ਤਹਿਤ ਐਫਆਈਆਰ ਨੰਬਰ 95 ਮਿਤੀ 21.02.2026 ਦਰਜ ਕੀਤੀ ਗਈ ਹੈ।

# ਬਾਗਬਾਨੀ ਵਿਭਾਗ ਵੱਲੋਂ ਸਟੇਟ ਪਲਾਨ ਸਕੀਮ ਅਧੀਨ ਕਿਸਾਨਾਂ ਲਈ ਵਿਸ਼ੇਸ਼ ਸਹੂਲਤਾਂ

**ਮਲੇਰਕੋਟਲਾ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਬਾਗਬਾਨੀ ਵਿਭਾਗ ਵੱਲੋਂ ਸਟੇਟ ਪਲਾਨ ਸਕੀਮ ਅਧੀਨ ਬਾਗਬਾਨੀ ਫਸਲਾਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਵੱਖ-ਵੱਖ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਬਾਗਬਾਨੀ ਹਰਦੀਪ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੂੰ ਬਾਗਬਾਨੀ ਖੇਤਰ ਵਿੱਚ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਕਈ ਲਾਭਕਾਰੀ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ ਫਸਲਾਂ ਦੇ ਮੰਡੀਕਰਨ ਲਈ ਇਕ ਵਾਰ ਵਰਤੋਂ ਵਾਲੇ ਪਲਾਸਟਿਕ ਕਰੇਟ ਅਤੇ ਕਾਰਟਨ ਬਕਸਿਆਂ 'ਤੇ 50 ਪ੍ਰਤੀਸ਼ਤ ਸਬਸਿਡੀ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਨਾਲ ਕਿਸਾਨਾਂ ਨੂੰ ਆਪਣੇ ਉਤਪਾਦ ਦੀ ਸੁਚੱਜੀ ਪੈਕਿੰਗ ਅਤੇ ਆਵਾਜਾਈ ਵਿੱਚ ਸੁਵਿਧਾ ਮਿਲੇਗੀ। ਇਸ ਤੋਂ ਇਲਾਵਾ, ਜਿਹੜੇ ਕਿਸਾਨ ਨਵੇਂ ਬਾਗ ਲਗਾ ਰਹੇ ਹਨ, ਉਨ੍ਹਾਂ ਨੂੰ ਭੂਮੀ ਰੱਖਿਆ ਵਿਭਾਗ ਤੋਂ ਪ੍ਰਾਪਤ ਡ੍ਰਿੱਪ ਸਿਸਟਮ ਸਬਸਿਡੀ ਤੋਂ ਇਲਾਵਾ 10,000 ਰੁਪਏ ਪ੍ਰਤੀ ਏਕੜ ਦੀ ਰਾਸ਼ੀ ਪ੍ਰੋਤਸਾਹਨ ਵਜੋਂ ਦਿੱਤੀ ਜਾ ਰਹੀ ਹੈ।

ਡਿਪਟੀ ਡਾਇਰੈਕਟਰ ਨੇ ਹੋਰ ਦੱਸਿਆ ਕਿ ਬੀਜ ਉਤਪਾਦਨ ਲਈ ਨਵੇਂ ਫੁੱਲ ਉਤਪਾਦਕਾਂ ਨੂੰ 14,000 ਰੁਪਏ ਪ੍ਰਤੀ ਏਕੜ ਸਬਸਿਡੀ ਪ੍ਰਦਾਨ ਕੀਤੀ ਜਾ ਰਹੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਸਕੀਮਾਂ ਵਿੱਚ ਅਨੁਸੂਚਿਤ ਜਾਤੀ ਦੇ ਕਿਸਾਨਾਂ ਲਈ ਵਿਸ਼ੇਸ਼ ਬਜਟ ਦਾ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਵੱਧ ਤੋਂ ਵੱਧ ਕਿਸਾਨ ਇਨ੍ਹਾਂ ਯੋਜਨਾਵਾਂ ਦਾ ਲਾਭ ਲੈ ਸਕਣ।

ਉਨ੍ਹਾਂ ਜਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਬਾਗਬਾਨੀ ਵਿਭਾਗ ਦੇ ਦਫਤਰ ਨਾਲ ਸੰਪਰਕ ਕਰਕੇ ਇਨ੍ਹਾਂ ਸਕੀਮਾਂ ਬਾਰੇ ਵਿਸਥਾਰ ਜਾਣਕਾਰੀ ਪ੍ਰਾਪਤ ਕਰਨ ਅਤੇ ਵੱਧ ਤੋਂ ਵੱਧ ਲਾਭ ਲੈਣ।

# ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ 'ਚ ਸ਼ਾਮਲ ਮਾਡਿਊਲ ਨਾਲ ਸਬੰਧਤ ਦੋ ਮੁਲਜ਼ਮ 5 ਆਧੁਨਿਕ ਪਿਸਤੌਲਾਂ ਸਣੇ ਅੰਮ੍ਰਿਤਸਰ ਤੋਂ ਕਾਬੂ

**➢ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ-ਅਧਾਰਤ ਤਸਕਰਾਂ ਦੇ ਸੰਪਰਕ ਵਿੱਚ ਸਨ ਗ੍ਰਿਫ਼ਤਾਰ ਮੁਲਜ਼ਮ: ਡੀਜੀਪੀ ਗੌਰਵ ਯਾਦਵ**

**➢ ਉਕਤ ਮੁਲਜ਼ਮ ਨਜ਼ਰਾਂ ਤੋਂ ਬਚਣ ਲਈ ਡਰੋਨ ਰਾਹੀਂ ਭੇਜੀ ਖੇਪ ਰਾਤ ਨੂੰ ਖਾਲੀ ਪਈਆਂ ਥਾਵਾਂ ਤੋਂ ਕਰਦੇ ਸਨ ਹਾਸਲ: ਸੀਪੀ ਅੰਮ੍ਰਿਤਸਰ ਗੁਰਪ੍ਰੀਤ ਭੁੱਲਰ**

**ਚੰਡੀਗੜ੍ਹ/ਅੰਮ੍ਰਿਤਸਰ, 23 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪੰਜ ਆਧੁਨਿਕ ਪਿਸਤੌਲਾਂ ਸਮੇਤ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ 'ਚ ਸ਼ਾਮਲ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਭਿੰਡੀ ਨੈਣ ਦੇ ਵਸਨੀਕ ਸ਼ੇਰਾ ਸਿੰਘ (26) ਅਤੇ ਅੰਮ੍ਰਿਤਸਰ ਦੇ ਪਿੰਡ ਤੂਰ ਦੇ ਵਸਨੀਕ ਜਗਰੂਪ ਸਿੰਘ ਉਰਫ਼ ਜੂਪਾ (21) ਵਜੋਂ ਹੋਈ ਹੈ। ਮੁਲਜ਼ਮਾਂ ਤੋਂ ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਇੱਕ .30 ਬੋਰ ਪੀਐਕਸ5 ਸਟੌਰਮ ਪਿਸਤੌਲ, ਇੱਕ 9ਐਮਐਮ ਆਸਟ੍ਰੀਆ-ਮੇਡ ਗਲੌਕ, ਦੋ .30 ਬੋਰ ਚੀਨੀ ਨੋਰਿੰਕੋ ਪਿਸਤੌਲ, ਇੱਕ .32 ਬੋਰ ਪਿਸਤੌਲ ਅਤੇ 10 ਜ਼ਿੰਦਾ ਕਾਰਤੂਸ ਸ਼ਾਮਲ ਹਨ।




ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਅਨੁਸਾਰ ਉਕਤ ਮੁਲਜ਼ਮ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ-ਅਧਾਰਤ ਤਸਕਰਾਂ ਦੇ ਸੰਪਰਕ ਵਿੱਚ ਸਨ ਅਤੇ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਗ਼ੈਰਕਾਨੂੰਨੀ ਹਥਿਆਰਾਂ ਦੀ ਖੇਪ ਹਾਸਲ ਕਰਕੇ ਇਸਨੂੰ ਅੱਗੇ ਅਪਰਾਧਕ ਤੱਤਾਂ ਨੂੰ ਸਪਲਾਈ ਕਰਦੇ ਸਨ। ਡੀਜੀਪੀ ਨੇ ਕਿਹਾ ਕਿ ਗੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

ਕਾਰਵਾਈ ਦੇ ਵੇਰਵੇ ਦਿੰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਸੂਤਰਾਂ ਤੋਂ ਮਿਲੀ ਗੁਪਤ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਬਾਈਪਾਸ ਰੋਡ 'ਤੇ ਸਾਡਾ ਪਿੰਡ ਨੇੜੇ ਸੁਚੱਜੇ ਤਾਲਮੇਲ ਨਾਲ ਆਪ੍ਰੇਸ਼ਨ ਚਲਾਇਆ ਅਤੇ ਸ਼ੇਰਾ ਸਿੰਘ ਤੇ ਜਗਰੂਪ ਸਿੰਘ ਉਰਫ਼ ਜੂਪਾ ਨੂੰ ਇੱਕ ਗਲੌਕ ਪਿਸਤੌਲ ਅਤੇ ਇੱਕ .30 ਬੋਰ ਪੀਐਕਸ5 ਸਟੌਰਮ ਪਿਸਤੌਲ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਪੁਲਿਸ ਨੂੰ ਦੋਵੇਂ ਗ੍ਰਿਫ਼ਤਾਰ ਮੁਲਜ਼ਮਾਂ ਵੱਲੋਂ ਕੀਤੇ ਖੁਲਾਸਿਆਂ ਦੇ ਆਧਾਰ 'ਤੇ ਤਿੰਨ ਹੋਰ ਪਿਸਤੌਲ ਬਰਾਮਦ ਹੋਏ।

ਪੁਲਿਸ ਕਮਿਸ਼ਨਰ ਨੇ ਕਿਹਾ ਕਿ ਦੋਵੇਂ ਗ੍ਰਿਫ਼ਤਾਰ ਮੁਲਜ਼ਮ ਅੰਤਰਰਾਸ਼ਟਰੀ ਸਰਹੱਦ ਨੇੜੇ ਰਹਿ ਰਹੇ ਸਨ, ਜਿੱਥੋਂ ਉਨ੍ਹਾਂ ਲਈ ਗੈਰ-ਕਾਨੂੰਨੀ ਹਥਿਆਰਾਂ ਦੀ ਖੇਪ ਹਾਸਲ ਕਰਨਾ ਆਸਾਨ ਸੀ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਨਜ਼ਰਾਂ ਤੋਂ ਬਚਣ ਲਈ ਡਰੋਨ ਰਾਹੀਂ ਭੇਜੀ ਗਈ ਹਥਿਆਰਾਂ ਦੀ ਖੇਪ ਰਾਤ ਵੇਲੇ ਖਾਲੀ ਪਈਆਂ ਥਾਵਾਂ ਤੋਂ ਹਾਸਲ ਕਰਦੇ ਸਨ॥

ਉਨ੍ਹਾਂ ਕਿਹਾ ਕਿ ਮੁਲਜ਼ਮ ਸ਼ੇਰਾ ਸਿੰਘ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ ਜਿਸ 'ਤੇ ਲੜਕੀ ਨਾਲ ਬਲਾਤਕਾਰ ਅਤੇ ਉਸਨੂੰ ਕਤਲ ਕਰਕੇ ਅੱਗ ਲਾਉਣ ਸਮੇਤ ਹੋਣ ਘਿਨਾਉਣੇ ਅਪਰਾਧ ਦਰਜ ਹਨ। ਇੱਕ ਹੋਰ ਮਾਮਲੇ ਵਿੱਚ ਉਸ ਤੋਂ ਲਗਭਗ 500 ਗ੍ਰਾਮ ਹੈਰੋਇਨ ਵੀ ਬਰਾਮਦ ਕੀਤੀ ਗਈ ਸੀ। ਇਸ ਸਬੰਧੀ ਪੁਲਿਸ ਥਾਣਾ ਛਾਉਣੀ, ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25 ਅਧੀਨ ਐਫਆਈਆਰ ਨੰ. 28 ਮਿਤੀ 14-02-2026 ਦਰਜ ਹੈ।

# ਸਿੱਧ ਬਾਬਾ ਮਨੋਹਰ ਗਿਰ ਜੀ ਯੂਥ ਸਪੋਰਟਸ ਕਲੱਬ ਸ਼ਾਹਪੁਰ ਕਲਾਂ ਨੇ ਪਹਿਲਾ ਕੁਸ਼ਤੀ ਦੰਗਲ ਕਰਵਾਇਆ

**ਸੁਨਾਮ ਊਧਮ ਸਿੰਘ ਵਾਲਾ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਨਜ਼ਦੀਕੀ ਪਿੰਡ ਸ਼ਾਹਪੁਰ ਕਲਾਂ ਵਿਖੇ ਸਿੱਧ ਬਾਬਾ ਮਨੋਹਰ ਗਿਰ ਜੀ ਯੂਥ ਸਪੋਰਟਸ ਕਲੱਬ ਵੱਲੋਂ ਬਲਾਕ ਪ੍ਰਧਾਨ ਮਲਕੀਤ ਸਿੰਘ (ਸਾਬਕਾ ਸਰਪੰਚ) ਅਤੇ ਮਾਸਟਰ ਗੁਰਪ੍ਰੀਤ ਸਿੰਘ (ਟੋਨੀ), ਜਗਸੀਰ ਸਿੰਘ ਸੀਰਾ, ਮੱਖਣ ਸਿੰਘ ਪੱਤਰਕਾਰ,ਅ ਮਨ ਨਵੇਂ ਪਿੰਡੀਆ, ਸੁਖਬੀਰ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ ਦੀ ਅਗਵਾਈ ਵਿੱਚ ਪਹਿਲਾ ਵਿਸ਼ਾਲ ਕੁਸ਼ਤੀ ਦੰਗਲ ਅੰਤਰਰਾਸ਼ਟਰੀ ਪਹਿਲਵਾਨ ਗੋਲੂ ਚੀਮਾ ਅਤੇ ਐਨ ਆਰ ਆਈ ਸਹਿਯੋਗੀ ਸੱਜਣਾਂ ਦੇ ਵਿਸ਼ੇਸ਼ ਸਹਿਯੋਗ ਨਾਲ ਅਨਾਜ ਮੰਡੀ ਵਿੱਚ ਸਫਲਤਾਪੂਰਵਕ ਕਰਵਾਇਆ ਗਿਆ।

ਇਸ ਕੁਸ਼ਤੀ ਦੰਗਲ ਦਾ ਉਦਘਾਟਨ ਸੰਤ ਬਾਬਾ ਉੱਤਮ ਦਾਸ ਜੀ ਨੇ ਕੀਤਾ। ਇਸ ਮੌਕੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ., ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਾਜਿੰਦਰ ਦੀਪਾ, ਆਪ ਪਾਰਟੀ ਵੱਲੋਂ ਅੰਮ੍ਰਿਤਪਾਲ ਸਿੰਘ ਸਿੱਧੂ, ਕਾਂਗਰਸ ਪਾਰਟੀ ਦੇ ਯੂਥ ਨੌਜਵਾਨ ਆਗੂ ਗੁਰਤੇਗ ਸਿੰਘ ਲੌਂਗੋਵਾਲ ਤੇ ਮਨਪ੍ਰੀਤ ਸਿੰਘ ਮਨੀ ਵੜੈਚ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਆਪਣੀ ਹਾਜ਼ਰੀ ਲਗਵਾਈ।

ਇਸ ਕੁਸ਼ਤੀ ਦੰਗਲ ਦੌਰਾਨ ਪੰਜਾਬ ਅਤੇ ਵੱਖ-ਵੱਖ ਰਾਜਾਂ ਤੋਂ ਆਏ ਪਹਿਲਵਾਨਾਂ ਨੇ ਕੁਸ਼ਤੀ ਦੇ ਜੌਹਰ ਦਿਖਾਏ ਤੇ ਝੰਡੀ ਦੀ ਮੁੱਖ ਕੁਸ਼ਤੀ ਦੇ ਮੁਕਾਬਲਿਆਂ ਵਿੱਚ ਸਚਿਨ ਚੀਮਾ ਨੇ ਬਲਜੀਤ ਸਮਾਣਾ ਦੀ ਕੁਸ਼ਤੀ ਬਰਾਬਰ ਰਹੀ ਤੇ ਗਾਮਾ ਧਨੇਰਾ ਨੇ ਗੋਬਿੰਦ ਚੀਮਾ, ਰਣਜੀਤ ਨੇ ਕਦਰ ਤੰਗੇੜਾ, ਜਸ਼ਨ ਭਾਰਟਾ ਨੇ ਬਲਜੀਤ ਸਮਾਣਾ ਤੇ ਗੁਰਪ੍ਰੀਤ ਸਮਾਣਾ ਨੇ ਕਾਲੀਆਂ ਮਰੋੜ ਨੂੰ ਚਿੱਤ ਕੀਤਾ ਅਤੇ ਕੁਸ਼ਤੀ ਦੰਗਲ ਦੀ ਕੁਮੈਂਟਰੀ ਪਹਿਲਵਾਨ ਨਾਜਰ ਨੇ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿੱਚ ਕੀਤੀ।

# ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਮੋਹਾਲੀ ਵਿੱਚ ਆਈ.ਟੀ.ਸੀ. ਹੋਟਲਜ਼ ਦੇ ਵੈਲਕਮ ਹੋਟਲ ਦਾ ਕੀਤਾ ਉਦਘਾਟਨ ; ਮੋਹਾਲੀ ਦੇ ਤੇਜ਼ ਵਿਕਾਸ ਅਤੇ ਪ੍ਰੀਮੀਅਮ ਹੋਟਲ ਕਮਰਿਆਂ ਦੀ ਵਧਦੀ ਮੰਗ 'ਤੇ ਦਿੱਤਾ ਜ਼ੋਰ

**ਚੰਡੀਗੜ੍ਹ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਆਈ.ਟੀ.ਸੀ. ਹੋਟਲਜ਼ ਲਿਮਟਿਡ ਮੋਹਾਲੀ-ਚੰਡੀਗੜ੍ਹ ਦੇ ਵੈਲਕਮ ਹੋਟਲ ਦਾ ਰਸਮੀ ਉਦਘਾਟਨ ਕੀਤਾ, ਜੋ ਕਿ ਖੇਤਰ ਵਿਚ ਪ੍ਰੀਮੀਅਮ ਪਰਾਹੁਣਚਾਰੀ ਸਹੂਲਤਾਂ ਉਪਲੱਬਧ ਕਰਾਉਣ ਲਈ ਇੱਕ ਅਹਿਮ ਵਾਧਾ ਹੈ ਅਤੇ ਪੰਜਾਬ ਵਿੱਚ ਸੈਲਾਨੀਆਂ, ਨਿਵੇਸ਼ਕਾਂ ਅਤੇ ਕਾਰੋਬਾਰੀਆਂ ਲਈ ਇੱਕ ਨਵਾਂ ਗੇਟਵੇ ਹੈ।




ਸਮਾਗਮ ਦੀ ਸ਼ੁਰੂਆਤ ਮਾਨਯੋਗ ਮੰਤਰੀ ਵੱਲੋਂ ਰਿਬਨ ਕੱਟਣ ਨਾਲ ਕੀਤੀ ਗਈ, ਇਸ ਤੋਂ ਬਾਅਦ ਖੁਸ਼ਹਾਲੀ ਦੇ ਪ੍ਰਤੀਕ ਵਜੋਂ ਰਵਾਇਤੀ ਦੀਵਾ ਜਗਾਉਣ ਦੀ ਰਸਮ ਹੋਈ। ਇਸ ਸਮਾਗਮ ਵਿੱਚ ਆਈ.ਟੀ.ਸੀ. ਹੋਟਲਜ਼ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਅਨਿਲ ਚੱਢਾ, ਗੁਜਰਾਲ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਭੁਪਿੰਦਰ ਸਿੰਘ ਗੁਜਰਾਲ ਅਤੇ ਗਗਨਜੀਤ ਸਿੰਘ ਗੁਜਰਾਲ ਸਮੇਤ ਉੱਘੇ ਉਦਯੋਗਿਕ ਆਗੂਆਂ ਨੇ ਸ਼ਿਰਕਤ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਮੰਤਰੀ ਸੰਜੀਵ ਅਰੋੜਾ ਨੇ ਮੋਹਾਲੀ ਦੇ ਸਕਾਈਲਾਈਨ ਵਿੱਚ ਵੈਲਕਮਹੋਟਲ ਦੇ ਸ਼ਾਮਲ ਹੋਣ ਦਾ ਨਿੱਘਾ ਸਵਾਗਤ ਕੀਤਾ ਅਤੇ ਉੱਤਰੀ ਭਾਰਤ ਵਿਚ ਤੇਜ਼ੀ ਨਾਲ ਵਧ ਰਹੇ ਆਰਥਿਕ ਅਤੇ ਸੰਸਥਾਗਤ ਹੱਬਾਂ ਵਜੋਂ ਉਭਰ ਰਹੇ ਇਸ ਸ਼ਹਿਰ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਆਈਟੀ ਸਿਟੀ, ਐਰੋਸਿਟੀ, ਸਿਹਤ ਸੰਭਾਲ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਕਨਵੈਨਸ਼ਨ ਬੁਨਿਆਦੀ ਢਾਂਚੇ ਦੇ ਤੇਜ ਵਿਸਥਾਰ ਦੇ ਨਾਲ, ਮੋਹਾਲੀ ਵਿਚ ਬੜੀ ਤੇਜ਼ੀ ਨਾਲ ਘਰੇਲੂ ਅਤੇ ਅੰਤਰਰਾਸ਼ਟਰੀ ਲੋਕਾਂ ਦੀ ਆਮਦ ਵਿਚ ਨਿਰੰਤਰ ਵਾਧਾ ਦੇਖਿਆ ਜਾ ਰਿਹਾ ਹੈ।

ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਵਿਕਾਸ ਦੇ ਰਾਹ ਨੇ ਵਪਾਰਕ ਨੁਮਾਇੰਦਿਆ, ਵਿਸ਼ਵਵਿਆਪੀ ਨਿਵੇਸ਼ਕਾਂ, ਸੈਲਾਨੀਆਂ ਅਤੇ ਖੇਤਰ ਵਿੱਚ ਆਯੋਜਿਤ ਕੀਤੇ ਜਾ ਰਹੇ ਵੱਡੇ ਪੱਧਰ ਦੇ ਸਮਾਗਮਾਂ ਨੂੰ ਨੇਪਰੇ ਚੜਾਉਣ ਲਈ ਬਹੁਤ ਸਾਰੇ ਉੱਚ-ਗੁਣਵੱਤਾ ਵਾਲੇ ਹੋਟਲ ਕਮਰਿਆਂ ਦੀ ਸਪੱਸ਼ਟ ਅਤੇ ਵਧਦੀ ਲੋੜ ਪੈਦਾ ਕੀਤੀ ਹੈ।

# ਸਰਕਾਰੀ ਕਾਲਜ ਸੁਨਾਮ ਵਿਖੇ ਵਿਸ਼ਵ ਮਾਤ ਭਾਸ਼ਾ ਮੌਕੇ ਵੱਖ-ਵੱਖ ਮੁਕਾਬਲੇ ਕਰਵਾਏ

**ਸੁਨਾਮ ਊਧਮ ਸਿੰਘ ਵਾਲਾ, 24 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿਖੇ ਪ੍ਰਿੰਸੀਪਲ ਸ਼ਾਮ ਸੁੰਦਰ ਦੀ ਰਹਿਨੁਮਾਈ ਅਤੇ ਰੈੱਡ ਰਿਬਨ ਕਲੱਬ ਦੇ ਇੰਚਾਰਜ ਡਾ. ਗਗਨਦੀਪ ਸਿੰਘ ਦੀ ਅਗਵਾਈ ਹੇਠ ÷ਵਿਸ਼ਵ ਮਾਤ ਭਾਸ਼ਾ÷ ਦਿਵਸ ਮੌਕੇ ਵਿਦਿਆਰਥੀਆਂ ਦੇ ਸ਼ੁੱਧ ਪੰਜਾਬੀ ਲੇਖਣ ਤੇ ਲੇਖ ਮੁਕਾਬਲੇ ਅਤੇ ਡਾਇਰੈਕਟਰ ਉੱਚੇਰੀ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਏਡਜ਼ ਅਤੇ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਸਬੰਧੀ ਵਿਦਿਆਰਥੀਆਂ ਦੇ ਸਲੋਗਨ ਮੁਕਾਬਲੇ ਕਰਵਾਏ ਗਏ।

ਇਸ ਮੌਕੇ ਕਾਲਜ ਪ੍ਰਿੰਸੀਪਲ ਸ਼ਾਮ ਸੁੰਦਰ ਨੇ ਵਿਦਿਆਰਥੀਆਂ ਨੂੰ ਮਨੁੱਖੀ ਜੀਵਨ ਵਿੱਚ ਮਾਤ ਭਾਸ਼ਾ ਦੇ ਮਹੱਤਵ ਅਤੇ ਏਡਜ਼ ਤੇ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਅਤੇ ਇਹਨਾਂ ਮੁਕਾਬਲਾਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਰਵਾਏ ਗਏ ਸ਼ੁੱਧ ਪੰਜਾਬੀ ਲੇਖਣ ਮੁਕਾਬਲੇ ਵਿੱਚ ਰਾਜਵੀਰ ਕੌਰ ਬੀ.ਏ. ਭਾਗ ਤੀਜਾ ਨੇ ਪਹਿਲਾ, ਹਰਪ੍ਰੀਤ ਕੌਰ ਐਮ.ਏ ਪੰਜਾਬੀ ਭਾਗ ਦੂਜਾ ਨੇ ਦੂਜਾ ਅਤੇ ਰਾਜਵਿੰਦਰ ਪੀ.ਜੀ.ਡੀ.ਸੀ.ਏ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸਲੋਗਨ ਮੁਕਾਬਲੇ ਪ੍ਰੀਤੀ ਨੇ ਪਹਿਲਾ, ਨਵਨੀਤ ਕੌਰ ਦੂਜਾ ਅਤੇ ਹਰਪ੍ਰੀਤ ਕੌਰ ਤੇ ਮਨਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਲੇਖ ਮੁਕਾਬਲਿਆਂ ਵਿੱਚ ਸੀਮਾ ਖਾਨ ਨੇ ਪਹਿਲਾ, ਰਾਜਵਿੰਦਰ ਪੀ.ਜੀ.ਡੀ.ਸੀ.ਏ ਨੇ ਦੂਜਾ ਅਤੇ ਜ਼ਸਨਪ੍ਰੀਤ ਕੌਰ ਬੀ.ਏ ਭਾਗ ਤੀਜਾ ਤੇ ਮਹਿਕਪ੍ਰੀਤ ਕੌਰ ਐਮ.ਏ ਪੰਜਾਬੀ ਭਾਗ ਪਹਿਲਾ ਨੇ ਤੀਜਾ ਸਥਾਨ ਹਾਸਲ ਕੀਤਾ।

# ਸਾਹਿਤਕ ਪੰਨਾ

## ਕਾਵਿ ਕਿਆਰੀ

### ਗ਼ਜ਼ਲ

ਪੂੰਜੀ ਸੰਗ ਹਰ ਵਸਤ ਹਾੜਨ ਵਾਲਿਆਂ ਨੂੰ ਕੀ ਪਤਾ ?
ਅਣਖ ਦੇ ਮੁੱਲ ਦਾ ਭਲਾ ਬੇ-ਅਣਖਿਆਂ ਨੂੰ ਕੀ ਪਤਾ ?
ਏ.ਸੀ. ਵਿੱਚ ਰਹਿੰਦੇ ਨੇ ਜੋ ਦਫ਼ਤਰ, ਘਰਾਂ ਵਿੱਚ, ਸਫ਼ਰ ਵਿੱਚ,
ਲੋਕ-ਪੀੜਾ ਦਾ ਅਜਿਹੇ ਲੀਡਰਾਂ ਨੂੰ ਕੀ ਪਤਾ ?
ਜਿਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਗਿਆ ਪ੍ਰਫੁਲਣ ਦਾ,
ਉਨ੍ਹਾਂ ਵਿਚਲੀ ਸੱਭਿਅਤਾ ਦਾ, ਰਿਸ਼ਤਿਆਂ ਨੂੰ ਕੀ ਪਤਾ ?
ਸੂਰਜੋਂ ਪਹਿਲਾਂ ਜੋ ਤੁਰ ਪੈਂਦੇ ਨੇ ਫੋਲਣ ਰੂੜੀਆਂ,
'ਲੀਡਰਾਂ ਦੇ ਘਪਲੇ', ਉਨ੍ਹਾਂ ਗੱਭਰੂਆਂ ਨੂੰ ਕੀ ਪਤਾ ?
ਡਿੱਗ ਰਿਹਾ ਹੈ ਨਿੱਤ ਰੁਪਈਆ, ਨਿੱਤ ਉਹਦੇ ਕਿਰਦਾਰ ਵਾਂਗ,
ਹੈ ਪਤਾ ਲੀਡਰ ਨੂੰ, ਐਪਰ ਡਾਲਰਾਂ ਨੂੰ ਕੀ ਪਤਾ ?
ਹਰ ਮਨੁੱਖ ਨੂੰ ਪਰਚੀ ਮੰਨ ਕੇ ਵਸੋਂ ਨੂੰ ਰੋਕੇਂ ਨਾ ਤੂੰ,
ਮੁੱਲ ਘਟਦਾ ਹੈ ਉਨ੍ਹਾਂ ਦਾ ਪਰਚੀਆਂ ਨੂੰ ਕੀ ਪਤਾ ?
ਖਾਣ ਮੁਫ਼ਤੀ, ਪੀਣ ਮੁਫ਼ਤੀ, ਸਫ਼ਰ ਦੇ ਭੱਤੇ ਅਲੱਗ,
ਮਹਿੰਗ ਦਾ ਕਾਨੂੰਨ-ਘਾੜੇ-ਮੁਜਰਮਾਂ ਨੂੰ ਕੀ ਪਤਾ ?
'ਕਾਲੜਾ' ਗ਼ਜ਼ਲਾਂ ਦੇ ਵਿੱਚ ਤੂੰ ਅਰਥ-ਵਿਗਿਆਨੀ ਨਾ ਬਣ,
ਸ਼ਿਅਰ ਵੀ ਨੇ ਬੋਲਦੇ, ਅਗਿਆਨੀਆਂ ਨੂੰ ਕੀ ਪਤਾ ?

**ਪ੍ਰਿੰ. ਕਰਤਾਰ ਸਿੰਘ ਕਾਲੜਾ**
ਸੰਪਰਕ: 94640-88998



### ਗੀਤ

ਖ਼ੁਦ ਨਾਲ ਹੋਈ ਜਦੋਂ
ਗੱਲਬਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ
ਜਜ਼ਬਾਤ ਮੇਰੇ ਸੱਜਣਾ।
ਚਿੜੀ ਚੁਹਕਦੀ ਦੇ ਨਾਲ
ਅੱਖ ਜਦੋਂ ਖੁੱਲ੍ਹੀ ਸੀ।
ਫਿਰ ਇਨ੍ਹਾਂ ਅੱਖੀਆਂ ਨੂੰ
ਨੀਂਦ ਆਉਣੀ ਭੁੱਲੀ ਸੀ।
ਚੰਗੀ ਚੰਗੀ ਲੱਗੀ
ਪ੍ਰਭਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ...
ਸੋਚਾਂ ਦੇ ਪਰਿੰਦੇ ਜਦੋਂ
ਗੀਤ ਕੋਈ ਗਾਇਆ ਸੀ।
ਸੱਚੀਂ ਉਹਨੂੰ ਸੁਣ ਕੇ
ਸਕੂਨ ਬੜਾ ਆਇਆ ਸੀ।
ਦਾਦੀ ਨੇ ਸੁਣਾਈ
ਜਿਵੇਂ ਬਾਤ ਕੋਈ ਸੱਜਣਾ।
ਖੀਵੇ ਹੋ ਕੇ ਨੱਚੇ...
ਦਿਲ ਦੀਆਂ ਪਰਤਾਂ ਨੂੰ
ਖੋਲ੍ਹ ਕੇ ਮੈਂ ਵੇਖਿਆ।
ਹਰ ਇੱਕ ਰਿਸ਼ਤੇ ਨੂੰ
ਤੋਲ ਕੇ ਮੈਂ ਵੇਖਿਆ।
ਕਿਹੋ ਜਿਹੀ ਇਹ
ਕਾਇਨਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ...
ਜਾਚ ਸਾਨੂੰ ਆ ਗਈ ਹੁਣ
ਜ਼ਿੰਦਗੀ ਨੂੰ ਜੀਣ ਦੀ।
ਹੰਝੂ ਅਤੇ ਗ਼ਮ ਸੱਭੇ
ਪਾਣੀ ਵਾਂਗੂੰ ਪੀਣ ਦੀ।
ਹਾਸਿਆਂ ਦੀ ਮਿਲ ਗਈ
ਸੌਗਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ...।

**ਜਗਤਾਰ ਪੱਖ**
ਸੰਪਰਕ: 94651-96946

### ਹਾਸਿਲ

ਸਭ ਕੁਝ ਹਾਸਿਲ ਕਰ ਲਿਆ
ਕੀ ਪ੍ਰਵਾਹ ਏ
ਪਰ ਅਚਾਨਕ ਖੋਹ
ਜਿਹੀ ਪੈਂਦੀ
ਕਿ ਸੱਚਮੁੱਚ ਸਭ ਹਾਸਿਲ ਏ ?
ਫਿਰ ਚੀਸ ਕਿਉਂ ?
ਵੈਰਾਗ ਕਿਉਂ ?
ਇਹ ਵੀ ਵੱਡਾ ਸੱਚ ਏ
ਕਿ ਹਾਸਿਲ ਕਰਕੇ ਵੀ
ਸਭ 'ਹਾਸਿਲ' ਨਹੀਂ ਹੁੰਦਾ!

**- ਪਰਮਜੀਤ ਕੌਰ**
ਸੰਪਰਕ: 83608-15955

### ਖਾਲੀਪਣ

ਵਧ ਗਈ ਬੜੀ ਹੀ ਖਾਰ ਦਿਲਾਂ ਵਿੱਚ।
ਰਿਹਾ ਨਾ ਹੁਣ ਇਤਬਾਰ ਦਿਲਾਂ ਵਿੱਚ।
ਪਿਆਰ-ਮੁਹੱਬਤ ਦਿਸੇ ਨਾ ਕਿਧਰੇ,
ਖਾਲੀਪਣ ਹੁਣ ਯਾਰ ਦਿਲਾਂ ਵਿੱਚ।
ਪਿਆਰ ਵੀ ਹੁਣ ਤਕਰਾਰ ਬਣ ਗਿਆ,
ਵਜਦੀ ਨਾ ਹੁਣ ਤਾਰ ਦਿਲਾਂ ਵਿੱਚ।
ਸੁਪਨਿਆਂ ਅੰਦਰ ਜਿੱਤਾਂ ਰੱਖੀਂ,
ਚੰਗੀ ਨਹੀਓਂ ਹਾਰ ਦਿਲਾਂ ਵਿੱਚ।
ਵਾਅਦੇ ਝੂਠੇ, ਲੋਕ ਫਰੇਬੀ,
ਵਧ ਗਈ ਹੈ ਤਕਰਾਰ ਦਿਲਾਂ ਵਿੱਚ।
ਹਰ ਥਾਂ ਈਰਖਾ, ਨਫ਼ਰਤ, ਸਾੜਾ,
ਸੋਚ ਬੜੀ ਬੀਮਾਰ ਦਿਲਾਂ ਵਿੱਚ।
ਹਲਕੀਆਂ ਗੱਲਾਂ ਨਿੱਤ ਵਧਾਉਂਦੀਆਂ,
ਯਾਰੋ ਕਿੰਨਾ ਭਾਰ ਦਿਲਾਂ ਵਿੱਚ।
'ਭੱਟੀ' ਪਿਆਰ ਵਪਾਰ ਬਣ ਗਿਆ,
ਵਧ ਗਈ ਰਫ਼ਤਾਰ ਦਿਲਾਂ ਵਿੱਚ।

**- ਸਵਿੰਦਰ ਸਿੰਘ ਭੱਟੀ**
ਸੰਪਰਕ: 98729-89193

## ਕਹਾਣੀ: ਯਮਦੂਤ ਕੌਣ?

**ਗੁਰਵਿੰਦਰ ਸਿੰਘ**



ਟਰਾਲੇ ਤੇ ਮੋਟਰਸਾਈਕਲ ਦੀ ਟੱਕਰ ਹੋਣੀ ਸੀ।ਮੋਟਰਸਾਈਕਲ ਸਵਾਰ ਨੇ ਮਰ ਜਾਣਾ ਸੀ। ਯਮਰਾਜ ਨੇ ਦੋ ਯਮਦੂਤਾਂ ਦੀ ਡਿਊਟੀ ਲਾਈ ਸੀ। ਤੁਰਨ ਤੋਂ ਪਹਿਲਾਂ ਯਮਰਾਜ ਆਪਣੇ ਦੂਤਾਂ ਨੂੰ ਹਦਾਇਤਾਂ ਦੇ ਰਿਹਾ ਸੀ, "ਸਮਾਂ ਬਿਲਕੁਲ ਨਸ਼ਟ ਨਹੀਂ ਕਰਨਾ।ਉਸੇ ਵੇਲੇ ਆਤਮਾ ਲੈ ਕੇ ਮੁੜ ਆਉਣੈ, ਨਹੀਂ ਤਾਂ ਲੋਕ ਕਈ ਵਾਰ ਬੰਦੇ ਨੂੰ ਹਸਪਤਾਲ ਜਾਂ ਡੇਰਿਆਂ ਆਦਿ 'ਤੇ ਲੈ ਜਾਂਦੇ ਨੇ ਤੇ ਆਤਮਾ ਲਿਆਉਣ ਵਿੱਚ ਦੇਰ ਹੋ ਜਾਂਦੀ ਏ।ਨਾਲੇ ਜਦ ਬੰਦਾ ਆਪਣੇ ਸਾਥੀਆਂ-ਬੇਲੀਆਂ ਦੇ ਸਾਹਮਣੇ ਮਰਦੈ ਤਾਂ ਬਾਕੀਆਂ ਨੂੰ ਬਹੁਤ ਤਕਲੀਫ਼ ਹੁੰਦੀ ਹੈ। ਕਈਆਂ ਵਿੱਚਾਰਿਆਂ ਨੂੰ ਤਾਂ ਕਈ-ਕਈ ਦਿਨ ਨੀਂਦ ਹੀ ਨਹੀਂ ਆਉਂਦੀ। ਮਰਦਾ ਬੰਦਾ ਉਨ੍ਹਾਂ ਦੇ ਸੁਪਨਿਆਂ ਵਿੱਚ ਆਉਂਦਾ ਹੈ।" ਯਮਦੂਤ ਨਿਸ਼ਚਿਤ ਸਮੇਂ ਤੋਂ ਕੁਝ ਦੇਰ ਪਹਿਲਾਂ ਹੀ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ ਅਤੇ ਉਡੀਕ ਕਰਨ ਲੱਗੇ। ਦੁਰਘਟਨਾ ਹੋ ਗਈ। ਮੋਟਰਸਾਈਕਲ ਸਵਾਰ ਟਰਾਲੇ ਦੀ ਫ਼ੇਟ ਖਾ ਕੇ ਸੜਕ ਦੇ ਵਿੱਚਕਾਰ 20 ਕੁ ਫ਼ੁੱਟ ਦੂਰ ਜਾ ਡਿੱਗਿਆ।ਵਾਰ-ਵਾਰ ਸੜਕ 'ਤੇ ਵੱਜਣ ਕਾਰਨ ਸਰੀਰ ਥਾਂ-ਥਾਂ 'ਤੇ ਜ਼ਖ਼ਮੀ ਹੋ ਗਿਆ, ਲੱਤਾਂ-ਬਾਹਾਂ ਟੁੱਟ ਗਈਆਂ ਅਤੇ ਸਿਰ ਸੜਕ 'ਤੇ ਵੱਜਣ ਕਾਰਨ ਖ਼ੂਨ ਦੀਆਂ ਘਰਾਲਾਂ ਵਗ ਰਹੀਆਂ ਸਨ।ਦੋਵਾਂ ਪਾਸਿਆਂ ਤੋਂ ਆਉਂਦਾ ਟ੍ਰੈਫ਼ਿਕ ਰੁਕ ਗਿਆ।ਇੱਕਦਮ ਹੀ ਬਹੁਤ ਭੀੜ ਹੋ ਗਈ।ਬਹੁਤ ਸਾਰੇ ਲੋਕ ਟਰਾਲੇ ਵੱਲ ਭੱਜੇ।"ਹੈਂ! ਓਏ ਮੈਨੂੰ ਲੱਗਦਾ ਸਾਨੂੰ ਗਲਤ ਦੱਸਿਆ ਗਿਆ ਸੀ।ਸ਼ਾਇਦ ਟਰਾਲੇ ਵਾਲਾ ਜ਼ਖ਼ਮੀ ਹੋਇਆ ਹੈ ਤਾਂ ਹੀ ਸਾਰੇ ਲੋਕ ਓਧਰ ਨੂੰ ਭੱਜ ਰਹੇ ਨੇ। ਹੁਣ ਉਹ ਵਿੱਚਾਰੇ ਨੂੰ ਬਚਾਉਣ ਦੀ ਕੋਸ਼ਿਸ਼ ਕਰਨਗੇ।" ਨੌਜਵਾਨ ਯਮਦੂਤ ਹੈਰਾਨ ਹੋ ਗਿਆ।ਉਸ ਨੂੰ ਪਹਿਲੀ ਵਾਰ ਆਤਮਾ ਲਿਆਉਣ ਲਈ ਭੇਜਿਆ ਗਿਆ ਸੀ।ਪਹਿਲਾਂ ਉਹ ਨਰਕ ਵਿੱਚ ਹੀ ਅੰਡਰ ਟ੍ਰੇਨਿੰਗ ਸੀ।

"ਨਹੀਂ ਕਾਕਾ ਤੂੰ ਅਜੇ ਨਵਾਂ ਏਂ। ਹੌਲੀ-ਹੌਲੀ ਤੈਨੂੰ ਸਭ ਸਮਝ ਵਿੱਚ ਆ ਜਾਵੇਗਾ।" ਬਜ਼ੁਰਗ ਯਮਦੂਤ, ਜਿਹੜਾ ਕਈ ਸਾਲਾਂ ਤੋਂ ਇਹ ਕੰਮ ਕਰ ਰਿਹਾ ਸੀ, ਦੀ ਆਵਾਜ਼ ਵਿੱਚ ਠਰੰਮਾ ਸੀ।ਲੋਕਾਂ ਨੇ ਟਰਾਲੇ ਦੀ ਬਾਰੀ ਖੋਲ੍ਹ ਲਈ ਸੀ। ਡਰਾਈਵਰ ਨੂੰ ਘਸੀਟ ਕੇ ਬਾਹਰ ਕੱਢਿਆ ਗਿਆ।ਲੋਕਾਂ ਨੇ ਉਸ ਨੂੰ ਕੁੱਟਣਾ ਸ਼ੁਰੂ ਕੀਤਾ। ਕੋਈ ਥੱਪੜ, ਕੋਈ ਮੁੱਕੇ ਅਤੇ ਕੋਈ ਲੱਤਾਂ ਨਾਲ ਮਾਰ ਰਿਹਾ ਸੀ। ਉਹ ਦਰਦ ਨਾਲ ਤੜਫ਼ ਰਿਹਾ ਸੀ।ਚੀਕਾਂ ਦੀ ਆਵਾਜ਼ ਆ ਰਹੀ ਸੀ। ਇਸ ਸ਼ੋਰ ਸ਼ਰਾਬੇ ਵਿੱਚ ਦੂਰ ਡਿੱਗਿਆ ਮੋਟਰਸਾਈਕਲ ਸਵਾਰ ਵੀ ਦਰਦ ਨਾਲ ਤੜਫ਼ ਰਿਹਾ ਸੀ ਜਿਸ ਦੇ ਦੁਆਲੇ ਕੁਝ ਤਮਾਸ਼ਬੀਨ ਇੱਕੱਠੇ ਹੋ ਗਏ ਸਨ ਪਰ ਕੋਈ ਹੱਥ ਲਾਉਣ ਲਈ ਤਿਆਰ ਨਹੀਂ ਸੀ।"ਇਹ ਕੀ ਹੋ ਰਿਹਾ ਹੈ ? ਜਵਾਨ ਯਮਦੂਤ ਜਾਣਨ ਲਈ ਕਾਹਲਾ ਸੀ। "ਛੱਡ ਯਾਰ ਆਪਾਂ ਜਲਦੀ ਵਾਪਸ ਚਲੀਏ।" ਬਜ਼ੁਰਗ ਯਮਦੂਤ ਡਿਊਟੀ ਦਾ ਪੱਕਾ ਸੀ।ਉਹ ਯਮਰਾਜ ਦੇ ਗੁੱਸੇ ਨੂੰ ਜਾਣਦਾ ਸੀ। "ਕੋਈ ਨਹੀਂ ਚਾਚਾ! ਅਜੇ ਉਸ ਦੀ ਜ਼ਿੰਦਗੀ ਦੇ ਕੁਝ ਪਲ ਬਾਕੀ ਨੇ।" ਜਵਾਨ ਯਮਦੂਤ ਨੇ ਘੜੀ ਵੇਖਦਿਆਂ ਕਿਹਾ ਸੀ।"ਲੱਗਦਾ ਹੈ ਇਹ ਸਾਰੇ ਲੋਕ ਮਰਨ ਵਾਲੇ ਨੂੰ ਬਹੁਤ ਪਿਆਰ ਕਰਦੇ ਨੇ।ਤਾਂ ਹੀ ਤਾਂ ਮਾਰ ਮਾਰ ਕੇ ਟਰਾਲੇ ਵਾਲੇ ਦਾ ਬੁਰਾ ਹਾਲ ਕਰ ਰਹੇ ਨੇ।" ਉਸ ਨੇ ਬਜ਼ੁਰਗ ਯਮਦੂਤ ਨੂੰ ਕਿਹਾ। "ਨਹੀਂ ਕਾਕਾ! ਤੂੰ ਇਸ ਦੁਨੀਆਂ ਨੂੰ ਨਹੀਂ ਜਾਣਦਾ। ਇਹ ਸਾਰੇ ਲੋਕ ਮਤਲਬਪ੍ਰਸਤ ਨੇ।ਕਿਸੇ ਨੂੰ ਵੀ ਉਸ ਨਾਲ ਪਿਆਰ ਨਹੀਂ," ਬਜ਼ੁਰਗ ਯਮਦੂਤ, ਨੌਜਵਾਨ ਯਮਦੂਤ ਦੀ ਜਗਿਆਸਾ ਸ਼ਾਂਤ ਕਰਨ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ, "ਆ ਮੈਂ ਤੈਨੂੰ ਅਸਲੀਅਤ ਦਿਖਾਉਂਦਾ ਹਾਂ।" ਉਹ ਦੋਵੇਂ ਭੀੜ ਵੱਲ ਵਧੇ। ਭੀੜ ਵਿੱਚੋਂ ਇੱਕ ਨੌਜਵਾਨ ਲੜਕੇ ਦੀਆਂ ਅੱਖਾਂ ਬਜ਼ੁਰਗ ਯਮਦੂਤ ਨਾਲ ਮਿਲੀਆਂ ਸਨ। ਯਮ ਸ਼ਕਤੀ ਕਾਰਨ ਲੜਕਾ ਬਿਨਾਂ ਕੁਝ ਕਹੇ ਦੋਵਾਂ ਯਮਦੂਤਾਂ ਵੱਲ ਆਪ ਮੁਹਾਰੇ ਹੀ ਤੁਰਿਆ ਆਇਆ ਸੀ।"ਛੋਟੇ ਵੀਰ, ਤੂੰ ਉਸ ਆਦਮੀ ਨੂੰ ਕਿਉਂ ਮਾਰ ਰਿਹਾ ਹੈਂ ? ਲੱਗਦਾ ਹੈ ਮੋਟਰਸਾਈਕਲ ਵਾਲਾ ਤੇਰਾ ਕੋਈ ਰਿਸ਼ਤੇਦਾਰ ਸੀ।" ਨੌਜਵਾਨ ਯਮਦੂਤ ਨੇ ਪੁੱਛਿਆ ਸੀ। "ਨਹੀਂ ਜੀ! ਮੈ ਤਾਂ ਮੋਟਰਸਾਈਕਲ ਸਵਾਰ ਨੂੰ ਜਾਣਦਾ ਵੀ ਨਹੀਂ।ਮੈਂ ਤਾਂ ਇੰਟਰਵਿਊ ਦੇ ਕੇ ਆ ਰਿਹਾਂ। ਮੈਨੂੰ ਇਸ ਵਾਰ ਵੀ ਨੌਕਰੀ ਨਹੀਂ ਮਿਲੀ।ਮੇਰੀ ਥਾਂ ਇੱਕ ਅਯੋਗ ਸਿਫ਼ਾਰਸ਼ੀ ਨੂੰ ਨੌਕਰੀ ਦੇ ਦਿੱਤੀ ਗਈ। ਮੈਨੂੰ ਇਸੇ ਗੱਲ ਦਾ ਗੁੱਸਾ ਸੀ।" ਨੌਜਵਾਨ ਦੀਆਂ ਅੱਖਾਂ ਵਿੱਚ ਨਿਰਾਸ਼ਾ ਸਾਫ਼ ਨਜ਼ਰ ਆ ਰਹੀ ਸੀ।ਨੌਜਵਾਨ ਯਮਦੂਤ ਹੈਰਾਨ ਰਹਿ ਗਿਆ ਸੀ।ਉਸ ਨੂੰ ਅਜੇ ਪੂਰਾ ਯਕੀਨ ਨਹੀਂ ਸੀ ਹੋਇਆ। ਉਸ ਨੇ ਸਾਧਾਰਨ ਜਿਹੇ ਕੱਪੜਿਆਂ ਵਿੱਚ ਟਰਾਲੇ ਦੇ ਡਰਾਈਵਰ ਨੂੰ ਕੁੱਟਦੇ ਇੱਕ ਅਧਖੜ ਆਦਮੀ ਨੂੰ ਦੇਖਿਆ। "ਇਹ ਜ਼ਰੂਰ ਹੀ ਮੋਟਰਸਾਈਕਲ ਵਾਲੇ ਦਾ ਕੋਈ ਰਿਸ਼ਤੇਦਾਰ ਹੋਵੇਗਾ।" ਉਸ ਨੇ ਸੋਚਿਆ।ਬਜ਼ੁਰਗ ਯਮਦੂਤ ਉਸ ਦੇ ਮਨ ਦੀ ਗੱਲ ਪੜ੍ਹ ਗਿਆ ਸੀ।ਉਸ ਨੇ ਅਧਖੜ ਵਿਅਕਤੀ ਨੂੰ ਬੁਲਾਇਆ। "ਹਾਂ ਬਈ ਦੱਸ! ਤੂੰ ਡਰਾਈਵਰ ਨੂੰ ਕਿਉਂ ਮਾਰ ਰਿਹਾ ਹੈਂ ? ਕੀ ਇਹ ਤੇਰਾ ਰਿਸ਼ਤੇਦਾਰ ਹੈ ?" ਉਸ ਨੇ ਡਿੱਗੇ ਮੋਟਰਸਾਈਕਲ ਵਾਲੇ ਵੱਲ ਇਸ਼ਾਰਾ ਕਰ ਕੇ ਪੁੱਛਿਆ।"ਕਾਹਦਾ ਰਿਸ਼ਤੇਦਾਰ ?" ਅਧਖੜ ਦੇ ਲਹਿਜ਼ੇ ਵਿੱਚ ਤਲਖ਼ੀ ਸੀ।"ਇਹ ਅਮੀਰ ਲੋਕ ਕਿਸੇ ਦੇ ਰਿਸ਼ਤੇਦਾਰ ਨਹੀਂ ਹੁੰਦੇ।ਹੁਣ ਵੇਖੋ ਚਾਰ ਦਿਨ ਹੋ ਗਏ ਮੈਨੂੰ ਦਿਹਾੜੀ ਕਰਦੇ ਨੂੰ। ਅੱਜ ਜਦ ਪੈਸੇ ਮੰਗੇ ਤਾਂ ਮਾਲਕ ਕਹਿੰਦਾ ਮੇਰੇ ਕੋਲ ਪੈਸੇ ਖ਼ਤਮ ਹੋ ਗਏ। ਜ਼ਰਾ ਸੋਚੋ ਜੇ ਮੈਨੂੰ ਪੈਸੇ ਸਮੇਂ 'ਤੇ ਨਹੀਂ ਮਿਲਣੇ ਤਾਂ ਫ਼ਿਰ ਕੰਮ ਕਰਨ ਦਾ ਕੀ ਫ਼ਾਇਦਾ ?" ਅਧਖੜ ਦੀਆਂ ਅੱਖਾਂ ਵਿੱਚ ਘਰ ਲਈ ਲਿਜਾਣ ਵਾਲੀਆਂ ਚੀਜ਼ਾਂ ਦੀ ਸੂਚੀ ਘੁੰਮ ਰਹੀ ਸੀ ਅਤੇ ਉਹ ਬਹਾਨਾ ਸੋਚ ਰਿਹਾ ਸੀ ਕਿ ਅੱਜ ਬੱਚਿਆਂ ਨੂੰ 'ਚੀਜੀ' ਨਾ ਲਿਆਉਣ ਕਰ ਕੇ ਕੀ ਬਹਾਨਾ ਬਣਾਵੇਗਾ। ਹੁਣ ਇੱਕ ਚੰਗੇ ਸੂਟ-ਬੂਟ ਵਾਲੇ ਵਿਅਕਤੀ ਨੂੰ ਬੁਲਾਇਆ ਗਿਆ। ਉਹ ਆਪਣੀ ਕਾਰ ਵਿੱਚੋਂ ਉੱਤਰ ਕੇ ਆਇਆ ਸੀ ਅਤੇ ਬੜੇ ਜੋਸ਼ ਨਾਲ ਮਾਰ-ਕੁਟਾਈ ਵਿੱਚ ਹਿੱਸਾ ਲੈ ਰਿਹਾ ਸੀ।"ਮੈਂ ਏਨੀ ਮਹੱਤਵਪੂਰਨ ਮੀਟਿੰਗ 'ਤੇ ਜਾ ਰਿਹਾ ਹਾਂ, ਇਸ ਗਧੇ ਦੀ ਬੇਵਕੂਫ਼ੀ ਕਾਰਨ ਹੁਣ ਏਥੇ ਟ੍ਰੈਫ਼ਿਕ ਜਾਮ ਹੋ ਗਿਆ ਹੈ।ਲੱਗਦਾ ਹੈ ਕਲਾਈਂਟ ਹੱਥੋਂ ਨਿਕਲ ਜਾਵੇਗਾ।" ਉਹ ਜੇਬ ਵਿੱਚੋਂ ਮੋਬਾਈਲ ਕੱਢ ਕੇ ਆਪਣੇ ਕਲਾਈਂਟ ਨੂੰ ਦੇਰ ਨਾਲ ਆਉਣ ਦਾ ਕਾਰਨ ਦੱਸਣਾ ਚਾਹੁੰਦਾ ਸੀ।ਫ਼ਿਰ ਇੱਕ ਨੀਲੀ ਗੱਡੀ ਆ ਕੇ ਰੁਕੀ।ਉਸ ਵਿੱਚੋਂ ਕੁਝ ਖਾਕੀ ਕੱਪੜਿਆਂ ਵਾਲੇ ਉਤਰੇ।ਉਨ੍ਹਾਂ ਦੇ ਹੱਥਾਂ ਵਿੱਚ ਡੰਡੇ ਅਤੇ ਹਥਿਆਰ ਸਨ।ਆਉਂਦਿਆਂ ਹੀ ਉਨ੍ਹਾਂ ਨੇ ਟਰਾਲੇ ਦੇ ਡਰਾਈਵਰ ਨੂੰ ਭੀੜ ਤੋਂ ਛੁਡਵਾਇਆ। ਇੱਕ ਖਾਕੀ ਕੱਪੜਿਆਂ ਵਾਲਾ ਵਿਅਕਤੀ ਡਿੱਗੇ ਹੋਏ ਮੋਟਰਸਾਈਕਲ ਸਵਾਰ ਵੱਲ ਵਧਿਆ ਜਿਹੜਾ ਹੁਣ ਸ਼ਾਂਤ ਹੋ ਚੁੱਕਿਆ ਸੀ।ਆਸੇ-ਪਾਸੇ ਦੇ ਲੋਕਾਂ ਤੋਂ ਪੁੱਛਣ ਲੱਗਾ ਕਿ ਇਹ ਸਭ ਕਿਵੇਂ ਹੋਇਆ ਹੈ।ਨੌਜਵਾਨ ਯਮਦੂਤ ਦੀਆਂ ਅੱਖਾਂ ਵਿੱਚ ਪ੍ਰਸ਼ੰਸਾ ਦੇ ਭਾਵ ਆਏ, 'ਵਾਹ! ਕਿੰਨੇ ਦਿਆਲੂ ਲੋਕ ਹਨ।ਜੇ ਇਹ ਨਾ ਰੋਕਦੇ ਤਾਂ ਭੀੜ ਨੇ ਟਰਾਲੇ ਵਾਲੇ ਨੂੰ ਮਾਰ ਦੇਣਾ ਸੀ।' ਇਹ ਕੀ ? ਇੰਨੇ ਸਮੇਂ ਵਿੱਚ ਮੋਟਰਸਾਈਕਲ ਵੱਲ ਵਧਣ ਵਾਲੇ ਨੇ ਤਸਦੀਕ ਕੀਤੀ ਕਿ ਮੋਟਰਸਾਈਕਲ ਸਵਾਰ ਮਰ ਚੁੱਕਿਆ ਹੈ।ਹੁਣ ਖਾਕੀ ਕੱਪੜਿਆਂ ਵਾਲਿਆਂ ਨੇ ਟਰਾਲੇ ਦੇ ਡਰਾਈਵਰ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਅੱਧ-ਮਰਿਆ ਹੋ ਗਿਆ ਤਾਂ ਉਸ ਨੂੰ ਚੁੱਕ ਕੇ ਗੱਡੀ ਵਿੱਚ ਸੁੱਟ ਲਿਆ ਗਿਆ।"ਕੀ ਇਹ ਮੋਟਰਸਾਈਕਲ ਵਾਲੇ ਨੂੰ ਮਾਰਨ ਦੀ ਸਜ਼ਾ ਇਸ ਨੂੰ ਦੇ ਰਹੇ ਹਨ ?" ਨੌਜਵਾਨ ਨੇ ਅੱਧ-ਮਰੇ ਹੋਏ ਟਰਾਲੇ ਦੇ ਡਰਾਈਵਰ ਵੱਲ ਇਸ਼ਾਰਾ ਕਰ ਕੇ ਪੁੱਛਿਆ।ਬਜ਼ੁਰਗ ਯਮਦੂਤ, ਜਿਹੜਾ ਮ੍ਰਿਤਕ ਦੀ ਆਤਮਾ ਨੂੰ ਕੱਢ ਚੁੱਕਿਆ ਸੀ, ਨੇ ਇੱਕ ਖਾਕੀ ਵਰਦੀ ਵਾਲੇ ਨੂੰ ਬੁਲਾਇਆ ਅਤੇ ਟਰਾਲੇ ਦੇ ਡਰਾਈਵਰ ਦੀ ਕੁੱਟਮਾਰ ਦਾ ਕਾਰਨ ਪੁੱਛਿਆ।"ਕੀ ਕਰੀਏ ਜੀ! ਇਨ੍ਹਾਂ ਲੋਕਾਂ ਨੇ ਸਾਡਾ ਜੀਣਾ ਮੁਹਾਲ ਕੀਤਾ ਹੋਇਆ ਹੈ। ਅਜੇ ਪਿੰਡੋਂ 'ਰੇਡ' ਤੋਂ ਆ ਕੇ ਬੈਠੇ ਹੀ ਸਾਂ ਕਿ ਇਨ੍ਹਾਂ ਦਾ ਫ਼ੋਨ ਆ ਗਿਆ ਕਿ ਟਰਾਲੇ ਥੱਲੇ ਦੇ ਕੇ ਬੰਦਾ ਮਾਰ 'ਤਾ। ਅਸੀਂ ਵੀ ਆਖਰ ਇਨਸਾਨ ਹਾਂ। ਸਾਨੂੰ ਵੀ ਤਾਂ ਆਰਾਮ ਚਾਹੀਦੈ। ਅਫ਼ਸਰ ਆਪ ਤਾਂ ਦਫ਼ਤਰਾਂ ਵਿੱਚ ਬੈਠੇ ਹੁਕਮ ਚਲਾ ਦੇਂਦੇ ਨੇ ਤੇ ਅਸੀਂ ਦਿਨ-ਰਾਤ ਧੱਕੇ ਖਾਂਦੇ ਹਾਂ।" ਪੁਲਿਸ ਵਾਲੇ ਨੇ ਦਿਲ ਦੀ ਭੜਾਸ ਕੱਢੀ।ਨੌਜਵਾਨ ਯਮਦੂਤ ਦੀ ਪੂਰੀ ਤਸੱਲੀ ਹੋ ਚੁੱਕੀ ਸੀ।"ਅਸੀਂ ਚੰਗੇ ਹਾਂ ਚਾਚਾ," ਉਸ ਨੇ ਬਜ਼ੁਰਗ ਯਮਦੂਤ ਨੂੰ ਕਿਹਾ, "ਇਨ੍ਹਾਂ ਲੋਕਾਂ ਦੀ ਤਰ੍ਹਾਂ ਸਵਾਰਥੀ ਨਹੀਂ। ਘੱਟੋ-ਘੱਟ ਅਸੀਂ ਆਪਣਾ ਫ਼ਰਜ਼ ਤਾਂ ਮਨ ਲਾ ਕੇ ਪੂਰਾ ਕਰਦੇ ਹਾਂ।" "ਪੁੱਤਰ, ਇਹ ਧਰਤੀ ਵਾਸੀ ਸਾਡੇ ਤੋਂ ਵੀ ਵੱਡੇ ਯਮਦੂਤ ਹਨ। ਅਸੀਂ ਤਾਂ ਮੁਰਦਿਆਂ ਦੀ ਆਤਮਾ ਕੱਢਦੇ ਹਾਂ ਪਰ ਇਨ੍ਹਾਂ ਨੇ ਜਿਉਂਦੇ ਜੀਅ ਆਪਣੀ ਆਤਮਾ ਵੇਚ ਦਿੱਤੀ ਹੈ।ਇਸੇ ਲਈ ਇਨ੍ਹਾਂ ਦੇ ਆਲੇ ਦੁਆਲੇ ਭਾਵੇਂ ਕੁਝ ਵੀ ਹੋਈ ਜਾਵੇ, ਇਹ ਸਿਰਫ਼ ਆਪਣਾ ਸਵਾਰਥ ਵੇਖਦੇ ਨੇ!" ਤੇ ਫ਼ਿਰ ਉਨ੍ਹਾਂ ਨੇ ਆਤਮਾ ਨੂੰ ਸੰਭਾਲਿਆ ਅਤੇ ਆਪਣੇ 'ਹੈਡਕੁਆਰਟਰ' ਵੱਲ ਚਾਲੇ ਪਾ ਦਿੱਤੇ।

## ਕਹਾਣੀ: ਪੱਥਰ

**-ਸ਼ਰਨਪ੍ਰੀਤ ਕੌਰ**



ਹਸਪਤਾਲ ਦੇ ਗਾਇਨੀ ਡਿਪਾਰਟਮੈਂਟ ਦੇ ਕਮਰੇ ਅੱਗੇ ਖੜ੍ਹੀ ਗੁਰਮੀਤ ਆਪਣੀਆਂ ਦੋ ਪੋਤੀਆਂ ਤੇ ਗੁਆਂਢਣ ਨਾਲ ਬੜੀ ਉਤਸੁਕਤਾ ਨਾਲ ਇੰਤਜ਼ਾਰ ਕਰ ਰਹੀ ਸੀ ਕਿ ਕਦੋਂ ਇਹ ਪਤਾ ਲੱਗੇ ਕਿ ਉਸ ਦੇ ਘਰ ਪੋਤੇ ਨੇ ਜਨਮ ਲਿਆ ਹੈ।ਉਹ ਵਾਰ-ਵਾਰ ਗੱਲਾਂ ਕਰਦੀ ਕਹਿ ਰਹੀ ਸੀ ਆਪਣੀ ਗੁਆਂਢਣ ਨੂੰ ਕਿ ਮੇਰਾ ਦਿਲ ਕੰਬ ਰਿਹਾ ਹੈ ਕਿ ਇਸ ਵਾਰ ਫਿਰ ਕਿਧਰੇ ਰੱਬ ਪੱਥਰ ਨਾ ਦੇ ਦੇਵੇ ਮੇਰੇ ਮੁੰਡੇ ਦੇ ਘਰ...ਕੋਈ ਚੰਗੀ ਚੀਜ਼ ਦੇ ਦੇਵੀਂ ਰੱਬਾ ਤੇਰੇ ਘਰ ਕੋਈ ਘਾਟਾ ਨਹੀਂ। ਗੁਆਂਢਣ ਵੀ ਹੌਂਸਲਾ ਦਿੰਦੀ ਇਹ ਹੀ ਕਹਿੰਦੀ, 'ਕੋਈ ਨ੍ਹੀਂ ਭੈਣੇ...ਸਬਰ ਕਰ ਸਬਰ... ਰੱਬ ਚੰਗੀ ਚੀਜ਼ ਹੀ ਦੇਉਗਾ...ਤੁਸੀਂ ਕੋਈ ਭੁੰਨ ਕੇ ਤਾਂ ਨ੍ਹੀਂ ਬੀਜਿਆ।'

ਗੁਰਮੀਤ ਦੀ ਚਾਰ ਕੁ ਸਾਲ ਦੀ ਪੋਤੀ ਇਹ ਸਭ ਗੱਲਾਂ ਸੁਣਕੇ ਪੁੱਛ ਲੈਂਦੀ ਹੈ ਕਿ, 'ਬੇਬੇ ਮੈਂ ਵੀ ਚੰਗੀ ਚੀਜ਼ ਹਾਂ ?' ਗੁਰਮੀਤ ਸਵੇਰ ਦੀ ਅੱਕੀ-ਥੱਕੀ ਹੋਈ ਨੇ ਸਾਰਾ ਗੁੱਸਾ ਆਪਣੀ ਪੋਤੀ 'ਤੇ ਉਤਾਰ ਦਿੱਤਾ ਕਹਿਣ ਲੱਗੀ, 'ਤੂੰ ਤਾਂ ਪੱਥਰ ਐਂ ਪੱਥਰ... ਕਿੱਥੋਂ ਮਗਰ ਪਈਆਂ ਨੇ ...ਤੂੰ ਚੰਗੀ ਚੀਜ਼ ਹੁੰਦੀ ਤਾਂ ...ਗੁਰਮੀਤ ਬੁੜ-ਬੁੜ ਕਰਦੀ ਕੋਲੋਂ ਲੰਘਦੀ ਨਰਸ ਵੱਲ ਭੱਜ ਕੇ ਜਾਂਦੀ ਹੈ, ਪਰ ਕੋਈ ਉੱਤਰ ਨ੍ਹੀ ਮਿਲਦਾ। ਗੁਰਮੀਤ ਦੀ ਪੋਤੀ ਫੇਰ ਬੋਲ ਪੈਂਦੀ ਹੈ, ਬੇਬੇ ਮੇਰੇ ਹੱਥ ਲਾ ਕੇ ਤਾਂ ਵੇਖ ਮੈਂ ਤਾਂ ਪੋਲੀ-ਪੋਲੀ ਹਾਂ... ਮੇਰਾ ਮੂੰਹ ਵੀ ਪੋਲਾ ਹੈ, ਮੇਰੇ ਹੱਥ ਵੀ ਪੋਲੇ-ਪੋਲੇ ਹਨ।' ਗੁਰਮੀਤ ਉਸ ਦੀ ਗੱਲ ਵੱਲ ਕੋਈ ਧਿਆਨ ਨ੍ਹੀਂ ਦਿੰਦੀ।

ਐਨੇ ਨੂੰ ਅੰਦਰੋਂ ਨਰਸ ਭੱਜੀ-ਭੱਜੀ ਆਉਂਦੀ ਹੈ ਤੇ ਵਧਾਈਆਂ ਦਿੰਦੀ ਹੈ। ਗੁਰਮੀਤ ਵੀ ਕਾਹਲੀ ਨਾਲ ਅੰਦਰ ਆਪਣੀ ਬੇਹੋਸ਼ ਪਈ ਨੂੰਹ ਦਾ ਹਾਲ-ਚਾਲ ਪੁੱਛੇ ਬਿਨਾਂ ਹੀ ਪਹਿਲਾਂ ਆਪਣੇ ਪੋਤੇ ਨੂੰ ਵੇਖਣ ਲਈ ਭੱਜਦੀ ਹੈ।ਥੋੜ੍ਹੀ ਦੇਰ ਬਾਅਦ ਬੱਚਾ ਗੁਰਮੀਤ ਨੂੰ ਫੜਾ ਦਿੱਤਾ ਤੇ ਸਾਰੇ ਹੀ ਉਸ ਕੋਲ ਆ ਜਾਂਦੇ ਹਨ। ਛੋਟੀ ਬੱਚੀ ਇਕ ਪਾਸੇ ਖੜ੍ਹ ਜਾਂਦੀ ਹੈ।ਗੁਰਮੀਤ ਉਸ ਨੂੰ ਬੁਲਾਉਂਦੀ ਹੈ, ਆ ਜਾ ਪੁੱਤ ਤੇਰਾ ਵੀਰਾ ਆ ਗਿਆ।ਛੋਟੀ ਬੱਚੀ ਨੇ ਰੋ ਕੇ ਕਿਹਾ, 'ਬੇਬੇ ਮੇਰੇ ਸੋਹਣੇ ਜਿਹੇ ਵੀਰੇ ਦੇ ਪੱਥਰ ਨਾ ਵੱਜ ਜਾਵੇ... ਮੈਂ ਦੂਰ ਤੋਂ ਹੀ ਵੇਖ ਲਵਾਂਗੀ।' ਬੇਬੇ ਸ਼ਰਮਿੰਦਾ ਹੋਈ ਕਹਿੰਦੀ ਹੈ, 'ਨਾ ਪੁੱਤ ਨਾ ਤੁਸੀਂ ਤਾਂ ਹੁਣ ਫੁੱਲ ਬਣ ਗਈਆਂ... ਵੀਰਾ ਆ ਗਿਆ ਤੁਹਾਡਾ ਤੁਸੀਂ ਵੀ ਤਰ ਗਈਆਂ ਹੁਣ ਇਹਦੇ ਨਾਲ...ਤੁਸੀਂ ਤਾਂ ਚੁੱਕਣੈ ਹੁਣ ਇਹਨੂੰ...ਤੁਸੀਂ ਪਾਲਣੈ ਇਹਨੂੰ।'

9417738737.

## ਯਾਦਾਂ ਦੇ ਝਰੋਖੇ 'ਚੋਂ: ਜਦੋਂ ਅਸੀਂ ਕਾਰ ਵਾਲੇ ਬਣੇ

**ਹਰਜੀਤ ਸਿੰਘ ਢਿੱਲੋਂ**



ਸਮਾਂ ਹੈ ਕਿ ਕਈ ਵਾਰ ਗੇੜ ਪਾ ਕੇ ਬੀਤੇ ਦੀਆਂ ਯਾਦਾਂ ਨੂੰ ਸਾਕਾਰ ਕਰ ਦਿੰਦਾ ਹੈ, ਗੱਲ ਇਹ 1970 ਦੇ ਐੜ-ਗੇੜ ਦੀ ਏ ਜਦੋਂ ਆਰਥਿਕ ਪੱਖੋਂ ਡੰਗ ਟਪਾਈ ਦੇ ਗੇੜ 'ਚੋਂ ਗੁਜ਼ਰਦੇ ਅਸੀਂ ਚਿੱਤ ਹੱਥੋਂ ਮਜਬੂਰ ਹੋਏ ਕਾਰ ਵਾਲੇ ਬਣਨ ਦਾ ਚਾਅ ਪੂਰਾ ਕਰਦੇ-ਕਰਦੇ ਕਿਸੇ ਘਰ ਨਕਾਰਾ ਸਮਝ ਕੇ ਖੜ੍ਹੀ ਕੀਤੀ ਅੰਬੈਸਡਰ ਕਾਰ ਸਸਤੀ ਜਹੀ ਖਰੀਦ ਬੈਠੇ ਤੇ ਉਹਨੂੰ ਚਾਲੂ ਹਾਲਤ ਵਿਚ ਕਰਨ ਲਈ ਕਿਸੇ ਤਰ੍ਹਾਂ ਨੇੜਲੇ ਮਿਸਤਰੀ ਕੋਲ ਲੈ ਗਏ। ਕਾਰ ਦੇ ਚਾਰੇ ਪਾਸੇ ਗੇੜਾ ਜਿਹਾ ਦੇ ਕੇ ਉਸ ਪੁੱਛਿਆ, 'ਕੀ ਕਰਵਾਉਣਾ ਏਂ ?' 'ਤੁਰਦੀ-ਫਿਰਦੀ ਕਰ ਦਿਓ' ਮੇਰੇ ਮੂੰਹੋਂ ਸਹਿਜ ਸੁਭਾਅ ਹੀ ਨਿਕਲ ਗਿਆ, ਹੋ ਜਾਊ ਉਹਨੇ ਵੀ ਉਸੇ ਲਹਿਜ਼ੇ 'ਚ ਜਵਾਬ ਦਿੱਤਾ।ਢੋਨਟ ਚੁੱਕ ਕੇ ਕੁਝ ਦੇਰ ਉਹਦੀਆਂ ਨਾੜਾਂ ਟੋਂਹਦਾ ਰਿਹਾ ਮੈਥੋਂ ਪੈਟਰੋਲ ਮੰਗਾ ਕਿ ਪਾਇਆ ਤੇ ਕੋਲ ਖੜ੍ਹੀ ਮੁਰੰਮਤ ਲਈ ਆਈ ਇਕ ਗੱਡੀ ਦੀ ਬੈਟਰੀ ਰੱਖ ਕੇ ਕਾਰ ਸਟਾਰਟ ਕਰ 'ਤੀ। 'ਇੰਜਣ ਉਂਜਣ ਕਿਵੇਂ ਆਂ' ਮੈਂ ਪੁੱਛਿਆ ? 'ਇੰਜਣ ਤਾਂ ਵੀਰ ਅਖੀਰੀ ਸਾਹਾਂ 'ਤੇ ਆ, ਜਦੋਂ ਇੰਜਣ ਦਾ ਕੰਮ ਹੋਊ ਬਾਕੀ ਪੁਰਜ਼ਿਆਂ 'ਤੇ ਵੀ ਹੱਥ ਫਿਰ ਜੂ।' 'ਚਲੋ ਠੀਕ ਆ ਪਿਛਲੀ ਵਾਰ ਟਰੈਕਟਰ ਦਾ ਕਰਵਾਇਆ ਸੀ ਐਤਕੀਂ ਹਾੜ੍ਹੀ ਆਉਂਦੇ ਹੀ ਇਹਦੇ ਇੰਜਣ ਦਾ ਕੰਮ ਕਰਵਾ ਦਿਆਂਗੇ, ਦੋ ਤਾਂ ਮਹੀਨੇ ਰਹਿ ਗਏ ਨੇ', ਮੈਂ ਕਿਹਾ ਤੇ ਬੈਟਰੀ ਚਾਰਜ ਕਰਵਾ ਕੇ ਅਸੀਂ ਕਾਰ ਘਰ ਲੈ ਗਏ। ਪੁਰਾਣੀ ਹੋਵੇ ਭਾਵੇਂ ਨਵੀਂ ਕਾਰ ਤਾਂ ਕਾਰ ਈ ਸੀ, ਘਰੇ ਸਾਰੇ ਖੁਸ਼ ਸਨ ਚਲੋਂ ਕਿਤੇ ਜਾਣਾ, ਆਉਣਾ ਸੁਖਾਲਾ ਹੋ ਜਾਊ।ਮਾਂ ਨੇ ਸੁਹੰਢਣੀ ਹੋਣ ਦੀ ਅਸੀਸ ਦਿੱਤੀ।ਖੁਸ਼ੀ ਵਿਚ ਅਸੀਂ ਉਸੇ ਦਿਨ ਦਾਰਜੀ ਨੂੰ ਵੀ ਖਤ ਲਿਖ ਦਿੱਤਾ ਜਿਥੇ ਉਹ ਨੌਕਰੀ ਕਰਦੇ ਸਨ।ਖਤ ਮਿਲਿਆ ਤਾਂ ਖੁਸ਼ੀ ਉਨ੍ਹਾਂ ਨੂੰ ਵੀ ਨਾ ਪਚੀ ਆਪਣੇ ਵੱਡੇ ਅਫਸਰ ਨਾਲ ਗੱਲ ਸਾਂਝੀ ਕਰ ਦਿੱਤੀ।ਅਫ਼ਸਰ ਕਹਿਣ ਲੱਗਾ ਇਹ ਤਾਂ ਰੱਬ ਨੇ ਸਾਡੀ ਸੁਣ ਲਈ। ਘਰ ਵਾਲੀ ਰੋਜ਼ ਮਾਤਾ ਜੀ ਦੇ ਦਰਸ਼ਨਾਂ ਨੂੰ ਜਾਣ ਲਈ ਕਹਿੰਦੀ ਏ, 'ਨਾਲੇ ਫੁੱਲ ਨਾਲੇ ਫਲੀਆਂ' ਕਾਰ ਦੀ ਪਰਖ ਵੀ ਹੋ ਜੂ ਤੇ ਮਾਤਾ ਜੀ ਦੇ ਦਰਸ਼ਨ ਵੀ ਹੋ ਜਾਣਗੇ, ਆਹੀ ਐਤਵਾਰ ਅਰਥੇ ਲੱਗ ਜਾਏ ਤਾਂ ਚੰਗਾ ਏ ਤੁਸੀਂ ਬੰਦਾ ਭੇਜ ਕੇ ਕਾਰ ਮੰਗਵਾ ਈ ਲਓ।ਉਸੇ ਸ਼ਾਮ ਦਾਰਜੀ ਦੇ ਇਕ ਮੁਲਾਜ਼ਮ ਨੇ ਇਹ ਕਹਾਣੀ ਆਣ ਦੱਸੀ।ਮੈਨੂੰ ਕਹਿਣ ਲੱਗਾ ਸਵੇਰੇ ਆਪਾਂ ਚੱਲਣਾ ਏਂ।ਮੇਰੇ ਮਨ 'ਚ ਕਈ ਖਿਆਲ ਆਏ ਪਰ ਦਾਰਜੀ ਦੀ ਕਹੀ ਅਨੁਸਾਰ ਅਸੀਂ ਸਵੇਰੇ ਕਾਰ ਸੜਕੇ ਪਾ ਲਈ ਤੇ ਸਫਰ ਪੂਰਾ ਕਰਦੇ ਹੋਏ ਦੋ ਕੂ ਘੰਟੇ ਵਿਚ ਟਿਕਾਣੇ 'ਤੇ ਉੱਪੜ ਗਏ। ਰਾਹ 'ਚ ਕੇਰਾਂ ਡਿੱਗੀ ਵਿਚ ਲੱਗੇ ਤੇਲ ਚੁੱਕਣ ਵਾਲੇ ਪੰਪ ਨੇ ਕੋਈ ਰੁਕਾਵਟ ਆਉਣ 'ਤੇ ਝਟਕਾ ਜਿਹਾ ਮਾਰਿਆ ਪਰ ਫਿਰ ਆਪ ਹੀ ਸਹੀ ਹੋ ਗਿਆ। ਕਾਰ ਸਾਹਿਬ ਦੇ ਸਪੁਰਦ ਕਰਕੇ ਅਸੀਂ ਦਾਰਜੀ ਦੀ ਰਿਹਾਇਸ਼ 'ਤੇ ਆ ਗਏ। ਸਾਹਿਬ ਕਾਰ ਕਿੱਥੇ ਲੱਗਿਆ ਇਹ ਪੁੱਛਣ ਦਾ ਹੌਂਸਲਾ ਦਾਰਜੀ ਨੇ ਵੀ ਨਹੀਂ ਕੀਤਾ। ਅਗਲੀ ਸ਼ਾਮ ਦਾ ਕਹਿ ਕਿ ਸਾਹਿਬ ਅਗਲੀ ਰਾਤ ਵੀ ਨਾ ਮੁੜਿਆ। ਮੇਰੀਆਂ ਨਜ਼ਰਾਂ ਸੜਕ ਵੱਲ ਲੱਗੀਆਂ ਹੋਈਆਂ ਸਨ ਕਿ ਤੀਸਰੇ ਦਿਨ ਦੁਪਹਿਰੇ ਜਹੇ ਸਾਡੀ ਕਾਰ ਟੈਂਪੂ ਮਗਰ ਬੰਨੀ ਸ਼ਹਿਰ ਵੱਲ ਲੰਘ ਗਈ, ਅਸੀਂ ਪਿਓ-ਪੁੱਤ ਵੀ ਮਗਰੇ ਪਹੁੰਚ ਗਏ। ਸਾਨੂੰ ਵੇਖਦੇ ਸਾਹਿਬ ਬੋਲਿਆ, 'ਕਮਾਲ ਦੀ ਗੱਲ ਇਹ ਹੈ ਕਿ ਜਾਂਦੀ ਤਾਂ ਸਾਰੀਆਂ ਪਹਾੜੀਆਂ ਚੜ੍ਹ ਗਈ ਪਰ ਆਉਂਦਿਆਂ ਇਹ ਉਤਰਾਈ 'ਤੇ ਹੀ ਅੜ ਗਈ। ਮਿਸਤਰੀ ਕਹਿੰਦਾ ਇੰਜਣ 'ਚ ਗੜਬੜ ਏ। ਤੁਸੀਂ ਇਸ ਨੂੰ ਠੀਕ ਕਰਵਾ ਕਿ ਪਹਿਲਾਂ ਮੁੰਡੇ ਨੂੰ ਤੋਰੋ।' ਗੱਡੀ ਵਰਕਸ਼ਾਪ ਲਿਆ ਕੇ ਅਸੀਂ ਮਿਸਤਰੀ ਨੂੰ ਮਜਬੂਰੀ ਦੱਸੀ ਤੇ ਪਿੱਛੇ ਪਿੰਡ ਕੰਮ ਕਾਰ ਦੇ ਹੁੰਦੇ ਨੁਕਸਾਨ ਬਾਰੇ ਵੀ ਦੱਸਿਆ, ਉਹ ਭਲਾ ਪੁਰਸ਼ ਸਾਡੀ ਮਜਬੂਰੀ ਸਮਝ ਗਿਆ।ਸ਼ਾਮੀ ਉਹਨੇ ਇੰਜਣ ਨੂੰ ਖੋਲ੍ਹਣ ਲਈ ਹੱਥ ਪਾਇਆ, ਪੂਰੀ ਰਾਤ ਵਿਚ ਇੰਜਣ ਬੰਨ੍ਹ ਕੇ ਸਵੇਰੇ ਚਾਲੂ ਹਾਲਤ ਵਿਚ ਕਾਰ ਸਾਡੇ ਹਵਾਲੇ ਕਰ ਦਿੱਤੀ। ਦਾਰਜੀ ਨੂੰ ਰਾਹ 'ਚ ਲਾਹ ਕੇ ਮੈਂ ਪਿੰਡ ਨੂੰ ਤੁਰ ਪਿਆ, ਲੁਧਿਆਣੇ ਤੱਕ ਸਭ ਠੀਕ ਠਾਕ ਰਿਹਾ ਪਰ ਜਗਰਾਉਂ ਪੁਲ ਚੜ੍ਹਦਿਆਂ ਇਕ ਲੰਮਾਂ ਹਾਉਕਾ ਜਿਹਾ ਲੈਣ ਮਗਰੋਂ ਝਟਕਾ ਮਾਰ ਕੇ ਕਾਰ ਰੁਕ ਗਈ, ਸਟਾਰਟ ਨਾ ਹੋਈ ਮਿਸਤਰੀ ਲਿਆਂਦਾ, ਕਹਿੰਦਾ ਤੇਲ ਚੁੱਕਣ ਵਾਲਾ ਪੰਪ ਜਵਾਬ ਦੇ ਗਿਆ ਏ ਬਦਲਣਾ ਪਊ। ਕਾਰ ਇਕ ਦੁਕਾਨ 'ਤੇ ਖੜ੍ਹੀ ਕਰਕੇ ਭੂੰਡ ਟੈਂਪੂ 'ਤੇ ਬੈਠਾ ਪਿੰਡ ਨੂੰ ਆਉਂਦਾ ਮੈਂ ਇਹੀ ਸੋਚਦਾ ਰਿਹਾ ਕੇ ਕਿਵੇਂ ਇਨ੍ਹਾਂ ਮਹਿੰਗੇ ਸ਼ੌਕਾਂ 'ਚ ਉਲਝ ਕਿ ਆਮ ਆਦਮੀ ਬੇਲੋੜੇ ਖਰਚਿਆਂ ਦਾ ਤਾਣਾ ਆਪਣੇ ਦੁਆਲੇ ਬੁਣ ਲੈਂਦਾ ਏ ਜੇਕਰ ਇਨ੍ਹਾਂ ਹੀ ਰੁਪਇਆਂ ਦਾ ਮਾਂ ਨੂੰ ਘਰ ਦਾ ਸੌਦਾ ਲਿਆ ਕੇ ਦਿੱਤਾ ਹੁੰਦਾ ਤਾਂ ਉਸ ਨੇ ਕਈ ਮਹੀਨੇ ਮੌਜ ਨਾਲ ਲੰਘਾ ਲੈਣੇ ਸਨ।

-ਮੋਬਾਈਲ : --98144-

## ਚਿੰਤਾ

'ਹੈਲੋ ਭਾਈ ਸਾਹਿਬ, ਥੋਨੂੰ ਥੋੜ੍ਹੀ ਬਹੁਤ ਸ਼ਰਮ ਹੈ ਕਿ ਨਹੀਂ, ਤੈਨੂੰ ਬਰੇਕ ਮਾਰਨੀ ਵੀ ਔਖੀ ਲੱਗਦੀ ਐ... ਚੜ੍ਹੇ ਮਹੀਨੇ ਰੁੱਗ ਰੁਪਈਆਂ ਦਾ ਦੇਈਦਾ, ਨਹੀਂ ਲਿਜਾ ਸਕਦੇ ਤਾਂ ਜਵਾਬ ਦੇ ਦਿਓ, ਅਸੀਂ ਆਪੇ ਹੋਰ ਪ੍ਰਬੰਧ ਕਰ ਲਵਾਂਗੇ।ਮੈਂ ਕਰਦਾਂ ਤੇਰੇ ਸੀਨੀਅਰ ਨਾਲ ਗੱਲ।ਤੁਸੀਂ ਨਿੱਤ ਦਾ ਪਾਖੰਡ ਫੜਿਆ।ਬੱਚਾ ਬਾਹਰ ਮੀਂਹ 'ਚ ਖੜ੍ਹਾ ਭਿੱਜ ਰਿਹਾ, ਭਾਵੇਂ ਬਿਮਾਰ ਹੋ ਜਾਵੇ, ਥੋਡੀ ਕੋਈ ਜ਼ਿੰਮੇਵਾਰੀ ਨੀ ਬਣਦੀ ?'

ਅੱਗੋਂ ਵੀ ਹਰਖ ਭਰੀ ਆਵਾਜ਼ ਆਈ, 'ਅਸੀਂ ਵੀ ਕਿਸੇ ਨੂੰ ਜਵਾਬ ਦੇਣਾ ਹੁੰਦਾ।ਜੇ ਫਾਟਕ ਬੰਦ ਹੋ ਗਿਆ ਤਾਂ ਇਕ ਪਿੱਛੇ ਸਾਰੀ ਬੱਸ ਲੇਟ ਕਰ ਦੇਈਏ।'



ਤੇਜ਼ੀ ਨਾਲ ਦੌੜੀ ਜਾਂਦੀ ਟਰੇਨ ਦੀ ਸੀਟ 'ਤੇ ਬੈਠੇ ਚੰਗੇ ਰੋਹਬ-ਦਾਹਬ ਵਾਲੇ ਵਿਅਕਤੀ ਨੇ ਫੋਨ ਕੰਨ ਨਾਲੋਂ ਪਰ੍ਹੇ ਹਟਾ ਹੋਰ ਨੰਬਰ ਮਿਲਾ ਲਿਆ।

ਉਧਰੋਂ ਆਉਂਦੀ ਆਵਾਜ਼ ਸੁਣਦਿਆਂ ਹੀ ਬੋਲਿਆ, 'ਹਾਂ ਜੀ ਬੱਚੇ, ਕਦੋਂ ਅਕਲ ਆਊ ਤੈਨੂੰ ਸਾਰਾ ਦਿਨ ਟੀ. ਵੀ. ਨਾਲ ਜੁੜਿਆ ਰਹਿਨੈ, ਬਾਹਰ ਨਿਕਲ ਕੇ ਨੀ ਖੜ੍ਹ ਸਕਦਾ ਸੀ, ਕਦੋਂ ਦਾ ਮੀਂਹ ਹਟਿਆ ਹੋਇਆ। ਆਪਣੀ ਮੰਮੀ ਨਾਲ ਗੱਲ ਕਰਾ।'

ਉਹ ਵੀ ਮੂਹਰੇ ਤੋਂ ਭਰੀ-ਪੀਤੀ ਬੋਲੀ, 'ਮੈਂ ਕੀ ਕਰਾਂ ਕਦੋਂ ਦੀ ਆਵਾਜ਼ਾਂ ਮਾਰੀ ਜਾਨੀ ਆਂ ਸੁਣੇ ਤਾਂ...। ਜਦੋਂ ਕਾਹਲੀ ਨਾਲ ਬੈਗ ਚੁੱਕ ਕੇ ਲੈ ਗਈ ਤਾਂ ਉਹਬੱਸ ਭਜਾ ਕੇ ਲੈ ਗਿਆ, ਜਿਵੇਂ ਪੈਰ ਮਚਦੇ ਹੋਣ ਦੋ ਮਿੰਟਾਂ ਨਾਲ।'

ਜਦੋਂ ਕਿਸੇ ਪਾਸਿਓਂ ਵੀ ਠੀਕ ਉੱਤਰ ਨਾ ਮਿਲਿਆ ਤਾਂ ਮੱਥਾ ਫੜ ਬੈਠਾ ਆਪਣੇ ਮਨ ਨਾਲ ਗੱਲ ਕਰਨ ਲੱਗਾ, 'ਅਸੀਂ ਚਾਰੇ ਭੈਣ-ਭਰਾ ਬਸਤੇ 'ਚ ਫੱਟੀਆਂ ਪਾ ਪਿੱਠ 'ਤੇ ਲਾ, ਦੜੰਗੇ ਮਾਰਦੇ ਕਦੋਂ ਸਕੂਲ ਚਲੇ ਜਾਂਦੇ ਮਾਂ-ਪਿਓ ਨੂੰ ਪਤਾ ਵੀ ਨਹੀਂ ਸੀ ਲੱਗਦਾ।ਬੱਚੇ ਦੇ ਟਿਫਨ ਵਿਚ ਨਿੱਤ-ਦਿਹਾੜੇ ਬਦਲਵੀਂ ਰੋਟੀ ਸਬਜ਼ੀ ਦੀਥਾਂ ਆਚਾਰ ਦੀ ਫਾੜੀ ਜਾਂ ਗੁੜ ਦੀ ਡਲੀ ਰੋਟੀ 'ਤੇ ਰੱਖ ਭੂਕਨਾ ਬਣਾ ਖਾਂਦੇ ਸਕੂਲ ਪਹੁੰਚ ਜਾਂਦੇਸੀ। ਸਫਾਈ ਦੀ ਵਾਰੀ ਵਾਲੇ ਦਿਨ ਕਮਰੇ 'ਚ ਝਾੜੂ ਮਾਰ ਕੇ ਟਾਟ ਵਿਛਾਉਂਦਿਆਂ ਭਾਵੇਂ ਕੱਪੜੇ ਭਰ ਜਾਣ ਪਰ ਕਦੇ ਟਾਲਾ ਨਹੀਂ ਸੀ ਵੱਟਿਆ।'

ਉਸ ਬੈਗ 'ਚੋਂ ਪਾਣੀ ਦੀ ਬੋਤਲ ਕੱਢ ਦੋ ਘੁੱਟ ਪਾਣੀ ਪੀ ਠੰਢਾ ਹਓਕਾ ਭਰਿਆ, 'ਕਾਸ਼! ਜੇ ਉਹ ਦਿਨ ਵਾਪਸ ਆ ਜਾਣ।ਪੜ੍ਹਾਈਆਂ ਸੌਖੀਆਂ ਤੇ ਭਾਰੇ ਬਸਤਿਆਂ ਦੀ ਜਗ੍ਹਾ ਉਨ੍ਹਾਂ ਦੇ ਕੱਦ-ਕਾਠ ਉੱਚੇ ਲੰਮੇ ਹੋ ਜਾਣ, ਉਨ੍ਹਾਂ ਨੂੰ ਨਿਮਰਤਾ, ਲਿਆਕਤ ਅਤੇ ਸਤਿਕਾਰ ਦੀ ਭਾਵਨਾ ਪੈਦਾ ਹੋ ਜਾਵੇ ਤਾਂ ਮਾਪੇ ਵੀ ਚਿੰਤਾ ਮੁਕਤ ਤੇ ਸਹਿਜਤਾ ਦਾ ਜੀਵਨ ਬਤੀਤ ਕਰ ਸਕਣ।'

**-ਬਲਰਾਜ ਕੋਹਾੜਾ**
84370-48523.

## ਟੀਚਰ

ਕਲਾਸ ਵਿਚ ਟੀਚਰ ਬੱਚਿਆਂ ਨੂੰ ਪੁੱਛ ਰਿਹਾ ਸੀ, 'ਬੱਚਿਓ ਤੁਸੀਂ ਪੜ੍ਹ ਕੇ ਕੀ ਬਣਨਾ ਚਾਹੁੰਦੇ ਹੋ ?'



'ਕਿਸੇ ਨੇ ਕਿਹਾ ਸੀ ਡਾਕਟਰ, ਕਿਸੇ ਨੇ ਕਿਹਾ, 'ਜੀ ਪੁਲਿਸ ਅਫਸਰ।' ਇਕ ਬੱਚਾ ਕਹਿੰਦਾ, 'ਜੀ ਮੈਂ ਟੀਚਰ ਬਣਨਾ ਚਾਹੁੰਦਾ ਹਾਂ, ਜੀ ਤੁਸੀਂ ਮੈਨੂੰ ਸੱਚੋ-ਸੱਚ ਦੱਸਿਓ ਤੁਸੀਂ ਟੀਚਰ ਕਿਵੇਂ ਬਣੇ ?'

ਟੀਚਰ ਸੋਚ ਰਿਹਾ ਸੀ ਕਿ ਹੁਣ ਬੱਚਿਆਂ ਨੂੰ ਸੱਚ ਦੱਸਣਾ ਹੀ ਪਵੇਗਾ। ਟੀਚਰ ਕਹਿੰਦਾ, 'ਬੱਚਿਓ, ਮੈਂ ਐਮ.ਏ. ਕਰਨ ਤੋਂ ਬਾਅਦ ਬੀ.ਐੱਡ ਕੀਤੀ।ਕਈ ਸਾਲ ਟੀਚਰ ਬਣਨ ਲਈ ਧਰਨੇ, ਮੁਜ਼ਾਹਰੇ ਕਰਦੇ ਰਹੇ, ਟੈਂਕੀਆਂ 'ਤੇ ਚੜ੍ਹਦੇ ਰਹੇ, ਮਟਕਾ ਚੌਂਕ ਵਿਚ ਲਾਠੀ ਚਾਰਜ ਸਹਿਣਾ ਪਿਆ, ਫਿਰ ਚੋਣਾਂ ਦਾ ਸਾਲ ਆਇਆ, ਸਰਕਾਰ ਦੇ ਹੱਕ 'ਚ ਵੋਟ ਪਾਈ ਤੇ ਫਿਰ ਟੀਚਰ ਬਣਿਆ।'

ਟੀਚਰ ਦੀ ਇਹ ਗੱਲ ਸੁਣ ਕੇ ਸਾਰਿਆਂ ਬੱਚਿਆਂ ਦੀਆਂ ਅੱਖਾਂ ਵਿਚ ਪਾਣੀ ਝਲਕ ਰਿਹਾ ਸੀ।ਸੁਣ ਕੇ ਉਹ ਬੱਚਾ ਚੁੱਪ ਕਰਕੇ ਨੀਵੀਂ ਪਾ ਕੇ ਬੈਠ ਗਿਆ। ਲਗਦਾ ਸੀ ਉਹਨੇ ਟੀਚਰ ਬਣਨ ਦਾ ਇਰਾਦਾ ਬਦਲ ਲਿਆ ਸੀ।

**-ਗੁਰਾਂਦਿੱਤਾ ਸੰਧੂ**
ਮੋਬਾਈਲ : 98760-47435



# ਸਿਹਤ ਖਜ਼ਾਨਾ



# ਕ੍ਰੈਸ਼ ਡਾਇਟਿੰਗ



ਅੱਜਕਲ ਸੁੰਦਰਤਾ ਅਤੇ ਫਿੱਟਨੈਸ ਦੇ ਤੈਅ ਹੋ ਰਹੇ ਗੈਰ-ਵਿਹਾਰਕ ਮਾਪਦੰਡਾਂ ਕਾਰਨ ਵੱਧ ਤੋਂ ਵੱਧ ਔਰਤਾਂ ਕ੍ਰੈਸ਼ ਡਾਇਡਟੰਗ ਨੂੰ ਅਪਣਾਉਣ ਲੱਗੀਆਂ ਹਨ। ਇਸ 'ਚ ਕਈ ਤਾਂ ਅਜਿਹੀਆਂ ਵੀ ਹਨ, ਜਿਨ੍ਹਾਂ ਨੂੰ ਬਿਲਕੁਲ ਵੀ ਮੋਟਾਪਾ ਨਹੀਂ ਹੈ। ਉਹ ਮਾਡਲਸ ਅਤੇ ਫਿਲਮੀ ਸਿਤਾਰਿਆਂ ਨੂੰ ਦੇਖ ਕੇ ਉਨ੍ਹਾਂ ਵਰਗੀ ਫਿੱਗਰ ਪ੍ਰਾਪਤ ਕਰਨ ਦੀ ਲਾਲਸਾ 'ਚ ਕ੍ਰੈਸ਼ ਡਾਇਟਿੰਗ ਦੀ ਪਾਲਣਾ ਕਰਨ ਲੱਗਦੀਆਂ ਹਨ।

ਪਤਲੀ ਫਿੱਗਰ ਦੀ ਲਾਲਸਾ 'ਚ ਕਈ ਮੁਟਿਆਰਾਂ ਸਾਰੀਆਂ ਹੱਦਾਂ ਪਾਰ ਕਰ ਕੇ ਡਾਈਟ ਲਿਸ ਦੀ ਵਰਤੋਂ ਅਤੇ ਭਾਰ ਘੱਟ ਕਰਨ ਦੀਆਂ ਗੈਰ-ਸਿਹਤਮੰਦ ਵਿਧੀਆਂ ਜਿਵੇਂ ਉਲਟੀ ਕਰਨ, ਲੈਕਸੇਟਿਵਸ ਦੀ ਵਰਤੋਂ ਅਤੇ ਖਾਣਾ ਨਾ ਖਾਣ ਵਰਗੇ ਉਪਾਅ ਅਪਣਾਉਣ ਲੱਗੀਆਂ ਹਨ। ਇਸ ਤਰ੍ਹਾਂ ਕ੍ਰੈਸ਼ ਡਾਇਟਿੰਗ ਕਰਨਾ ਇਕ 'ਟਾਈਮ ਬੰਬ' ਸਿੱਧ ਹੁੰਦਾ ਹੈ, ਜੋ ਕੁਝ ਦੇਰ ਪਿੱਛੋਂ ਐਨੋਰੈਕਸੀਆ, ਬੁਲੀਮੀਆ, ਲਿਵਰ ਅਤੇ ਕਿਡਨੀ ਦੀ ਖਰਾਬੀ ਵਰਗੇ ਗੰਭੀਰ ਰੋਗਾਂ ਨੂੰ ਜਨਮ ਦੇ ਸਕਦੇ ਹਨ।

ਫਿੱਟਨੈਸ ਮਾਹਿਰਾਂ ਦਾ ਕਹਿਣੈ ਕਿ ਕਈ ਔਰਤਾਂ ਜਦੀ ਸਭ ਤੋਂ ਵੱਡੀ ਗਲਤੀ ਜ਼ੀਰੋ ਫਿੱਗਰ ਜਾਂ ਪਤਲੇਪਣ ਨੂੰ ਤੰਦਰੁਸਤੀ ਦਾ ਸੰਕੇਤ ਮੰਨਣਾ ਹੈ।

ਸਾਈਜ਼ ਜ਼ੀਰੋ ਦੀ ਸੱਚਾਈ

ਪਿਛਲੇ ਕੁਝ ਸਮੇਂ ਤੋਂ ਸਾਈਜ਼ ਜ਼ੀਰੋ ਦੀ ਚਰਚਾ ਹੋਣ ਲੱਗੀ ਹੈ। ਔਰਤਾਂ ਸਾਈਜ਼ ਜ਼ੀਰੋ ਪ੍ਰਤੀ ਇਹ ਸੋਚ ਕੇ ਆਕਰਸ਼ਿਤ ਹੁੰਦੀਆਂ ਹਨ ਕਿ ਇਸ ਨਾਲ ਉਹ ਵਧੇਰੇ ਸੁੰਦਰ, ਆਕਰਸ਼ਕ, ਤੰਦਰੁਸਤ ਅਤੇ ਖੁਸ਼ ਰਹਿ ਸਕਦੀਆਂ ਹਨ। ਇਸ ਦੇ ਉਲਟ ਜਦੋਂ ਸਾਈਜ਼ ਜ਼ੀਰੋ ਦੀ ਇੱਛਾ 'ਚ ਕੁਝ ਵੀ ਖਾਣ ਤੋਂ ਪਹਿਲਾਂ ਕੈਲੋਰੀ ਦੀ ਚਿੰਤਾ ਦਿਮਾਗ 'ਚ ਖਟਕਣ ਲੱਗੇ ਤਾਂ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਸੱਚਾਈ 'ਤੇ ਧਿਆਨ ਦੇਣਾ ਸ਼ੁਰੂ ਕਰ ਦੇਣ। ਇਹ ਸੰਕੇਤ ਹਨ ਕਿ ਉਨ੍ਹਾਂ ਨੂੰ ਤੁਰੰਤ ਡਾਇਟਿੰਗ ਬੰਦ ਕਰਕੇ ਆਪਣੇ ਸਰੀਰ ਨੂੰ ਜ਼ਰੂਰੀ ਰਾਹਤ ਦੇਣੀ ਚਾਹੀਦੀ ਹੈ।

ਲੱਛਣ

ਵਾਲਾਂ ਦਾ ਝੜਨਾ : ਖੁਰਾਕ 'ਚ ਭੋਜਨ ਦੀ ਕਮੀ ਹੋਣ ਜਾਂ ਆਪਣੀ ਖੁਰਾਕ 'ਚ ਬੇਹੱਦ ਤਬਦੀਲੀ ਕਰਨ 'ਤੇ ਇਸ ਦਾ ਅਸਰ ਵਾਲਾਂ ਦੇ ਝੜਣ ਦੇ ਰੂਪ 'ਚ ਸਾਹਮਣੇ ਆ ਸਕਦਾ ਹੈ।

ਬੁਢਾਪੇ ਦੇ ਲੱਛਣ : ਕ੍ਰੈਸ਼ ਡਾਇਟਿੰਗ ਬੁਢਾਪਾ ਆਉਣ ਦੀ ਰਫ਼ਤਾਰ ਵਧਾ ਦਿੰਦਾ ਹੈ, ਜਿਸ ਦੇ ਲੱਛਣਾਂ 'ਚ ਚਮੜੀ ਦਾ ਢਿਲਕਣਾ, ਚਮੜੀ 'ਤੇ ਰੇਖਾਵਾਂ ਅਤੇ ਝੁਰੜੀਆਂ ਦਾ ਉਭਰਨਾ ਆਦਿ ਸ਼ਾਮਲ ਹਨ।

ਡੀਹਾਈਡ੍ਰੇਸ਼ਨ : ਪਾਣੀ ਦੀ ਲੋੜੀਂਦੀ ਮਾਤਰਾ ਦੀ ਕਮੀ ਜਾਂ ਕਾਰਬੋਹਾਈਡ੍ਰੇਟਸ ਜਾਂ ਚਿਕਨਾਈ 'ਤੇ ਬਹੁਤ ਕੰਟਰੋਲ ਰੱਖਣ ਨਾਲ ਸਰੀਰ 'ਚ ਡੀਹਾਈਡ੍ਰੇਸ਼ਨ ਹੋ ਸਕਦਾ ਹੈ। ਇਸ ਨਾਲ ਦਿਲ ਜਾਂ ਗੁਰਦੇ ਜਵਾਬ ਦੇ ਸਕਦੇ ਹਨ। ਅਟੈਕ ਜਾਂ ਦਿਮਾਗ ਨੂੰ ਕਿਸੇ ਕਿਸਮ ਦੇ ਨੁਕਸਾਨ ਨਾਲ ਮੌਤ ਵੀ ਹੋ ਸਕਦੀ ਹੈ।

ਕਬਜ਼ : ਜਦੋਂ ਭੋਜਨ ਦੀ ਮਾਤਰਾ 'ਚ ਕਮੀ ਹੋਵੇਗੀ ਤਾਂ ਯਕੀਨਨ ਸਰੀਰ 'ਚ ਹਾਜਤ ਮਹਿਸੂਸ ਕਰਨ ਯੋਗ ਲੋੜੀਂਦੀ ਮਾਤਰਾ 'ਚ ਬੇਕਾਰ ਪਦਾਰਥ ਨਹੀਂ ਹੋਣਗੇ, ਜਿਸ ਨਾਲ ਗੰਭੀਰ ਕਬਜ਼ ਦੀ ਸਮੱਸਿਆ ਪੈਦਾ ਹੋ ਸਕਦੀ ਹੈ।

ਤਣਾਅ : 'ਬੀ' ਕੰਪਲੈਕਸ ਅਤੇ 'ਸੀ' ਵਿਟਾਮਿਨ ਅਤੇ ਖਣਿਜਾਂ ਦੀ ਕਮੀ ਨਾਲ ਵਿਅਕਤੀ ਤਣਾਅ ਦਾ ਸ਼ਿਕਾਰ ਹੋ ਸਕਦਾ ਹੈ।

ਭਾਰ ਵਧਣਾ : ਭਾਵੇਂ ਤੁਸੀਂ ਕ੍ਰੈਸ਼ ਡਾਇਟਿੰਗ ਕਰ ਰਹੇ ਹੋਵੋ ਪਰ ਇਕ ਹੱਣ ਪਾਰ ਕਰਨ ਪਿੱਛੋਂ ਸਰੀਰ ਦਾ ਭਾਰ ਘੱਟ ਹੋਣ ਦੀ ਬਜਾਏ ਕ੍ਰੈਸ਼ ਡਾਇਟਿੰਗ ਕਾਰਨ ਹੀ ਵਧਣਾ ਸ਼ੁਰੂ ਹੋ ਸਕਦਾ ਹੈ।

ਹੋਰ ਲੱਛਣ : ਮਾਹਵਾਰੀ ਦੀ ਅਨਿਯਮਿਤ ਹੋਣਾ, ਆਸਟੀਓਪੋਰੋਸਿਸ, ਮਾਸਪੇਸ਼ੀਆਂ ਅਤੇ ਕੋਸ਼ਿਕਾਵਾਂ ਨੂੰ ਨੁਕਸਾਨ, ਕੁਪੋਸ਼ਣ ਆਦਿ।

ਕ੍ਰੈਸ਼ ਡਾਇਟਿੰਗ ਦੀ ਆਦਤ ਤੋਂ ਬਾਅਦ : ਇਕ ਵਾਰ ਕ੍ਰੈਸ਼ ਡਾਇਟਿੰਗ ਦੀ ਆਦਤ ਪੈ ਜਾਣ ਪਿੱਛੋਂ ਇਸ 'ਤੇ ਕਾਬੂ ਕਰਨ ਲਈ ਕਾਫੀ ਮਿਹਨਤ ਕਰਨੀ ਪੈ ਸਕਦੀ ਹੈ। ਅਸਾਨੀ ਨਾਲ ਡਾਇਟਿੰਗ ਬੰਦ ਕਰਕੇ ਸਧਾਰਨ ਖੁਰਾਕ ਲੈਣੀ ਸ਼ੁਰੂ ਕਰਨਾ ਸੰਭਵ ਨਹੀਂ ਹੋ ਸਕਦਾ। ਭਾਰ ਘਟਾਉਣ ਨੂੰ ਜੀਵਨ ਸ਼ੈਲੀ 'ਚ ਤਬਦੀਲੀ ਸਮਝੋ, ਨਾ ਕਿ ਖੁਰਾਕ 'ਚ ਤਬਦੀਲੀ ਕਿਉਂਕਿ ਕੋਈ ਵੀ ਸਾਰੀ ਜ਼ਿੰਦਗੀ ਤਾਂ ਡਾਇਟਿੰਗ ਨਹੀਂ ਕਰ ਸਕਦਾ।

ਸਹੀ ਖੁਰਾਕ ਯੋਜਨਾ ਉਸ ਨੂੰ ਕਹਾਂਗੇ, ਜਦੋਂ 6 ਦਿਨਾਂ ਤੱਕ ਤੁਸੀਂ ਸੰਤੁਲਿਤ ਭੋਜਨ ਖਾਓ ਅਤੇ ਇਕ ਦਿਨ ਤੁਸੀਂ ਜੋ ਚਾਹੇ ਖਾਓ। ਹੌਲੀ-ਹੌਲੀ ਇਸ ਤਰ੍ਹਾਂ ਤਬਦੀਲੀ ਲਿਆਓ, ਜਿਨ੍ਹਾਂ ਨੂੰ ਤੁਸੀਂ ਸੰਭਾਲ ਸਕੋ। ਆਪਣੀ ਸਿਹਤ ਨੂੰ ਸੁਧਾਰਨ ਲਈ ਤੁਹਾਨੂੰ ਪ੍ਰੈਕਟੀਕਲ ਟੀਚਾ ਮਿੱਥਣਾ ਚਾਹੀਦੈ।

ਸਰੀਰ ਨੂੰ ਤੰਦਰੁਸਤ ਰੱਖਣ ਲਈ ਤੈਅ ਮਾਤਰਾ 'ਚ ਕੈਲੋਰੀਜ਼ ਅਤੇ ਪੋਸ਼ਣ ਦੀ ਲੋੜ ਹੁੰਦੀ ਹੈ। ਇਸ ਤੋਂ ਬਿਨਾਂ ਸਰੀਰ ਨੂੰ ਨੁਕਸਾਨ ਹੋਵੇਗਾ। ਤੰਦਰਸਤ ਰਹਿਣ ਅਤੇ ਭਾਰ 'ਤੇ ਕੰਟਰੋਲ ਲਈ ਤੁਹਾਨੂੰ ਆਪਣੀ ਸਾਰੀ ਜੀਵਨ ਸ਼ੈਲੀ 'ਚ ਤਬਦੀਲੀ ਕਰਨ ਦੀ ਲੋੜ ਹੈ, ਜਿਸ 'ਚ ਸੰਤੁਲਿਤ ਖੁਰਾਕ, ਕਸਰਤ ਅਤੇ ਚੰਗੀਆਂ ਆਦਤਾਂ ਦੀ ਪਾਲਣਾ ਸ਼ਾਮਲ ਹੋਣੀ ਚਾਹੀਦੀ ਹੈ।

ਮਹੱਤਵਪੂਰਨ ਟਿਪਸ

ਸਾਰੇ ਦਿਨ ਦੌਰਾਨ ਥੋੜ੍ਹਾ-ਥੋੜ੍ਹਾ ਕਰਕੇ 5 ਤੋਂ 6 ਵਾਰ ਖਾਓ। ਇਕ ਸਮੇਂ 'ਤੇ ਸਰੀਰ ਨੂੰ ਥੋੜ੍ਹੀ ਊਰਾ ਦੀ ਲੋੜ ਹੁੰਦੀ ਹੈ। ਇਕੋ ਵੇਲੇ ਜ਼ਿਆਦਾ ਖਾਣ ਨਾਲ ਸਰੀਰ ਦੇ ਪਾਚਣ ਤੰਤਰ 'ਤੇ ਦਬਾਅ ਪੈਂਦਾ ਹੈ।

ਪੋਸ਼ਣ ਭਰਪੂਰ ਹਲਕਾ ਭੋਜਨ ਖਾਓ, ਇਸ ਦੇ ਲਈ ਨਿਊਟ੍ਰੀਸ਼ਨਿਸਟ ਦੀ ਸਲਾਹ ਲਓ ਅਤੇ ਨਾਕਾਰਾਤਮਕ ਵਿਚਾਰਾਂ 'ਤੇ ਕਾਬੂ ਕਰੋ। ਸ਼ੀਸ਼ੇ 'ਚ ਦੇਖਦਿਆਂ ਅਤੇ ਸਰੀਰ ਦੀਆਂ ਖੂਬੀਆਂ 'ਤੇ ਗੌਰ ਕਰੋ ਨਾ ਕਿ ਕਮੀਆਂ 'ਤੇ।



# ਚੰਗੀ ਸਿਹਤ ਦੀ ਲੋੜ ਹੈ ਸੋਇਆਬੀਨ



ਸਾਡੇ ਖਾਣ-ਪੀਣ ਨਾਲ ਸਾਡੀ ਸਿਹਤ ਪ੍ਰਭਾਵਿਤ ਹੁੰਦੀ ਹੈ। ਗਲਤ ਖਾਣ-ਪੀਣ ਕਾਰਨ ਪਿਛਲੇ ਕੁਝ ਸਮੇਂ 'ਚ ਦਿਲ ਦੇ ਰੋਗ, ਸ਼ੂਗਰ, ਕੈਂਸਰ ਆਦਿ ਰੋਗਾਂ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਵਧੀ ਹੈ। ਇਸ ਕਾਰਨ ਅੱਜ ਹਰ ਵਿਅਕਤੀ ਆਪਣੀ ਖੁਰਾਕ ਪ੍ਰਤੀ ਸੁਚੇਤ ਹੈ।

ਅਸੀਂ ਆਪਣੇ ਭੋਜਨ 'ਚ ਕੀ ਸ਼ਾਮਲ ਕਰੀਏ, ਕੀ ਨਾ, ਇਸ ਬਾਰੇ ਲੋਕਾਂ 'ਚ ਜਿਗਿਆਸ ਵੀ ਵਧੀ ਹੈ। ਵੱਖ-ਵੱਖ ਖੋਜਾਂ ਦੇ ਨਤੀਜੇ ਵਜੋਂ ਇਹ ਸਾਹਮਣੇ ਆਇਆ ਹੈ ਕਿ ਸੋਇਆਬੀਨ ਅਤੇ ਹੋਰ ਸੋਇਆ ਖਾਧ ਪਦਾਰਥਾਂ ਨੂੰ ਆਪਣੀ ਖੁਰਾਕ 'ਚ ਸ਼ਾਮਲ ਕਰਕੇ ਅਸੀਂ ਸਿਹਤ ਸਬੰਧੀ ਬਹੁਤ ਸਾਰੇ ਲਾਭ ਪ੍ਰਾਪਤ ਕਰ ਸਕਦੇ ਹਾਂ। ਸੋਇਆਬੀਨ ਸ਼ਾਕਾਹਾਰੀ ਖਾਧ ਪਦਾਰਥਾਂ 'ਚੋਂ ਸਭ ਤੋਂ ਵਧੇਰੇ ਪ੍ਰੋਟੀਨ ਭਰਪੂਰ ਪਦਾਰਥ ਹੈ। ਪ੍ਰੋਟੀਨ ਸਾਡੇ ਸਰੀਰ ਦੀ ਪਹਿਲੀ ਲੋੜ ਹੈ। ਇਹ ਸਰੀਰ 'ਚ ਵੱਖ-ਵੱਖ ਕਿਰਿਆਵਾਂ ਕਰਦਾ ਹੈ। ਸੋਇਆਬੀਨ ਕਾਰਬੋਹਾਈਡ੍ਰੇਟ, ਫਾਈਬਰ, ਵਿਟਾਮਿਨ, ਆਇਰਨ ਅਤੇ ਖਣਿਜ ਲੂਣਾਂ ਦੀ ਵੀ ਚੰਗਾ ਸਰੋਤ ਹੈ। ਵੱਖ-ਵੱਖ ਖੋਜਾਂ ਤੋਂ ਇਹ ਪਤਾ ਲੱਗਾ ਹੈ ਕਿ ਸੋਇਆ ਦਿਲ ਸਬੰਧੀ ਰੋਗਾਂ ਦੀ ਸੰਭਾਵਨਾ ਨੂੰ ਦੂਰ ਕਰਦਾ ਹੈ। ਜਿਹੜੇ ਦੇਸ਼ਾਂ 'ਚ ਸੋਇਆ ਦੀ ਬਹੁਤੀ ਵਰਤੋਂ ਕੀਤੀ ਜਾਂਦੀ ਹੈ, ਉਥੇ ਦਿਲ ਸਬੰਧੀ ਰੋਗੀਆਂ ਦੀ ਗਿਣਤੀ ਨਾਂਹ ਦੇ ਬਰਾਬਰ ਦੇਖੀ ਗਈ ਹੈ।

ਇਹੀ ਨਹੀਂ, ਕੋਲੈਸਟ੍ਰਾਲ ਦੇ ਪੱਧਰ 'ਚ 25 ਫੀਸਦੀ ਕਮੀ ਲਿਆਉਂਦੀ ਹੈ। ਸੋਇਆ ਖਾਧ ਪਦਾਰਥ ਕੋਲੈਸਟ੍ਰਾਲ ਰਹਿਤ ਹੁੰਦੇ ਹਨ। ਸੋਇਆ ਪ੍ਰੋਟੀਨ 'ਚ ਉਹ ਸਾਰੇ ਅਮੀਨੋ ਐਸਿਡ ਵੀ ਹੁੰਦੇ ਹਨ, ਜਿਨ੍ਹਾਂ ਦੀ ਸਾਡੇ ਸਰੀਰ ਨੂੰ ਲੋੜ ਹੁੰਦੀ ਹੈ। ਇਹ ਨੈਚੁਰਲ ਐਂਟੀ ਆਕਸੀਡੈਂਟ ਦਾ ਵਧੀਆ ਸ੍ਰੋਤ ਹੈ।

ਸੋਇਆਬੀਨ 'ਚ ਚੰਗੀ ਕਿਸਮ ਦੇ ਪ੍ਰੋਟੀਨ ਦੀ ਮਾਤਰਾ ਪਾਈ ਜਾਂਦੀ ਹੈ। ਮੀਟ ਅਤੇ ਡੇਅਰੀ ਉਤਪਾਦਾਂ 'ਚ ਵੀ ਪ੍ਰੋਟੀਨ ਦੀ ਵਧੀਆ ਮਾਤਰਾ ਪਾਈ ਜਾਂਦੀ ਹੈ ਪਰ ਉਹ ਕੋਲੈਸਟ੍ਰਾਲ ਅਤੇ ਚਿਕਨਾਈ ਨਾਲ ਭਰੇ ਹੁੰਦੇ ਹਨ ਅਤੇ ਕੋਲੈਸਟ੍ਰਾਲ ਤੇ ਚਿਕਨਾਈ ਦੀ ਵਰਤੋਂ ਸਿਹਤ ਲਈ ਲਾਭਦਾਇਕ ਨਹੀਂ। ਸੋਇਆ ਦੀ ਖਾਸੀਅਤ ਇਹੀ ਹੈ ਕਿ ਇਸ 'ਚ ਕੋਲੈਸਟ੍ਰਾਲ ਅਤੇ ਚਿਕਨਾਈ ਸਿਫਰ ਹੁੰਦੀ ਹੈ, ਇਸ ਲਈ ਇਹ ਕੋਈ ਅਸੰਤੁਲਨ ਪੈਦਾ ਨਹੀਂ ਕਰਦਾ।

ਇਸ ਤੋਂ ਇਲਾਵਾ ਸੋਇਆ 'ਚ ਫਾਇਟੋਕੈਮਿਕ ਕੰਪਾਊਂਡ ਆਈਸੋਫਲੇਵੋਨੋਇਡਸ ਦੀ ਵੀ ਖਾਸੀ ਮਾਤਰਾ ਪਾਈ ਜਾਂਦੀ ਹੇ। ਸੋਇਆ ਆਈਸੋਫਲੇਵੋਨਾਇਡਸ ਛਾਤੀ ਦੇ ਕੈਂਸਰ ਦੀ ਸੰਭਾਵਨਾ ਨੂੰ ਘੱਟ ਕਰਦੇ ਹਨ ਕਿਉਂਕਿ ਇਹ ਹਾਰਮੋਨ ਐਸਟ੍ਰੋਜਨ ਦੇ ਪੱਧਰ ਨੂੰ ਘੱਟ ਕਰਦਾ ਹੈ।

ਇਸ ਐਸਟ੍ਰੋਜਨ ਹਾਰਮੋਨ ਦਾ ਵਧੇਰੇ ਔਰਤਾਂ 'ਚ ਛਾਤੀਆਂ ਦੇ ਕੈਂਸਰ ਦਾ ਕਾਰਨ ਬਣਦਾ ਹੈ। ਇਕ ਖੋਜ ਮੁਤਾਬਿਕ ਸੋਇਆ ਦੀ ਵਰਤੋਂ ਛਾਤੀਆਂ ਦੇ ਕੈਂਸਰ ਦੀ ਸੰਭਾਵਨਾ ਨੂੰ 50 ਫੀਸਦੀ ਘੱਟ ਕਰਦੀ ਹੈ।

ਔਰਤਾਂ 'ਚ ਮੇਨੋਰਾਜ਼ ਵੇਲੇ ਬਹੁਤ ਸਾਰੇ ਅਸਧਾਰਨ ਲੱਛਣ ਜਿਵੇਂ ਪਸੀਨਾ ਵਧੇਰੇ ਆਉਣਾ ਆਦਿ 'ਚ ਵੀ ਸੋਇਆ ਦੀ ਵਰਤੋਂ ਨਾਲ ਲਾਭ ਮਿਲਦਾ ਹੈ। ਚੀਨ ਅਤੇ ਜਾਪਾਨ 'ਚ ਜਿੱਥੇ ਸੋਇਆ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ, ਉਥੋਂ ਦੀਆਂ ਔਰਤਾਂ ਨੂੰ ਮੇਨੋਪਾਜ਼ ਦੌਰਾਨ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਹੱਡੀਆਂ ਦੀ ਤੰਦਰੁਸਤੀ ਲਈ ਵੀ ਸੋਇਆ ਦੀ ਵਰਤੋਂ ਲਾਭਦਾਇਕ ਹੈ। ਸੋਇਆ ਪ੍ਰੋਟੀਨ ਖੂਨ 'ਚ ਸ਼ੂਗਰ ਦੇ ਪੱਧਰ ਨੂੰ ਵੀ ਕੰਟਰੋਲ ' ਰੱਖਦਾ ਹੈ, ਇਸ ਲਈ ਸ਼ੂਗਰ ਤੋਂ ਵੀ ਸੁਰੱਖਿਆ ਦਿੰਦਾ ਹੈ।

ਸੋਇਆਬੀਨ ਦੇ ਵੱਖ-ਵੱਖ ਉਤਪਾਦ ਬਾਜ਼ਾਰ 'ਚ ਮੌਜੂਦ ਹਨ। ਬੇਕਰੀ ਪਦਾਰਥਾਂ 'ਚ ਸੋਇਆਬੀਨ ਦੇ ਆਟੇ ਦੀ ਵਰਤੋਂ ਕੀਤੀ ਜਾਂਦੀ ਹੈ। ਸੋਇਆਬੀਨ ਦੁੱਧ, ਸੋਇਆਬੀਨ ਦਾ ਤੇਲ, ਨਿਊਟ੍ਰੀ ਨਗੇਟ, ਸੋਇਆ ਨਟਸ ਆਦਿ ਕਈ ਉਤਪਾਦ ਹਨ, ਜਿਨ੍ਹਾਂ ਦੀ ਵਰਤੋਂ ਨਾਲ ਪੌਸ਼ਟਿਕਤਾ ਮਿਲਦੀ ਹੈ। ਮਾਹਿਰਾਂ ਮੁਤਾਬਿਕ ਰੋਜ਼ਾਨਾ 25 ਗ੍ਰਾਮ ਸੋਇਆ ਪ੍ਰੋਟੀਨ ਦੀ ਮਾਤਰਾ ਦੀ ਵਰਤੋਂ ਸਿਹਤ ਲਈ ਚੰਗੀ ਹੁੰਦੀ ਹੈ।

– ਐਸ. ਮਲਹੋਤਰਾ

# ਸਮਰ ਹੈਲਥ ਕੇਅਰ ਟਿਪਸ



ਪਸੀਨੇ ਦੀ ਬਦਬੂ ਤੋਂ ਬਚਾਅ

☛ ਗਰਮੀਆਂ 'ਚ ਘੱਟੋ-ਘੱਟ ਦਿਨ 'ਚ ਦੋ ਵਾਰ ਇਸ਼ਨਾਨ ਕਰੋ।

☛ ਪਸੀਨੇ ਦੇ ਕੀਟਾਣੂ ਦੂਰ ਕਰਨ ਲਈ ਮੈਡੀਕੇਟਿਡ ਸਾਬਣ ਦੀ ਵਰਤੋਂ ਕਰੋ।

☛ ਨਹਾਉਣ ਪਿੱਛੋਂ ਤੋਲੀਏ ਨਾਲ ਸਰੀਰ ਨੂੰ ਚੰਗੀ ਤਰ੍ਹਾਂ ਸੁਕਾ ਕੇ ਵਧੀਆ ਜਿਹਾ ਟੈਲਕਮ ਪਾਊਡਰ ਪਾਓ ਜਾਂ ਡਿਓ ਲਗਾਓ।

☛ ਆਪਣੇ ਖਾਣ-ਪੀਣ ਤੇ ਸਾਫ-ਸਫਾਈ ਦਾ ਪੂਰਾ ਧਿਆਨ ਰੱਖੋ।

☛ ਵਾਲਾਂ 'ਚ ਪਸੀਨੇ ਨਾਲ ਗੰਦਗੀ ਅਤੇ ਜੂੰਆਂ ਦਾ ਵਾਸ ਹੁੰਦਾ ਹੈ, ਇਸ ਲਈ ਹਫ਼ਤੇ 'ਚ 3-4 ਵਾਰ ਵਾਲਾਂ 'ਚ ਸ਼ੈਂਪੂ ਜ਼ਰੂਰ ਲਗਾਓ। ਦਿਮਾਗ ਠੰਡਾ ਰੱਖਣ ਲਈ ਵਾਲਾਂ 'ਚ ਮਹਿੰਦੀ ਦਾ ਲੇਪ ਲਗਾਓ।

☛ ਨਹਾਉਣ ਤੋਂ ਪਹਿਲਾਂ ਪਾਣੀ ਦੀ ਬਾਲਟੀ 'ਚ ਗੁਲਾਬ ਜਲ, ਨਿੰਬੂ ਦਾ ਰਸ ਜਾਂ ਗੁਲਾਬ ਦੀਆਂ ਤਾਜ਼ਾ ਪੱਤੀਆਂ ਪਾਓ। ਨਹਾਉਣ ਪਿੱਛੋਂ ਤੁਸੀਂ ਖੁਦ ਨੂੰ ਸਾਰਾ ਦਿਨ ਤਰੋ-ਤਾਜ਼ਾ ਮਹਿਸੂਸ ਕਰੋਗੇ।

ਧੁੱਪ ਨਾਲ ਅੱਖਾਂ 'ਚ ਜਲਣ

☛ ਰੂੰ ਦੇ ਤੂੰਬੇ ਨੂੰ ਠੰਡੇ ਦੁੱਧ 'ਚ ਭਿਓਂ ਕੇ ਅੱਖਾਂ 'ਤੇ ਰੱਖੋ।

☛ ਦੁੱਧ ਦੀ ਠੰਡੀ ਮਲਾਈ ਦਾ ਅੱਖਾਂ 'ਤੇ ਲੇਪ ਕਰਨ ਨਾਲ ਠੰਡਕ ਮਿਲਦੀ ਹੈ।

☛ ਗੁਲਾਬ ਜਲ 'ਚ ਭਿੱਜੇ ਰੂੰ ਦੇ ਤੂੰਬੇ ਅੱਖਾਂ 'ਤੇ ਰੱਖੋ।

☛ ਠੰਡਕ ਵਾਲੀ ਥਾਂ 'ਤੇ ਥੋੜ੍ਹੀ ਦੇਰ ਅੱਖਾਂ ਬੰਦ ਕਰਕੇ ਲੇਟ ਜਾਓ ਅਤੇ ਬਰਫ ਦੇ ਪਾਣੀ ਦੀ ਪੱਟੀ ਮੱਥੇ ਦੇ ਨਾਲ-ਨਾਲ ਅੱਖਾਂ 'ਤੇ ਰੱਖੋ।

ਲੂ ਲੱਗਣ 'ਤੇ

☛ ਇਮਲੀ ਨੂੰ ਉਬਾਲ ਕੇ ਪੁਣ ਲਓ, ਉਸ 'ਚ ਲੋੜ ਮੁਤਾਬਿਕ ਖੰਡ, ਕਾਲੀ ਮਿਰਚ ਦਾ ਪਾਊਡਰ, ਭੁੰਨਿਆ ਜੀਰਾ ਪੀਸ ਕੇ ਪਾ ਕੇ ਚੱਮਚ ਨਾਲ ਚੰਗੀ ਤਰ੍ਹਾਂ ਘੋਲ ਲਓ, ਚਾਹੋ ਤਾਂ ਬਰਫ ਪਾ ਕੇ ਠੰਡਾ ਕਰ ਲਓ ਅਤੇ ਪੀਓ।

☛ ਕੱਚੇ ਅੰਬ ਦਾ ਪੰਨਾ ਪੀਓ, ਇਸ ਦੇ ਲਈ ਕੱਚੇ ਅੰਬ ਉਬਾਲ ਲਓ। ਛਿਲਕਾ ਲਾਹ ਕੇ ਗੁੱਦੇ 'ਚ ਠੰਡਾ ਪਾਣੀ, ਖੰਡ, ਪੁਦੀਨੇ ਦੇ ਪੱਤੇ, ਕਾਲਾ ਨਮਕ, ਪੀਸੀ ਕਾਲੀ ਮਿਰਚ ਪਾ ਕੇ ਮਿਕਸੀ 'ਚ ਬਲੈਂਡ ਕਰ ਲਓ ਅਤੇ ਪੀਓ। ਇਹ ਸੁਆ 'ਚ ਤਾਂ ਮਜ਼ੇਦਾਰ ਹੁੰਦਾ ਹੀ ਹੈ ਪਰ ਇਸ ਦੀ ਰੋਜ਼ਾਨਾ ਵਰਤੋਂ ਸਰੀਰ 'ਚੋਂ ਗਰਮੀ ਨੂੰ ਦੂਰ ਕਰਕੇ ਠੰਡਾ ਰੱਖਦੀ ਹੈ।

☛ ਪਿਆਜ਼ ਨੂੰ ਭੁੰਨ ਕੇ ਉਸ 'ਚ ਜੀਰੇ ਦਾ ਪਾਊਡਰ ਅਤੇ ਮਿਸ਼ਰੀ ਮਿਲਾ ਕੇ ਖਾਣ ਨਾਲ ਲੂ ਦੂਰ ਹੁੰਦੀ ਹੈ।

ਜਦੋਂ ਨੀਂਦ ਨਾ ਆਵੇ

☛ ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ 'ਚ ਬਰਫ ਪਾ ਕੇ ਠੰਡਾ ਦੁੱਧ ਪੀਓ।

☛ ਪੈਰਾਂ ਦੀਆਂ ਤਲੀਆਂ 'ਤੇ ਕੱਦੂ ਦਾ ਲੇਪ ਜਾਂ ਮਹਿੰਦੀ ਦਾ ਲੇਪ ਲਗਾਓ।

☛ ਸਰ੍ਹੋਂ ਦੇ ਤੇਲ ਨਾਲ ਪੈਰਾਂ ਦੀਆਂ ਤਲੀਆਂ ਦੀ ਮਾਲਸ਼ ਉਦੋਂ ਤੱਕ ਕਰੋ, ਜਦੋਂ ਤੱਕ ਤਲੀਆਂ 'ਚੋਂ ਸੇਕ ਨਾਲ ਨਿਕਲਣ ਲੱਗੇ।

☛ ਮਨ 'ਚੋਂ ਸਾਰੀਆਂ ਪ੍ਰੇਸ਼ਾਨੀਆਂ ਕੱਢ ਦਿਓ। ਸਿਰ 'ਚ ਕਿਸੇ ਵੀ ਆਯੁਰਵੈਦਿਕ ਤੇਲ ਨਾਲ ਮਾਲਿਸ਼ ਕਰੋ। ਬਾਜ਼ਾਰ 'ਚ ਕਈ ਤਰ੍ਹਾਂ ਦੇ ਤੇਲ ਮੌਜੂਦ ਹਨ, ਜੋ ਤੁਹਾਨੂੰ ਠੰਡਾ-ਠੰਡਾ ਕੂਲ-ਕੂਲ ਰੱਖਦੇ ਹਨ।

☛ ਕਮਰੇ ਦੀਆਂ ਸਾਰੀਆਂ ਲਾਈਟਾਂ ਆਫ਼ ਕਰ ਦਿਓ ਅਤੇ ਹੌਲੀ ਆਵਾਜ਼ 'ਚ ਆਪਣਾ ਮਨਪਸੰਦ ਮਿਊਜ਼ਿਕ ਸੁਣੋ। ਬਿਸਤਰੇ 'ਤੇ ਹਲਕੇ ਰੰਗ ਦੀ ਸਾਫ ਅਤੇ ਸੂਤੀ ਚਾਦਰ ਵਿਛਾ ਦਿਓ। ਚਾਹੋ ਤਾਂ ਆਪਣੀ ਪਸੰਦ ਦੀ ਮੈਗਜ਼ੀਨ ਪੜ੍ਹੋ। ਨੀਂਦ ਕਦੋਂ ਆਵੇਗੀ, ਪਤਾ ਹੀ ਨਹੀਂ ਲੱਗੇਗਾ।

ਡੀਹਾਈਡ੍ਰੇਸ਼ਨ ਹੋਣ 'ਤੇ

☛ ਸਾਰੇ ਦਿਨ 'ਚ ਖੂਬ ਸਾਰਾ ਪਾਣੀ ਪੀਓ ਤਾਂ ਕਿ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਣ।

☛ ਜਿੰਨਾ ਹੋ ਸਕੇ ਫਲਾਂ ਦਾ ਜੂਸ, ਨਿੰਬੂ ਦੀ ਸ਼ਿਕੰਜਵੀ, ਲੱਸੀ ਆਦਿ ਪੀਓ।

☛ ਸਲਾਦ ਨੂੰ ਭੋਜਣ ਦਾ ਅਹਿਮ ਹਿੱਸਾ ਬਣਾਓ ਅਤੇ ਖਾਣੇ 'ਚ ਘੱਟ ਨਮਕ ਵਰਤੋ।

☛ ਰੇਸ਼ੇਦਾਰ ਅਤੇ ਰਸ ਭਰੇ ਫਲ ਜਿਵੇਂ ਹਦਵਾਣਾ, ਖਰਬੂਜਾ, ਨਾਸ਼ਪਾਤੀ, ਅੰਗੂਰ ਆਦਿ ਖਾਓ।

☛ ਆਂਵਲਾ, ਚੰਦਨ, ਖਸਖਸ ਅਤੇ ਸਝੰਤੂ ਦਾ ਸ਼ਰਬਤ ਪੀਣ ਨਾਲ ਗਰਮੀਆਂ 'ਚ ਹੋਣ ਵਾਲੀ ਘਬਰਾਹਟ ਤੋਂ ਰਾਹਤ ਮਿਲਦੀ ਹੈ।

☛ ਬਹੁਤੀ ਦੇਰ ਤੱਕ ਧੁੱਪ 'ਚ ਨਾ ਰਹੋ, ਘਰੋਂ ਬਾਹਰ ਨਿਕਲਣ ਵੇਲੇ ਪਾਣੀ ਪੀ ਕੇ ਨਿਕਲੋ ਅਤੇ ਛੱਤਰੀ ਦੀ ਵਰਤੋਂ ਕਰੋ।

– ਸਰਿਤਾ

# ਵਿਟਾਮਿਨ- ਸੀ ਭਰਪੂਰ ਸੰਤਰਾ

ਰਸ ਭਰਪੂਰ ਸੰਤਰੇ 'ਚ ਉਹ ਸਾਰੇ ਜ਼ਰੂਰੀ ਪੌਸ਼ਟਿਕ ਤੱਤ ਪਾਏ ਜਾਂਦੇ ਹਨ, ਜੋ ਬਾਡੀ ਦੀ ਗ੍ਰੋਥ, ਡਿਵੈਲਪਮੈਂਟ ਅਤੇ ਸਿਹਤ ਲਈ ਜ਼ਰੂਰੀ ਹਨ। ਸੰਤਰੇ ਦੀਆਂ ਮੁੱਖ ਤੌਰ 'ਤੇ ਤਿੰਨ ਕਿਸਮਤਾਂ ਹੁੰਦੀਆਂ ਹਨ -ਖੱਟਾ, ਮਿੱਠਾ ਅਤੇ ਢਿੱਲੇ ਛਿਲਕੇ ਵਾਲਾ। ਖੱਟੇ ਸੰਤਰੇ ਦੀ ਵਰਤੋਂ ਜ਼ਿਆਦਾਤਰ ਕੈਂਡੀ ਜਾਂ ਕੁਕਿੰਗ 'ਚ ਕੀਤੀ ਜਾਂਦੀ ਹੈ, ਜਦਕਿ ਕੱਚਾ ਖਾਣ ਲਈ ਸਭ ਤੋਂ ਵਧੇਰੇ ਮਿੱਠੇ ਸੰਤਰੇ ਦੀ ਵਰਤੋਂ ਹੁੰਦੀ ਹੈ। ਢਿੱਲੇ ਛਿਲਕੇ ਵਾਲਾ ਸੰਤਰਾ ਆਸਾਨੀ ਨਾਲ ਛਿਲਿਆ ਜਾਂਦਾ ਹੈ। ਜਦੋਂ ਵੀ ਸੰਤਰਾ ਖਰੀਦੋ ਤਾਂ ਉਸ ਦੇ ਵੇਟ ਅਤੇ ਸਾਈਜ਼ ਦੀ ਤੁਲਨਾ ਕਰੋ। ਆਕਾਰ 'ਚ ਛੋਟਾ ਅਤੇ ਭਾਰ 'ਚ ਵਧੇਰੇ ਭਾਰਾ ਸੰਤਰਾ ਮਿੱਠਾ ਹੁੰਦਾ ਹੈ। ਜਦੋਂ ਵੀ ਆਰੇਂਜ ਭਾਵ ਸੰਤਰੇ ਦੀ ਗੱਲ ਆਉਂਦੀ ਹੈ ਤਾਂ ਸਭ ਤੋਂ ਪਹਿਲਾਂ ਉਸ 'ਚ ਪਾਏ ਜਾਣ ਵਾਲੇ ਵਿਟਾਮਿਨ-ਸੀ ਦਾ ਧਿਆਨ ਆਉਂਦਾ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਸੰਤਰੇ 'ਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ ਪਰ ਇਸ ਦੇ ਨਾਲ ਹੀ ਇਸ ਫਲ 'ਚ ਕਈ ਹੋਰ ਵੀ ਲਾਹਵੰਦ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਕਈ ਦੂਜੇ ਮਿਨਰਲਸ ਜਿਵੇਂ ਫੋਲਿਕ ਐਸਿਡ ਅਤੇ ਪੋਟਾਸ਼ੀਅਮ ਦਾ ਬਿਹਤਰੀਨ ਸਰੋਤ ਹੁੰਦਾ ਹੈ।

ਵਿਟਾਮਿਨ-ਸੀ : ਸੰਤਰਾ ਵਿਟਾਮਿਨ-ਸੀ ਦਾ ਅਹਿਮ ਸਰੋਤ ਹੈ। ਜੇਕਰ ਸੰਤਰੇ ਦਾ ਰਸ ਕੱਢਣ ਜਾਂ ਛਿੱਲਣ ਪਿੱਛੋਂ ਉਸ ਨੂੰ ਅੱਠ ਘੰਟਿਆਂ ਤੱਕ ਰੱਖ ਦਿੱਤਾ ਜਾਵੇ ਤਾਂ ਉਸ ਦਾ ਲੱਗਭਗ 20 ਫੀਸਦੀ ਵਿਟਾਮਿਨ ਨਸ਼ਟ ਹੋ ਜਾਂਦਾ ਹੈ।

ਦੂਜੇ ਵਿਟਾਮਿਨ ਅਤੇ ਮਿਨਰਲਸ : ਸੰਤਰੇ 'ਚ ਵਿਟਾਮਿਨ-ਬੀ ਅਤੇ ਏ ਵੀ ਪਾਇਆ ਜਾਂਦਾ ਹੈ। ਇਹ ਮਿਨਰਲਸ ਜਿਵੇਂ ਫਾਈਬਰ, ਪੋਟਾਸ਼ੀਅਮ, ਮੈਗਨੀਸ਼ੀਅਮ, ਕੈਲਸ਼ੀਅਮ ਅਤੇ ਫਾਸਫੋਰਸ ਦਾ ਬਿਹਤਰੀਨ ਸਰੋਤ ਹੈ।

ਰੁੱਖ 'ਤੇ ਨਹੀਂ ਪੱਕਦਾ : ਸੰਤਰਾ ਹੀ ਕੁਝ ਅਜਿਹੇ ਫਲਾਂ 'ਚੋਂ ਹੈ, ਜੋ ਰੁੱਖ 'ਤੇ ਲੱਗਾ ਰਹਿਣ ਦੇਣ ਨਾਲ ਪੱਕਦਾ ਨਹੀਂ।

ਮੁੱਖ ਫਸਲ : ਸੰਤਰਾ ਅਮੇਰਿਕਾ ਦੀਆਂ ਮੁੱਖ ਫਸਲਾਂ 'ਚ ਸ਼ਾਮਲ ਹੈ, ਜਦਕਿ ਪੂਰੀ ਦੁਨੀਆਂ ਦੇ ਮੁਕਾਬਲੇ ਬ੍ਰਾਜ਼ੀਲ 'ਚ ਸੰਤਰੇ ਦੀ ਸਭ ਤੋਂ ਵਧੇਰੇ ਪੈਦਾਵਾਰ ਹੁੰਦੀ ਹੈ।

ਇਤਿਹਾਸ : ਸਬੂਤ ਦੱਸਦੇ ਹਨ ਕਿ ਸੰਤਰੇ ਦੀ ਪੈਦਾਵਾਰ 2500 ਬੀ. ਸੀ. ਤੋਂ ਵੀ ਪਹਿਲਾਂ ਚੀਨ 'ਚ ਸ਼ੁਰੂ ਹੋਈ ਸੀ।

– ਸੁਮਨ ਰਾਣੀ

# ਯੋਗਾਪੈਥੀ ਰਾਹੀਂ ਪ੍ਰਾਪਤ ਕਰੋ ਸੁਡੌਲ ਸਰੀਰ



ਮਾਰਜਰੀ ਭਾਲ ਬਿੱਲੀ, ਜਿਸ ਤਰ੍ਹਾਂ ਬਿੱਲੀ ਆਕੜ ਭੰਨ ਕੇ ਆਪਣੀ ਸਾਰੀ ਥਕਾਵਟ ਲਾਹੁੰਦਿਆਂ ਤਰੋ-ਤਾਜ਼ਾ ਮਹਿਸੂਸ ਕਰਦੀ ਹੈ, ਬਿਲਕੁਲ ਉਸੇ ਤਰ੍ਹਾਂ ਤੁਸੀਂ ਵੀ ਮਾਰਜਰੀ-ਆਸਣ ਦੇ ਅਭਿਆਸ ਨਾਲ ਨਾ ਸਿਰਫ ਤਰੋ-ਤਾਜ਼ਾ ਮਹਿਸੂਸ ਕਰੋਗੇ, ਸਗੋਂ ਸਰੀਰ ਦੀ ਥਕਾਵਟ ਅਤੇ ਦਰਦਾਂ ਤੋਂ ਵੀ ਮੁਕਤੀ ਪ੍ਰਾਪਤ ਕਰੋਗੇ ਅਤੇ ਖੁਦ ਨੂੰ ਹਰ ਵੇਲੇ ਤੰਦਰੁਸਤ ਮਹਿਸੂਸ ਕਰੋਗੇ।

ਵਿਧੀ : ਜ਼ਮੀਨ 'ਤੇ ਯੋਗਾ ਮੈਟ ਵਿਛਾ ਕੇ ਗੋਡਿਆਂ ਪਰਨੇ ਖੜ੍ਹੇ ਹੋ ਕੇ ਸਰੀਰ ਦਾ ਉਪਰਲਾ ਹਿੱਸਾ ਅੱਗੇ ਵੱਲ ਝੁਕਾਓ ਅਤੇ ਹੱਥਾਂ ਦੀਆਂ ਮੁੱਠੀਆਂਬਣਾ ਕੇ ਉਂਗਲੀਆਂ ਦੀਆਂ ਗੰਢਾਂ ਨੂੰ ਜ਼ਮੀਨ ਨਾਲ ਸਪਰਸ਼ ਕਰੋ।

ਇਹ ਆਸਣ ਦੋ ਹਿੱਸਿਆ 'ਚ ਵੰਡਿਆ ਹੋਇਆ ਹੈ।

ਪਹਿਲਾ ਹਿੱਸਾ : ਗਰਦਨ ਨੂੰ ਹੇਠਾਂ ਵੱਲ ਝੁਕਾਉਂਦਿਆਂ Chin ਨੂੰ ਗਲੇ ਦੇ Pit ਨਾਲ ਜੋੜੋ ਅਤੇ ਪੱਟਾਂ ਨੂੰ ਅੰਦਰ ਵੱਲ ਧੱਕੋ, ਅਜਿਹਾ ਕਰਨ ਨਾਲ ਤੁਹਾਡੀ ਪਿੱਠ 'ਚ ਇਕ ਮਹਿਰਾਬ ਦੀ ਸ਼ੇਪ ਬਣੇਗੀ।

ਦੂਜਾ ਹਿੱਸਾ : ਲੰਬਾ ਸਾਹ ਭਰੋ। ਆਕੜ ਭੰਨਦਿਆਂ ਗਰਦਨ ਉਪਰ ਵੱਲ ਅਤੇ ਪੱਟ ਬਾਹਰ ਵੱਲ ਧੱਕਦਿਆਂ ਜਿੰਨੀ ਦੇਰ ਸਾਹ ਰੋਕ ਸਕੋ, ਇਸ ਸਥਿਤੀ 'ਚ ਰਹੋ। ਅਜਿਹਾ ਕਰਨ ਵੇਲੇ ਤੁਹਾਡਾ ਰੀੜ੍ਹ ਅੰਦਰ ਵੱਨ ਮੁੜ ਜਾਵੇਗੀ ਅਤੇ ਇਕ ਕਰਵ ਬਣੇਗਾ।

ਫਿਰ ਸਾਹ ਛੱਡਦਿਆਂ ਵਾਪਸ ਪਹਿਲਾਂ ਵਾਲੀ ਅਵਸਥਾ 'ਚ ਆ ਜਾਓ, ਅਜਿਹਾ ਪੰਜ ਤੋਂ ਸੱਤ ਵਾਰ ਦੁਹਰਾਓ।

ਲਾਭ : (1) ਪਿੱਠ ਦਰਦ ਅਤੇ ਗਰਦਨ ਦਰਦ ਦੇ ਮਰੀਜ਼ਾਂ ਲਈ ਇਹ ਆਸਣ ਸੰਜੀਵਨੀ ਬੂਟੀ ਦਾ ਕੰਮ ਕਰਦਾ ਹੈ।

(2) ਬਾਂਹ ਦੇ ਉਪਰਲੇ ਹਿੱਸੇ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ।

(3) ਪੇਟ ਦੀਆਂ ਮਾਸਪੇਸ਼ੀਆਂ 'ਚ ਖਿਚਾਅ ਆਉਣ ਨਾਲ ਪੇਟ ਨੂੰ ਸਹੀ ਆਕਾਰ ਮਿਲਦਾ ਹੈ।

(4) ਸਰੀਰ ਨੂੰ ਚੁਸਤ-ਦਰੁਸਤ ਕਰਕੇ ਤੁਰੰਤ ਊਰਜਾ ਭਰ ਦਿੰਦਾ ਹੈ।

(5) ਕੋਮਲ ਸਰੀਰ ਦੇ ਚਾਹਵਾਨਾਂ ਲਈ ਇਹ ਆਸਣ ਇਕ ਵਰਦਾਨ ਹੈ।

ਸਾਵਧਾਨੀਆਂ : ਇਸ ਆਸਣ ਨੂੰ ਕਰਨ ਵੇਲੇ ਲੱਤਾਂ ਨੂੰ ਹਿੱਲਣ ਨਹੀਂ ਦੇਣਾ ਚਾਹੀਦਾ, ਸਿਰਫ ਗਰਦਨ ਦੀ ਮਦਦ ਨਾਲ ਹੀ ਪਹਿਲੇ ਅਤੇ ਦੂਜੇ ਹਿੱਸੇ ਦਾ ਅਭਿਆਸਸ ਕਰੋ।

ਖਾਸ ਕਰ : ਪਿੱਠ ਦਰਦ ਅਤੇ ਗਰਦਨ ਦਰਦ ਦੇ ਮਰੀਜ਼ਾਂ ਲਈ ਜੋ ਹਰ ਤਰ੍ਹਾਂ ਦਾ ਆਸਣ ਨਹੀਂ ਕਰ ਸਕਦੇ, ਇਸ ਆਸਣ ਅਭਿਆਸ ਨਾਲ ਦਰਦਾਂ ਤੋਂ ਮੁਕਤੀ ਦੇ ਨਾਲ-ਨਾਲ ਉਹ ਆਪਣੇ ਸਰੀਰ 'ਚ ਲਚਕੀਲਾ, ਸੁਡੌਲਤਾ ਅਤੇ ਸਹੀ ਆਕਾਰ ਵੀ ਪ੍ਰਾਪਤ ਕਰੋਗੇ।

ਨੋਟ : ਕਿਸੇ ਵੀ ਤਰ੍ਹਾਂ ਦੀ ਕਸਰਤ ਜਾਂ ਯੋਗ ਅਭਿਆਸ ਕਰਨ ਤੋਂ ਪਹਿਲਾਂ ਆਪਦੇ ਡਾਕਟਰ ਤੋਂ ਸਲਾਹ ਜ਼ਰੂਰ ਲਓ।

– ਯੋਗ ਥੈਰੇਪਿਸਟ ਅਨੁਪ੍ਰਿਯਾ

# 25 ਸਾਲਾਂ ਬਾਅਦ ਪਹਿਲੀ ਵਾਰੀ ਨਗਰ ਨਿਗਮ ਵਾਧੇ ਦਾ ਬਜਟ ਹੋਵੇਗਾ ਪੇਸ਼

## ਸ਼ਹਿਰ ਨੂੰ ਨਗੀਨਾ ਬਣਾਉਣ ਦਾ ਟੀਚਾ, ਬਿਨਾਂ ਕਰਪਸ਼ਨ ਵਿਕਾਸ ਹੀ ਮੇਰੀ ਪਹਿਲ : ਕੁੰਦਨ ਗੋਗੀਆ

**ਪਟਿਆਲਾ, 24 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਹੀ ਸ਼ਹਿਰ ਪਟਿਆਲਾ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਵਿਕਸਿਤ ਬਣਾਉਣ ਲਈ ਨਗਰ ਨਿਗਮ ਵੱਲੋਂ ਲਗਾਤਾਰ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਮੇਅਰ ਦੀ ਕੁਰਸੀ ਰਾਜਸੀ ਸ਼ਾਨ-ਸ਼ੌਕਤ ਲਈ ਨਹੀਂ, ਸਗੋਂ ਲੋਕਾਂ ਦੀ ਸੇਵਾ ਲਈ ਹੁੰਦੀ ਹੈ ਅਤੇ ਮੇਰਾ ਮਕਸਦ ਲੋਕਾਂ ਲਈ ਉਦਾਹਰਨ ਬਣ ਕੇ ਦਿਖਾਉਣਾ ਹੈ ਕਿ ਇਮਾਨਦਾਰੀ ਨਾਲ ਕੰਮ ਕਿਵੇਂ ਕੀਤਾ ਜਾਂਦਾ ਹੈ। ਇਹ ਗੱਲਬਾਤ ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਦੌਰਾਨ ਕੀਤੀ।

ਮੇਅਰ ਗੋਗੀਆ ਨੇ ਦੱਸਿਆ ਕਿ ਪਟਿਆਲਾ ਨੂੰ ਕੂੜਾ ਮੁਕਤ ਬਣਾਉਣ ਲਈ 52 ਕਰੋੜ ਰੁਪਏ ਦਾ ਟੈਂਡਰ ਲਗਾਇਆ ਗਿਆ ਹੈ। ਹੁਣ ਤਾਜ਼ਾ ਕੂੜਾ ਉਸੇ ਦਿਨ ਸੈਗਰੀਗੇਟ ਕਰਕੇ ਨਿਪਟਾਇਆ ਜਾਵੇਗਾ। 50 ਸਾਲ ਪੁਰਾਣੇ ਡੰਪ ਦਾ ਲਗਭਗ 50 ਫੀਸਦੀ ਹਿੱਸਾ ਪਹਿਲਾਂ ਹੀ ਖਤਮ ਕੀਤਾ ਜਾ ਚੁੱਕਾ ਹੈ ਅਤੇ ਉੱਥੇ ਗ੍ਰੀਨ ਏਰੀਆ ਵਿਕਸਿਤ ਕਰਨ ਦੀ ਯੋਜਨਾ ਹੈ।

ਮੇਅਰ ਗੋਗੀਆ ਨੇ ਕਿਹਾ ਕਿ ਇਸ ਵਾਰ ਹਾਊਸ ਮੀਟਿੰਗ ਵਿੱਚ 25 ਸਾਲਾਂ ਮਗਰੋਂ ਪਹਿਲੀ ਵਾਰੀ ਵਾਧੇ ਦਾ ਬਜਟ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁਲਾਜਮਾਂ ਦੀ ਨੇਕ ਨੀਤੀ ਅਤੇ ਸਹਿਯੋਗ ਸਦਕੇ ਬਿਲਡਿੰਗ, ਲੈਂਡ, ਟੈਕਸ ਅਤੇ ਵਾਟਰ ਸਪਲਾਈ ਸਮੇਤ ਸਾਰੀਆਂ ਬ੍ਰਾਂਚਾਂ ਨੇ ਟਾਰਗੇਟ ਤੋਂ ਵੱਧ ਕਲੈਕਸ਼ਨ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਗਲਤੀਆਂ



ਮਿਲੀਆਂ, ਉੱਥੇ ਸਖ਼ਤ ਕਾਰਵਾਈ ਕੀਤੀ ਗਈ। ਹੁਣ 10 ਲੱਖ ਤੋਂ ਵੱਧ ਦੇ ਸੜਕ ਪ੍ਰੋਜੈਕਟਾਂ ਦੀ ਥਰਡ ਪਾਰਟੀ ਜਾਂਚ ਹੋ ਰਹੀ ਹੈ। ਜਦ ਤੱਕ ਕੰਮ ਦੀ ਗੁਣਵੱਤਾ ਠੀਕ ਨਹੀਂ ਹੁੰਦੀ, ਠੇਕੇਦਾਰ ਨੂੰ ਭੁਗਤਾਨ ਨਹੀਂ ਕੀਤਾ ਜਾਂਦਾ।

ਉਨ੍ਹਾਂ ਕਿਹਾ ਕਿ ਡੈਰੀ ਫਾਰਮਾਂ ਨੂੰ ਸ਼ਹਿਰ ਤੋਂ ਬਾਹਰ ਲਿਜਾਣ ਲਈ ਜਗ੍ਹਾ ਅਤੇ ਬੁਨਿਆਦੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਨਾਲ ਸੜਕ ਹਾਦਸਿਆਂ ਵਿੱਚ ਕਮੀ ਆਈ ਹੈ। ਮੇਅਰ ਗੋਗੀਆ ਨੇ ਕਿਹਾ ਕਿ ਕਈ ਪਾਰਕ ਡਿਵੈਲਪ ਹੋ ਚੁੱਕੇ ਹਨ ਅਤੇ ਬਾਕੀਆਂ 'ਚ ਲਾਈਟਿੰਗ, ਟ੍ਰੈਕ, ਬੈਠਣ ਦੀ ਵਿਵਸਥਾ ਅਤੇ ਹਰਿਆਲੀ ਵਧਾਈ ਜਾ ਰਹੀ ਹੈ। ਵਿਰਾਸਤੀ ਥਾਵਾਂ ਨੂੰ ਸੰਭਾਲ ਕੇ ਰੱਖਣ ਲਈ ਵੀ ਖਾਸ ਯੋਜਨਾ ਤਿਆਰ ਕੀਤੀ ਗਈ ਹੈ।

ਉਨ੍ਹਾਂ ਵਿਸ਼ੇਸ਼ ਤੌਰ ਤੇ ਕਿਹਾ ਕਿ ਮੁਲਾਜਮਾਂ ਲਈ ਪਹਿਲੀ ਤਰੀਕ ਨੂੰ ਤਨਖਾਹ, ਪੀਐਫ, ਗ੍ਰੈਚੁਇਟੀ ਅਤੇ ਮੈਡੀਕਲ ਬਿਲਾਂ ਦੀ ਅਦਾਇਗੀ ਯਕੀਨੀ ਬਣਾਈ ਗਈ ਹੈ। ਕਰਮਚਾਰੀਆਂ ਦਾ ਮਨੋਬਲ ਵਧਾਉਣਾ ਵੀ ਸਾਡੀ ਤਰਜੀਹ ਹੈ। ਉਹਨਾਂ ਕਿਹਾ ਕਿ ਮੈਂ ਸਵੇਰੇ ਲੋਕਾਂ ਵਿਚਕਾਰ ਰਹਿੰਦਾ ਹਾਂ, ਬਿਨਾਂ ਗਨਮੈਨ ਅਤੇ ਬਿਨਾਂ ਵੀਆਈਪੀ ਕਲਚਰ ਦੇ ਲੋਕਾਂ ਨਾਲ ਸਿੱਧਾ ਸੰਪਰਕ ਰੱਖਦਾ ਹਾਂ।

ਅੰਤ ਵਿੱਚ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਮੇਰਾ ਟੀਚਾ ਪਟਿਆਲਾ ਨੂੰ ਐਸਾ ਸ਼ਹਿਰ ਬਣਾਉਣਾ ਹੈ ਜੋ ਸਾਫ਼-ਸੁਥਰਾ, ਹਰਾ-ਭਰਾ, ਸੁੰਦਰ ਅਤੇ ਵਿਕਸਿਤ ਹੋਵੇ। ਇਮਾਨਦਾਰੀ, ਪਾਰਦਰਸ਼ਤਾ ਅਤੇ ਲੋਕਾਂ ਦੀ ਭਲਾਈ ਹੀ ਮੇਰੀ ਨੀਤੀ ਹੈ। ਮੈਂ ਚਾਹੁੰਦਾ ਹਾਂ ਕਿ ਜਦੋਂ ਮੇਰਾ ਕਾਰਜਕਾਲ ਖਤਮ ਹੋਵੇ, ਤਾਂ ਲੋਕ ਕਹਿਣ ਕਿ ਇਸ ਦੌਰ ਵਿੱਚ ਪਟਿਆਲਾ ਨੇ ਨਵਾਂ ਰੂਪ ਧਾਰਿਆ। ਲੋਕਾਂ ਦੇ ਸਹਿਯੋਗ ਨਾਲ ਅਸੀਂ ਪਟਿਆਲਾ ਨੂੰ ਸੱਚਮੁੱਚ ਸ਼ਾਹੀ ਸ਼ਹਿਰ ਹੀ ਨਹੀਂ, ਸਗੋਂ ਵਿਕਾਸ ਦੀ ਮਿਸਾਲ ਬਣਾ ਕੇ ਪੇਸ਼ ਕਰੀਏ।

# ਮਾਡਲ ਸਕੂਲ ਵਿਖੇ ਡਾ. ਦਰਸ਼ਨ ਸਿੰਘ ਆਸ਼ਟ ਦਾ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਤੇ ਵਿਸੇਸ਼ ਭਾਸ਼ਣ



**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੀਨੀਅਰ ਸੈਕੰਡਰੀ ਮਾਡਲ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ, ਸਾਹਿਤ ਅਕਾਦਮੀ ਅਵਾਰਡੀ ਅਤੇ ਸਟੇਟ ਅਵਾਰਡੀ ਡਾ. ਦਰਸ਼ਨ ਸਿੰਘ ਆਸ਼ਟ ਦਾ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਸਮਾਗਮ ਦੇ ਆਰੰਭ ਵਿੱਚ ਸਕੂਲ ਇੰਚਾਰਜ ਸਤਵੀਰ ਸਿੰਘ ਗਿੱਲ ਨੇ ਡਾ. ਆਸ਼ਟ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਜੀ ਆਇਆਂ ਕਿਹਾ ।

ਇਸ ਮੌਕੇ ਵਿਸ਼ੇਸ਼ ਭਾਸ਼ਣ ਦੌਰਾਨ ਡਾ. ਦਰਸ਼ਨ ਸਿੰਘ ਆਸ਼ਟ ਨੇ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਇਤਿਹਾਸ, ਵਰਤਮਾਨ ਅਤੇ ਇਸ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵਿਸਤਾਰ ਪੂਰਵਕ ਚਾਨਣਾ ਪਾਉਂਦੇ ਹੋਏ ਕਿਹਾ ਕਿ ਪੰਜਾਬ ਸੂਬੇ ਦਾ ਸ਼ਾਨਾ-ਮੱਤਾ ਇਤਿਹਾਸ ਰਿਹਾ ਹੈ। ਇਸ ਦੀ ਆਪਣੀ ਮਾਂ ਬੋਲੀ, ਸੱਭਿਆਚਾਰ ਅਤੇ ਵਿਰਾਸਤ ਨੇ ਪੂਰੇ ਵਿਸ਼ਵ ਵਿੱਚ ਆਪਣੀ ਅਹਿਮ ਪਹਿਚਾਣ ਬਣਾਈ ਹੋਈ ਹੈ। ਉਹਨਾਂ ਕਿਹਾ ਕਿ ਜਿਹੜੀਆਂ ਕੌਮਾਂ ਆਪਣੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਤੋਂ ਮੂੰਹ ਮੋੜ ਲੈਂਦੀਆਂ ਹਨ, ਉਹਨਾਂ ਦਾ ਭਵਿੱਖ ਬਹੁਤਾ ਸ਼ਾਨਦਾਰ ਨਹੀਂ ਹੁੰਦਾ। ਉਹਨਾਂ ਕਿਹਾ ਕਿ ਵਰਤਮਾਨ ਸਮਾਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਸਾਨੂੰ ਆਪਣੀ ਮਾਂ ਬੋਲੀ ਦੇ ਮਹੱਤਵ ਨੂੰ ਸਮਝਦੇ ਹੋਏ ਇਸਦੇ ਵਿਕਾਸ ਲਈ ਹਰ ਪੱਖੋ ਯੋਗਦਾਨ ਪਾਉਂਦੇ ਰਹਿਣਾ ਚਾਹੀਦਾ ਹੈ। ਉਹਨਾਂ ਨੇ ਵਿਦਿਆਰਥੀਆਂ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਸਬੰਧੀ ਕੁਝ ਸਵਾਲ ਵੀ ਕੀਤੇ ਜਿਨ੍ਹਾਂ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਉੱਤਰ ਦਿੱਤੇ। ਇਸ ਮੌਕੇ ਵਿਦਿਅਰਥੀ ਖੁਸ਼ਮਨਪ੍ਰੀ ਕੌਰ, ਨੂਰਵਿੰਦਰ ਕੌਰ, ਅੰਸ਼ ਅਤੇ ਮਨਕਿਰਤ ਕੌਰ ਵੱਲੋਂ ਪੰਜਾਬੀ ਕਵਿਤਾਵਾਂ ਅਤੇ ਭਾਸ਼ਣ ਦਿੱਤੇ ਗਏ। ਪੰਜਾਬ ਸਰਕਾਰ ਵੱਲੋਂ ਚਲਾਏ ਪੰਜਾਬੀ ਉਲੰਪਿਆਡ-2025 ਮੁਕਾਬਿਲਆਂ ਵਿੱਚ ਸ਼ਾਮਿਲ ਸਕੂਲ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਰਵਿੰਦਰ ਕੌਰ ਸਿੱਧੂ ਸਮਾਜ ਸੇਵਿਕਾ ਨੇ ਵੀ ਵਿਦਿਆਰਥੀਆਂ ਨੂੰ ਮਾਂ ਬੋਲੀ ਤੇ ਭਾਸ਼ਣ ਦਿੱਤਾ। ਇਸ ਮੌਕੇ ਸਕੂਲ ਦੀ ਅਧਿਆਪਕਾ ਸ੍ਰੀਮਤੀ ਗੁਰਪ੍ਰੀਤ ਕੌਰ ਮੱਲ੍ਹੀ ਵੱਲੋਂ ਪ੍ਰਸਿੱਧ ਪੰਜਾਬੀ ਕਵੀਆਂ ਦੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ।ਇਸ ਮੌਕੇ ਸਕੂਲ ਇੰਚਾਰਜ ਸਤਵੀਰ ਸਿੰਘ ਗਿੱਲ ਨੇ ਕਿਹਾ ਕਿ ਨਵੀਂ ਪੀੜ੍ਹੀ ਨੂੰ ਹਮੇਸ਼ਾ ਆਪਣੀ ਮਾਤ ਭਾਸ਼ਾ ਅਤੇ ਵਿਰਾਸਤ ਪ੍ਰਤੀ ਸਜਗ ਰਹਿਣ ਦੀ ਜ਼ਰੂਰਤ ਹੈ। ਇਸ ਮੌਕੇ ਇੰਚਾਰਜ ਸਕੂਲ ਅਤੇ ਸਟਾਫ ਵੱਲੋਂ ਡਾ. ਦਰਸ਼ਨ ਸਿੰਘ ਆਸ਼ਟ ਦਾ ਵਿਸ਼ੇਸ਼ ਸਨਮਾਨ ਵੀ ਕੀਤਾ । ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਰਿਹਾ ।

# ਕੁਦਰਤੀ ਸੁੰਦਰਤਾ ਅਤੇ ਸਾਫ਼-ਸੁਥਰੇ ਵਾਤਾਵਰਣ ਲਈ ਵੀਰ ਹਕੀਕਤ ਰਾਏ ਸਕੂਲ ਦਾ ਸਨਮਾਨ



**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵੀਰ ਹਕੀਕਤ ਰਾਏ ਸਕੂਲ ਪਟਿਆਲਾ ਆਪਣੇ ਹਰਿਆਲੇ, ਸਾਫ਼ ਅਤੇ ਕੁਦਰਤੀ ਵਾਤਾਵਰਣ ਕਰਕੇ ਇਲਾਕੇ ਵਿੱਚ ਇੱਕ ਵੱਖਰੀ ਪਛਾਣ ਬਣਾਉਂਦਾ ਜਾ ਰਿਹਾ ਹੈ। ਸਕੂਲ ਪ੍ਰਬੰਧਨ ਵੱਲੋਂ ਪਰਿਆਵਰਨ ਸੰਰੱਖਣ ਦੀ ਦਿਸ਼ਾ ਵਿੱਚ ਕੀਤੇ ਗਏ ਯਤਨ ਇਸ ਸਿੱਖਿਆ ਸੰਸਥਾਨ ਨੂੰ ਇਕ ਆਦਰਸ਼ ਸਕੂਲ ਦੇ ਰੂਪ ਵਿੱਚ ਪੇਸ਼ ਕਰਦੇ ਹਨ।

ਸਕੂਲ ਪ੍ਰੰਗਣ ਵਿੱਚ ਕਦੰਬ, ਆਂਵਲਾ, ਨੀਮ, ਪੀਪਲ, ਅਸ਼ੋਕਾ, ਬੇਲਪੱਤਰ, ਰੁਦ੍ਰਾਖਸ਼, ਅਰਜੁਨ, ਜਾਮੁਨ, ਸਾਗਵਾਨ ਵਰਗੇ ਛਾਂ ਅਤੇ ਔਸ਼ਧੀ ਗੁਣਾਂ ਵਾਲੇ ਦਰੱਖ਼ਤਾਂ ਦੇ ਨਾਲ ਨਾਲ ਮੋਰਪੰਖੀ, ਚਾਂਦਨੀ, ਹਿਬਿਸਕਸ, ਵੱਖ-ਵੱਖ ਕਿਸਮਾਂ ਦੇ ਪਾਮ ਅਤੇ ਹੋਰ ਸਜਾਵਟੀ ਬੂਟੇ ਲਗਾਏ ਗਏ ਹਨ। ਇਸ ਤੋਂ ਇਲਾਵਾ ਸਕੂਲ ਵਿੱਚ ਲਗਭਗ 400 ਗਮਲਿਆਂ ਵਿੱਚ ਵੀ ਅਨੇਕਾਂ ਕਿਸਮਾਂ ਦੇ ਫੁੱਲ-ਪੌਦੇ ਸਜਾਏ ਹੋਏ ਹਨ, ਜੋ ਸਕੂਲ ਦੀ ਸੁੰਦਰਤਾ ਨੂੰ ਹੋਰ ਨਿਖਾਰਦੇ ਹਨ।

ਸਕੂਲ ਦਾ ਹਰਿਆਲਾ ਮੈਦਾਨ, ਸੁੱਚੀ ਹਵਾ ਅਤੇ ਸ਼ਾਂਤ ਮਾਹੌਲ ਵਿਦਿਆਰਥੀਆਂ ਨੂੰ ਸਿਰਫ਼ ਸਰੀਰਕ ਤੌਰ 'ਤੇ ਸਿਰਫ ਤੰਦਰੁਸਤ ਹੀ ਨਹੀਂ ਰੱਖਦਾ, ਸਗੋਂ ਉਨ੍ਹਾਂ ਵਿੱਚ ਕੁਦਰਤ ਪ੍ਰਤੀ ਸਨਮਾਨ, ਜ਼ਿੰਮੇਵਾਰੀ ਅਤੇ ਜਾਗਰੂਕਤਾ ਵੀ ਪੈਦਾ ਕਰਦਾ ਹੈ।

ਸਕੂਲ ਦੇ ਇਨ੍ਹਾਂ ਸਰਾਹਣਯੋਗ ਯਤਨਾਂ ਤੋਂ ਪ੍ਰਭਾਵਿਤ ਹੋ ਕੇ ਸੀਨੀਅਰ ਐਡਵੋਕੇਟ ਅਤੇ ਰੋਟਰੀ ਕਲੱਬ ਪਟਿਆਲਾ ਦੇ ਪ੍ਰਧਾਨ ਨੇ ਸਕੂਲ ਦਾ ਵਿਸ਼ੇਸ਼ ਦੌਰਾ ਕੀਤਾ। ਉਨ੍ਹਾਂ ਨੇ ਸਕੂਲ ਪ੍ਰੰਗਣ ਦੀ ਹਰਿਆਵਲੀ ਤੇ ਪਰਿਆਵਰਨ ਸੁਰੱਖਿਆ ਪ੍ਰਤੀ ਸਮਰਪਣ ਅਤੇ ਸਕਾਰਾਤਮਕ ਸਿੱਖਿਆਤਮਕ ਮਾਹੌਲ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਇਸ ਮੌਕੇ ਉਨ੍ਹਾਂ ਵੱਲੋਂ ਸਕੂਲ ਦੇ ਚੇਅਰਮੈਨ ਵਿਪਿਨ ਸ਼ਰਮਾ ਅਤੇ ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੂੰ ਪਰਿਆਵਰਨ ਸੰਰੱਖਣ ਅਤੇ ਹਰਿਆਲੀ ਵਧਾਉਣ ਲਈ ਕੀਤੀਆਂ ਪਹਿਲਕਦਮੀਆਂ ਦੇ ਸਨਮਾਨ ਵਜੋਂ ਟੋਕਨ ਆਫ ਐਪ੍ਰੀਸੀਏਸ਼ਨ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਸਕੂਲ ਪ੍ਰਬੰਧਨ ਨੇ ਇਸ ਸਨਮਾਨ ਲਈ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਸਕੂਲ ਪਰਿਆਵਰਨ ਸੰਰੱਖਣ, ਹਰਿਆਲੀ ਦੇ ਵਿਸਤਾਰ ਅਤੇ ਸਾਫ਼-ਸੁਥਰੇ ਵਾਤਾਵਰਣ ਨੂੰ ਬਣਾਈ ਰੱਖਣ ਲਈ ਲਗਾਤਾਰ ਯਤਨ ਕਰਦਾ ਰਹੇਗਾ, ਤਾਂ ਜੋ ਵਿਦਿਆਰਥੀਆਂ ਨੂੰ ਇੱਕ ਸਿਹਤਮੰਦ, ਸੁਰੱਖਿਅਤ ਅਤੇ ਪ੍ਰੇਰਣਾਦਾਇਕ ਸਿੱਖਿਆਤਮਕ ਮਾਹੌਲ ਪ੍ਰਦਾਨ ਕੀਤਾ ਜਾ ਸਕੇ। ਇਸ ਨਾਲ, ਨਾ ਸਿਰਫ ਵਿਦਿਆਰਥੀਆਂ ਦੀ ਸਿਹਤ ਚੰਗੀ ਰਹੇਗੀ, ਬਲਕਿ ਪੜ੍ਹਾਈ ਕਰਨ ਵਿਚ ਵੀ ਮਦਦ ਮਿਲੇਗੀ.

# ਜਨਮ ਦਿਨ, ਵਿਆਹ ਦੀ ਸਾਲਗਿਰਾ ਮਨਾਉਣ ਕੇਦਾਰ ਨਾਥ 'ਚ ਪੂਰਾ ਇੰਤਜਾਮ : ਸਤਨਾਮ ਹਸੀਜਾ



**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀਮਤੀ ਮਾਤਾ ਦੇਵੀ ਜੀ ਜ਼ੋ ਕਿ ਮੰਦਿਰ ਸ੍ਰੀ ਕੇਦਾਰ ਨਾਥ ਪਟਿਆਲਾ ਵਿਖੇ ਸਾਫ ਸਫਾਈ ਦਾ ਕੰਮ ਕਰਦੀ ਹੈ ਵੱਲੋਂ ਆਪਣੀ ਪੁੱਤਰੀ 5 ਸਾਲ ਦੀ ਬੱਚੀ ਸੁਮੇਰਾ ਦੇ ਜਨਮ ਦਿਨ ਮੌਕੇ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਪਟਿਆਲਾ ਵਿਖੇ ਕੜੀ ਚਾਵਲ ਦਾ ਰਾਸ਼ਨ ਸੁਧਾਰ ਸਭਾ ਦੇ ਮੈਂਬਰਾਂ ਵੱਲੋਂ ਲੰਗਰ ਲਈ ਲਿਆ ਕੇ ਦਿੱਤਾ।

ਸੁਧਾਰ ਸਭਾ ਦੇ ਸਾਰੇ ਮੈਂਬਰਾਂ ਵੱਲੋਂ ਲੰਗਰ ਬਣਾ ਕੇ ਮੰਦਿਰ ਵਿਖੇ ਪ੍ਰਸ਼ਾਦ ਲਗਾ ਕੇ ਵਰਤਾਇਆ ਗਿਆ। ਚੇਅਰਮੈਨ ਰਘਵੀਰ ਸਿੰਘ ਕਾਟੀ ਅਤੇ ਵਾਇਸ ਚੇਅਰਮੈਨ ਹਰੀ ਸਿੰਘ ਚੌਹਾਨ ਨੇ ਦੱਸਿਆ ਕਿ ਸੁਧਾਰ ਸਭਾ ਵੱਲੋਂ ਸਾਡੇ ਸਰਪ੍ਰਸਤ ਸਤਨਾਮ ਹਸੀਜਾ ਵਲੋਂ ਅਤੇ ਸਾਰੇ ਮੈਂਬਰਾਂ ਅਤੇ ਬੱਚਿਆਂ ਵੱਲੋਂ ਕੇਕ ਕੱਟਿਆ ਅਤੇ ਟੋਫੀਆਂ ਲਿਆ ਕੇ ਇਕੱਠੇ ਹੋਏ ਬੱਚਿਆਂ ਨੂੰ ਵਰਤਾਇਆ ਗਿਆ। ਇਸ ਮੌਕੇ ਮੰਦਿਰ ਦੇ ਪੰਡਿਤ ਅਜੇ ਜੀ ਨੇ ਸ਼ਲਾਘਾ ਕੀਤੀ ਅਤੇ ਬੱਚਿਆਂ ਨੂੰ ਟੋਫੀਆਂ ਵੀ ਵੰਡੀਆ। ਸੁਧਾਰ ਸਭਾ ਵਲੋਂ ਭਗਤਾਂ ਨੂੰ ਬੇਨਤੀ ਕੀਤੀ ਜਾਦੀ ਹੈ ਕਿ ਜਿਸ ਦਾ ਵੀ ਜਨਮਦਿਨ ਹੋਵੇ, ਵਿਆਹ ਦੀ ਸਾਲਗਿਰਾ ਹੋਵੇ ਉਹ ਸੰਪਰਕ ਕਰ ਸਕਦਾ ਹੈ ਸੁਧਾਰ ਸਭਾ ਵਲੋਂ ਲੰਗਰ ਬਣਾਉਣ ਅਤੇ ਵਰਤਾਉਣ ਦਾ ਸਾਰਾ ਪ੍ਰਬੰਧ ਹੈ।

# ਜੇ.ਈ.ਈ. ਮੇਨਜ਼ ਜਨਵਰੀ ਸੈਸ਼ਨ-1 ਦੀ ਪ੍ਰੀਖਿਆ ਵਿੱਚ ਪਟਿਆਲਾ ਜ਼ਿਲ੍ਹਾ ਪੂਰੇ ਪੰਜਾਬ ਵਿੱਚੋਂ ਮੋਹਰੀ ਬਣ ਕੇ ਉਭਰਿਆ

**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਦੂਰਦਰਸ਼ੀ ਸੋਚ ਸਦਕਾ ਜੇ.ਈ.ਈ. ਮੇਨਜ਼ ਜਨਵਰੀ ਸੈਸ਼ਨ-1 ਦੀ ਪ੍ਰੀਖਿਆ ਵਿੱਚ ਪਟਿਆਲਾ ਜ਼ਿਲ੍ਹਾ ਪੂਰੇ ਪੰਜਾਬ ਵਿੱਚੋਂ ਮੋਹਰੀ ਬਣ ਕੇ ਉਭਰਿਆ ਹੈ।

ਜਨਵਰੀ 2026 ਵਿੱਚ ਦੇਸ਼ ਭਰ ਵਿੱਚ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਲਏ ਗਏ ਜੇ.ਈ.ਈ. ਮੇਨਜ਼ ਇਮਤਿਹਾਨ ਵਿੱਚ ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ ਕੁੱਲ 51 ਵਿਦਿਆਰਥੀਆਂ ਨੇ ਕਾਮਯਾਬੀ ਹਾਸਲ ਕੀਤੀ। ਇਨ੍ਹਾਂ ਵਿੱਚ ਨੌਨ ਐਸ.ਓ.ਈ. ਸਕੂਲਾਂ ਦੇ 23, ਐਸ.ਓ.ਈ. (ਸਕੂਲ ਆਫ ਐਮੀਨੈਂਸ) ਸਕੂਲਾਂ ਦੇ 5 ਅਤੇ ਮੈਰੀਟੋਰੀਅਸ ਸਕੂਲਾਂ ਦੇ 23 ਵਿਦਿਆਰਥੀ ਸ਼ਾਮਲ ਹਨ।

ਗੌਰਤਲਬ ਹੈ ਕਿ ਪੂਰੇ ਪੰਜਾਬ ਵਿੱਚ ਨੌਨ ਐਸ.ਓ.ਈ. ਸਕੂਲਾਂ ਦੇ ਕੁੱਲ 99 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਕੁਆਲੀਫਾਈ ਕੀਤੀ, ਜਿਨ੍ਹਾਂ ਵਿੱਚੋਂ 23 ਵਿਦਿਆਰਥੀ ਸਿਰਫ਼ ਪਟਿਆਲਾ ਜ਼ਿਲ੍ਹੇ ਦੇ ਹਨ, ਜੋ ਜ਼ਿਲ੍ਹੇ ਦੀ ਸ਼ਾਨਦਾਰ ਅਕਾਦਮਿਕ ਪ੍ਰਗਤੀ ਨੂੰ ਦਰਸਾਉਂਦਾ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ





ਸਿੱਖਿਆ ਪਟਿਆਲਾ ਸੰਜੀਵ ਸ਼ਰਮਾ ਨੇ ਇਸ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਜ਼ਿਲ੍ਹੇ ਦੇ ਸਾਇੰਸ ਲੈਕਚਰਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀ ਅਗਲੀ ਉੱਚ ਪੱਧਰੀ ਪ੍ਰੀਖਿਆ ਜੇ.ਈ.ਈ. ਐਡਵਾਂਸਡ ਲਈ ਹੋਰ ਮਿਹਨਤ ਕਰਨ ਤਾਂ ਜੋ ਉੱਚ ਦਰਜੇ ਦੀਆਂ ਸੰਸਥਾਵਾਂ ਵਿੱਚ ਦਾਖਲਾ ਲਿਆ ਜਾ ਸਕੇ। ਜ਼ਿਲ੍ਹਾ ਉਪ ਸਿੱਖਿਆ ਅਫ਼ਸਰ ਡਾ. ਰਵਿੰਦਰਪਾਲ ਸਿੰਘ ਨੇ ਵੀ ਕੁਆਲੀਫਾਈ ਵਿਦਿਆਰਥੀਆਂ ਨੂੰ ਸੁਚੱਜੀ ਯੋਜਨਾ ਬਣਾ ਕੇ ਨਿਰੰਤਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਾਇੰਸ ਵਿਸ਼ੇ ਦੇ ਮੇਂਟਰ ਪ੍ਰਿੰਸੀਪਲ ਸੰਦੀਪ ਕੁਮਾਰ, ਪ੍ਰਿੰਸੀਪਲ ਮਨਦੀਪ ਕੌਰ ਅੰਟਾਲ, ਸੁਧੀਰ ਕੁਮਾਰ ਅਤੇ ਦੀਪਕ ਕੁਮਾਰ ਨੇ ਦੱਸਿਆ ਕਿ ਨੌਨ ਐਸ.ਓ.ਈ. ਸਕੂਲਾਂ ਦੇ ਵਿਦਿਆਰਥੀਆਂ ਦੀ ਤਿਆਰੀ ਸਾਥੀ ਟੀਮ ਵੱਲੋਂ ਆਨਲਾਈਨ ਮੋਡ ਰਾਹੀਂ ਸਕੂਲਾਂ ਵਿੱਚ ਹੀ ਸਾਇੰਸ ਲੈਕਚਰਾਰਾਂ ਦੀ ਹਾਜ਼ਰੀ ਵਿੱਚ ਕਰਵਾਈ ਗਈ। ਰੋਜ਼ਾਨਾ ਤਿੰਨ ਘੰਟਿਆਂ ਦੀਆਂ ਆਨਲਾਈਨ ਕਲਾਸਾਂ ਦੌਰਾਨ ਵਿਦਿਆਰਥੀਆਂ ਨੇ ਫਿਜ਼ਿਕਸ, ਕੈਮਿਸਟਰੀ, ਗਣਿਤ ਅਤੇ ਬਾਇਓਲੋਜੀ ਦੇ ਮੁਸ਼ਕਲ ਪ੍ਰਸ਼ਨ ਆਈ.ਆਈ.ਟੀ. ਕਾਨਪੁਰ ਦੀ ਫੈਕਲਟੀ ਦੀ ਮਦਦ ਨਾਲ ਹੱਲ ਕੀਤੇ।

ਜ਼ਿਲ੍ਹਾ ਨੋਡਲ ਲੈਕਚਰਾਰ ਦੌਲਤ ਰਾਮ ਨੇ ਦੱਸਿਆ ਕਿ ਪਿਛਲੇ ਸਾਲ ਪਟਿਆਲਾ ਜ਼ਿਲ੍ਹੇ ਦੇ 32 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਕੁਆਲੀਫਾਈ ਕੀਤੀ ਸੀ, ਜਿਨ੍ਹਾਂ ਵਿੱਚੋਂ ਨੌਨ ਐਸ.ਓ.ਈ. ਦੇ ਸਿਰਫ਼ 9 ਵਿਦਿਆਰਥੀ ਸਨ, ਜਦਕਿ ਇਸ ਸਾਲ ਇਹ ਗਿਣਤੀ ਵੱਧ ਕੇ 23 ਹੋ ਗਈ ਹੈ, ਜੋ ਕਿ ਪਿਛਲੇ ਸਾਲ ਨਾਲੋਂ ਲਗਭਗ ਢਾਈ ਗੁਣਾ ਵਾਧਾ ਹੈ।

ਇਹ ਸ਼ਾਨਦਾਰ ਸਫਲਤਾ ਅਸਿਸਟੈਂਟ ਡਾਇਰੈਕਟਰ ਮੈਡਮ ਜਸਵਿੰਦਰ ਕੌਰ ਦੀ ਯੋਗ ਅਗਵਾਈ ਅਤੇ ਜ਼ਿਲ੍ਹਾ ਸਾਥੀ ਟੀਮ ਦੀ ਇਕਜੁਟਤਾ ਦਾ ਨਤੀਜਾ ਹੈ, ਜਿਸ ਦੇ ਸਦਕਾ ਪਟਿਆਲਾ ਜ਼ਿਲ੍ਹਾ ਲਗਾਤਾਰ ਦੂਜੀ ਵਾਰ ਜੇ.ਈ.ਈ. ਮੇਨਜ਼ ਪ੍ਰੀਖਿਆ ਵਿੱਚ ਪੰਜਾਬ ਭਰ ਵਿੱਚ ਮੋਹਰੀ ਰਿਹਾ ਹੈ।

# ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦੀਆਂ ਸਨਮਾਨ ਸਹੂਲਤਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਕਰੇ ਪੰਜਾਬ ਸਰਕਾਰ: ਧਾਲੀਵਾਲ

**ਪਟਿਆਲਾ, 24 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਆਜ਼ਾਦੀ ਲਈ ਅਹਿਮ ਯੋਗਦਾਨ ਪਾਉਣ ਵਾਲੇ ਮਹਾਨ ਦੇਸ਼ ਭਗਤਾਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਸਨਮਾਨ ਸਹੂਲਤਾਂ ਨੂੰ ਲਾਗੂ ਕਰਨ ਸਬੰਧੀ ਲਿਖਤੀ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ 234 ਦੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਦੇ ਸਹਿਯੋਗ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ਤੇ ਜਥੇਬੰਦੀ ਦੇ ਪੰਜ ਮੈਂਬਰੀ ਵਫ਼ਦ ਵਲੋਂ ਪੈਨਲ ਮੀਟਿੰਗ ਕੀਤੀ ਗਈ ਸੀ।ਜਿਸ ਵਿੱਚ ਮੁੱਖ ਮੰਤਰੀ ਦੇ ਸੰਯੁਕਤ ਸਕੱਤਰ ਨਵਰਾਜ ਸਿੰਘ ਬਰਾੜ ਅਤੇ ਫਰੀਡਮ ਫਾਈਟਰ ਵਿਭਾਗ ਦੇ ਸਕੱਤਰ ਰਾਜਪਾਲ ਨੇ ਫਰੀਡਮ ਫਾਈਟਰ ਪਰਿਵਾਰਾਂ ਦੀਆਂ ਸਨਮਾਨ ਸਹੂਲਤਾਂ ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਸੀ।ਸੂਬਾ ਜਨਰਲ ਸਕੱਤਰ ਧਾਲੀਵਾਲ ਨੇ ਪੰਜਾਬ ਸਰਕਾਰ ਨੂੰ ਯਾਦ ਦਿਵਾਇਆ ਕਿ ਸਰਕਾਰ ਦੇ ਨੁਮਾਇੰਦਿਆਂ ਵਲੋਂ ਇਕ ਮਹੀਨੇ ਦੇ



ਅੰਦਰ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀਆਂ ਸਨਮਾਨ ਸਹੂਲਤਾਂ ਨੂੰ ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਦਾ ਵਾਅਦਾ ਕੀਤਾ ਸੀ, ਜਿਸ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ। ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਨੇ ਸੂਬੇ ਦੇ ਵੱਖ ਵੱਖ ਜ਼ਿਲਿਆਂ ਵਿੱਚ ਰਹਿੰਦੇ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਆਪਣੇ ਆਪਣੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀਆਂ ਸਨਮਾਨ ਸਹੂਲਤਾਂ ਜਿਨਾ ਵਿੱਚ ਚੋਥੀ ਪੀੜ੍ਹੀ ਨੂੰ ਕਾਨੂੰਨੀ ਵਾਰਿਸਾਂ ਵਿੱਚ ਸ਼ਾਮਲ ਕਰਨਾ, ਪ੍ਰਮੋਸ਼ਨ ਚੈਨਲ ਬਣਾਉਣ, ਪੈਨਸ਼ਨ ਸਕੀਮ, ਯੋਗਤਾ ਅਨੁਸਾਰ ਨੌਕਰੀਆਂ ਪ੍ਰਦਾਨ ਕਰਨ, ਸੁਤੰਤਰਤਾ ਸੰਗਰਾਮੀ ਭਲਾਈ ਬੋਰਡ ਸਥਾਪਤ ਕਰਨ, ਸਰਕਾਰੀ ਦਫ਼ਤਰਾਂ ਵਿੱਚ ਮਾਣ ਸਨਮਾਨ ਲਾਗੂ ਕਰਵਾਉਣ ਆਦਿ ਮੰਗਾਂ ਸਰਕਾਰ ਨੂੰ ਭੇਜੀਆਂ ਜਾਣ। ਸੂਬਾ ਜਥੇਬੰਦੀ ਨੇ ਜਲਦ ਨੋਟੀਫਿਕੇਸ਼ਨ ਜਾਰੀ ਨਾ ਹੋਣ ਦੀ ਸੂਰਤ ਵਿੱਚ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਦੀ ਚੇਤਾਵਨੀ ਦਿੱਤੀ। ਅੱਜ ਦੀ ਮੀਟਿੰਗ ਦੌਰਾਨ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ, ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਅਮਰਪ੍ਰੀਤ ਬੋਬੀ, ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਨਵਤੇਜ ਸਿੰਘ ਭੱਠਲ,ਰਾਜ ਕੁਮਾਰ ਡਕਾਲਾ,ਗੁਰਇਕਬਾਲ ਸਿੰਘ ਸੰਧੂ, ਸਤਪਾਲ ਕੌਰ ਸੋਹੀ ਜ਼ੀਰਕਪੁਰ, ਕਮਲਦੀਪ ਸਿੰਘ ਗਿੱਲ ਦਫ਼ਤਰ ਇੰਚਾਰਜ, ਐਡਵੋਕੇਟ ਵਰਿੰਦਰ ਦੀਵਾਨ ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਦੇ ਆਗੂ ਸ਼ਾਮਲ ਹੋਏ।

# ਜਬਰ-ਜਨਾਹ ਸਬੰਧੀ ਦੋ ਸਕੇ ਭਰਾਵਾਂ ਖ਼ਿਲਾਫ਼ ਜ਼ੀਰੋ ਐਫ.ਆਈ.ਆਰ.ਦਰਜ

**ਸਮਾਣਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਘੁੰਮਣ-ਫਿਰਨ ਦੌਰਾਨ ਸੰਪਰਕ ਵਿੱਚ ਆਏ ਇੱਕ ਨੌਜਵਾਨ ਵੱਲੋਂ 21 ਸਾਲਾ ਕੁੜੀ ਨੂੰ ਸੈਰ-ਸਪਾਟੇ ਲਈ ਦੁਬਈ ਬੁਲਾ ਕੇ ਉੱਥੇ ਰਹਿਣ ਦੌਰਾਨ ਉਸ ਨਾਲ ਜਬਰ-ਜ਼ਿਨਾਹ ਕਰਨ ਅਤੇ ਭਾਰਤ ਵਾਪਸ ਆਉਣ 'ਤੇ ਰੁਦਰਪੁਰ ਲੈ ਜਾ ਕੇ ਦੁਬਾਰਾ ਜਬਰ-ਜ਼ਨਾਹ ਕਰਨ ਦੇ ਕਥਿਤ ਦੋਸ਼ ਵਿੱਚ ਸਿਟੀ ਪੁਲਿਸ ਨੇ ਦੋ ਸਕੇ ਭਰਾਵਾਂ ਖ਼ਿਲਾਫ਼ ਜ਼ੀਰੋ ਐਫ.ਆਈ.ਆਰ. ਦਰਜ ਕਰਕੇ ਮਾਮਲੇ ਦੀ ਅਗਲੇਰੀ ਜਾਂਚ ਅਤੇ ਕਾਰਵਾਈ ਲਈ ਕੇਸ ਰੁਦਰਪੁਰ ਪੁਲਸ ਦੇ ਹਵਾਲੇ ਕਰ ਦਿੱਤਾ ਹੈ। ਮੁਲਜ਼ਮਾਂ ਦੀ ਪਛਾਣ ਗੌਰਵ ਸਿੰਘ ਅਤੇ ਸਾਹਿਲ ਸਿੰਘ ਪੁੱਤਰ ਸੇਵਾ ਸਿੰਘ, ਵਾਸੀ ਆਦਰਸ਼ ਕਲੋਨੀ, ਰੁਦਰਪੁਰ (ਉਤਰਾਖੰਡ) ਵਜੋਂ ਹੋਈ ਹੈ। ਸਿਟੀ ਪੁਲਸ ਇੰਚਾਰਜ ਸਬ-ਇੰਸਪੈਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਸਮਾਣਾ ਦੀ ਰਹਿਣ ਵਾਲੀ ਪੀੜਤ ਕੁੜੀ ਵੱਲੋਂ ਮਾਨਯੋਗ ਅਦਾਲਤ ਵਿੱਚ ਦਰਜ ਕਰਵਾਏ ਬਿਆਨਾਂ ਅਨੁਸਾਰ ਪਰਿਵਾਰ ਸਮੇਤ ਦੇਸ਼ ਵਿੱਚ ਕਿਸੇ ਥਾਂ ਘੁੰਮਣ ਜਾਣ ਦੌਰਾਨ ਉਸ ਦੀ ਪਛਾਣ ਇੱਕ ਮੁਲਜ਼ਮ ਨਾਲ ਹੋਈ ਸੀ। ਮੁਲਜ਼ਮ ਨੇ ਆਪਣੇ ਭਰਾ ਦਾ ਰੁਤਬਾ ਦਿਖਾ ਕੇ ਉਸ ਦਾ ਵਿਸ਼ਵਾਸ ਜਿੱਤ ਲਿਆ ਅਤੇ ਸੰਪਰਕ ਵਧਾ ਲਏ। ਇਸ ਤੋਂ ਬਾਅਦ ਮੁਲਜ਼ਮ ਨੇ ਉਸ ਨੂੰ ਘੁੰਮਣ ਲਈ ਦੁਬਈ ਬੁਲਾ ਲਿਆ, ਜਿੱਥੇ ਰਿਹਾਇਸ਼ ਦੌਰਾਨ ਉਸ ਨਾਲ ਜਬਰ-ਜ਼ਨਾਹ ਕੀਤਾ ਗਿਆ। ਪ੍ਰੇਸ਼ਾਨੀ ਦੀ ਹਾਲਤ ਵਿੱਚ ਭਾਰਤ ਵਾਪਸ ਆਈ ਅਤੇ ਕਿਸੇ ਹੋਰ ਸ਼ਹਿਰ ਵਿੱਚ ਪੜ੍ਹਾਈ ਕਰਨ ਗਈ, ਤਾਂ ਮੁਲਜ਼ਮਾਂ ਨੇ ਉਸ ਦਾ ਪਤਾ ਲਗਾ ਲਿਆ। ਉਹ ਉਸ ਨੂੰ ਧਮਕਾ ਕੇ ਰੁਦਰਪੁਰ ਲੈ ਗਏ, ਜਿੱਥੇ ਇੱਕ ਹਫ਼ਤੇ ਤੱਕ ਬੰਧਕ ਬਣਾ ਕੇ ਉਸ ਨਾਲ ਜਬਰ-ਜਨਾਹ ਕੀਤਾ ਗਿਆ।

ਪੁਲਸ ਅਧਿਕਾਰੀ ਅਨੁਸਾਰ ਪੀੜਤ ਕੁੜੀ ਵੱਲੋਂ ਮੈਜਿਸਟਰੇਟ ਸਾਹਮਣੇ ਦਰਜ ਕਰਵਾਏ ਬਿਆਨਾਂ ਦੇ ਆਧਾਰ 'ਤੇ ਸਿਟੀ ਪੁਲਿਸ ਨੇ ਦੋਵਾਂ ਭਰਾਵਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਬਣਦੀ ਕਾਰਵਾਈ ਲਈ ਕੇਸ ਰੁਦਰਪੁਰ (ਉਤਰਾਖੰਡ) ਪੁਲਿਸ ਨੂੰ ਭੇਜ ਦਿੱਤਾ ਗਿਆ ਹੈ।

# ਸਮੁੱਚੇ ਪੰਜਾਬੀਆਂ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਆਪਣੇ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ: ਅਜੇਪਾਲ ਸਿੰਘ ਬਰਾੜ



**ਮੁਹਾਲੀ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਸਲ ਸਤਲੁਜ ਵੱਲੋਂ ਪੰਜਾਬ ਦੇ ਵਡੇਰੇ ਹਿੱਤਾਂ, ਮੰਗਾਂ ਅਤੇ ਅਧਿਕਾਰਾਂ ਨੂੰ ਲੈਕੇ ਜਾਰੀ ਪੂਰਾ ਪੰਜਾਬ ਲਹਿਰ ਦਾ ਪੰਜਵਾਂ ਦਿਨ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਰਿਹਾ। ਮਿਸਲ ਸਤਲੁਜ ਦੇ ਯੂਥ ਪ੍ਰਧਾਨ ਯਾਦਵਿੰਦਰ ਸਿੰਘ ਯਾਦੂ ਦੀ ਅਗਵਾਈ ਹੇਠ ਅੱਜ ਪੂਰਾ ਦਿਨ ਮੰਚ ਸੰਚਾਲਨ ਰਿਹਾ।

ਸਰਦਾਰ ਯਾਦਵਿੰਦਰ ਸਿੰਘ ਯਾਦੂ ਨੇ ਕਿਹਾ ਕਿ, ਅੱਜ ਸਮੁੱਚੇ ਪੰਜਾਬੀਆਂ ਨੂੰ ਪੰਜਾਬੀ ਭਾਸ਼ਾ ਦੇ ਪ੍ਰਸਾਰ, ਪ੍ਰਚਾਰ ਅਤੇ ਪ੍ਰਫੁੱਲਤਾ ਲਈ ਆਪਣੇ ਬੱਚਿਆਂ ਨੂੰ ਜੋੜਨਾ ਚਾਹੀਦਾ ਹੈ। ਓਹਨਾਂ ਕਿਹਾ ਕਿ, ਪੰਜਾਬੀ ਚਾਹੇ ਕਿਸੇ ਵੀ ਮੁਲਕ ਵਿੱਚ ਬੈਠੇ ਹੋਣ, ਉਹਨਾਂ ਨੂੰ ਆਪਣੀ ਮਾਂ ਬੋਲੀ ਜਰੀਏ ਆਪਣੀ ਪਛਾਣ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ਸਰਦਾਰ ਅਜੇਪਾਲ ਸਿੰਘ ਬਰਾੜ ਨੇ ਕਿਹਾ ਕਿ,ਮਿਸਲ ਸਤਲੁਜ ਨੌਜਵਾਨਾਂ ਦੀ ਪਹਿਲੀ ਪਸੰਦ ਬਣ ਚੁੱਕਾ ਹੈ। ਅੱਜ ਪੂਰਾ ਪੰਜਾਬ ਲਹਿਰ ਨਾਲ ਪੂਰੇ ਪੰਜਾਬ ਤੋਂ ਨੌਜਵਾਨ ਵੱਡੀ ਗਿਣਤੀ ਵਿੱਚ ਜੁੜ ਰਹੇ ਹਨ। ਅੱਜ ਪੂਰਾ ਪੰਜਾਬ ਲਹਿਰ ਦੇ ਮੰਚ ਤੋ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਨੌਜਵਾਨ ਆਗੂ ਹਰਪਿੰਦਰ ਸਿੰਘ ਨੇ ਆਪਣੀ ਸਾਥੀਆਂ ਸਮੇਤ ਮਿਸਲ ਸਤਲੁਜ ਵਿੱਚ ਸ਼ਾਮਲ ਹੋਣ ਦਾ ਅਹਿਦ ਕੀਤਾ। ਇਸ ਮੌਕੇ ਸਰਦਾਰ ਬਰਾੜ ਨੇ ਨੌਜਵਾਨ ਆਗੂ ਹਰਪਿੰਦਰ ਸਿੰਘ ਨੂੰ ਜਿੱਥੇ ਜ਼ਿਲਾ ਫ਼ਤਹਿਗੜ੍ਹ ਸਾਹਿਬ ਦਾ ਯੂਥ ਪ੍ਰਧਾਨ ਨਿਯੁਕਤ ਕੀਤਾ ਉਥੇ ਹੀ ਜਨਤਕ ਦਸਤਖ਼ਤ ਪਟੀਸ਼ਨ ਲਈ ਇੰਚਾਰਜ ਵੀ ਨਿਯੁਕਤ ਕੀਤਾ।

# ਕਾਂਗਰਸ ਦੀ ਬਰਨਾਲਾ ਰੈਲੀ ਲਈ ਰਾਜਿੰਦਰ ਦੀਪਾ ਨੂੰ ਕੋਆਰਡੀਨੇਟਰ ਕੀਤਾ ਨਿਯੁਕਤ

**ਸੁਨਾਮ ਊਧਮ ਸਿੰਘ ਵਾਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ 28 ਫਰਵਰੀ ਨੂੰ ਬਰਨਾਲਾ ਵਿਖੇ ਹੋਣ ਵਾਲੀ ਰਾਜ ਪੱਧਰੀ ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਹਲਕਾ ਸੁਨਾਮ ਊਧਮ ਸਿੰਘ ਵਾਲਾ ਤੋਂ ਸੀਨੀਅਰ ਕਾਂਗਰਸੀ ਆਗੂ ਰਾਜਿੰਦਰ ਦੀਪਾ ਨੂੰ ਮਹਿਲਕਲਾਂ ਹਲਕੇ ਲਈ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਬਰਨਾਲਾ ਵਿਖੇ 28 ਫ਼ਰਵਰੀ ਨੂੰ ਹੋਣ ਵਾਲੀ ਰੈਲੀ ਨੂੰ ਸੰਸਦ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵੀ ਸੰਬੋਧਨ ਕਰਨਗੇ।

ਜਾਣਕਾਰੀ ਦਿੰਦਿਆਂ ਸੀਨੀਅਰ ਕਾਂਗਰਸੀ ਆਗੂ ਰਾਜਿੰਦਰ ਦੀਪਾ ਨੇ ਕਿਹਾ ਕਿ ਉਹ ਮਾਣ ਮਹਿਸੂਸ ਕਰ ਰਹੇ ਹਨ ਕਿ ਹਾਈਕਮਾਂਡ ਨੇ ਉਨ੍ਹਾਂ ਉਪਰ ਵਿਸ਼ਵਾਸ ਕਰਕੇ ਇਹ ਜ਼ਿੰਮੇਵਾਰੀ ਸੌਂਪੀ ਹੈ।

# ਨਹਿਰੂ ਪਾਰਕ ਤੋਂ ਸਰਹੰਦੀ ਗੇਟ ਤੱਕ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਨਸ਼ਿਆਂ ਵਿਰੁੱਧ ਕੱਢੀ ਗਈ ਜਾਗਰੂਕਤਾ ਰੈਲੀ



**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਅੱਜ ਨਹਿਰੂ ਪਾਰਕ ਤੋਂ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵੱਲੋਂ ਇੱਕ ਵਿਸ਼ੇਸ਼ ਰੈਲੀ ਕੱਢੀ ਗਈ। ਇਸ ਵਿੱਚ ਸ਼ਾਹੀ ਸ਼ਹਿਰ ਦੇ ਮੇਅਰ ਕੁੰਦਨ ਗੋਗੀਆ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ, ਸੈਰ ਪ੍ਰੇਮੀਆਂ ਅਤੇ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ ਨਸ਼ਿਆਂ ਦੇ ਖਿਲਾਫ ਇਕਜੁੱਟ ਹੋਣ ਦਾ ਸੰਦੇਸ਼ ਦਿੱਤਾ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਸ਼ਾ ਸਮਾਜ ਲਈ ਇਕ ਵੱਡੀ ਬੁਰਾਈ ਹੈ ਅਤੇ ਇਸਨੂੰ ਖਤਮ ਕਰਨ ਲਈ ਹਰ ਇਕ ਨਾਗਰਿਕ ਨੂੰ ਅੱਗੇ ਆਉਣਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਜੇ ਅਸੀਂ ਸਰਕਾਰ ਦਾ ਸਾਥ ਦੇਈਏ ਤਾਂ ਇਸ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਨਸ਼ਾ ਸਪਲਾਈ ਕਰਨ ਵਾਲਿਆਂ ਦੇ ਖਿਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ ਅਤੇ ਕਈ ਮਾਮਲਿਆਂ ਵਿੱਚ ਉਨ੍ਹਾਂ ਦੀਆਂ ਜਾਇਦਾਦਾਂ ਜਬਤ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਨਸ਼ਿਆਂ ਦੇ ਕਾਰੋਬਾਰ ਨੂੰ ਰੋਕਿਆ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਨਸ਼ਾ ਛੁਡਾਉਣ ਲਈ ਸਰਕਾਰ ਵੱਲੋਂ ਕਈ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਪੰਜਾਬ ਰੈਡ ਕਰਾਸ ਅਤੇ ਸਰਕਾਰੀ ਰਜਿੰਦਰਾ ਹਸਪਤਾਲ ਵਿੱਚ ਨਸ਼ਿਆਂ ਦੇ ਆਦੀ ਲੋਕਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਸਹੂਲਤਾਂ ਦਾ ਲਾਭ ਲੈਣ ਅਤੇ ਆਪਣੇ ਪਰਿਵਾਰ ਤੇ ਸਮਾਜ ਨੂੰ ਨਸ਼ਿਆਂ ਤੋਂ ਬਚਾਉਣ ਲਈ ਜਾਗਰੂਕ ਬਣਨ। ਉਨ੍ਹਾਂ ਕਿਹਾ ਕਿ ਚਿੱਟੇ ਦਾ ਨਸ਼ਾ ਸਭ ਤੋਂ ਖਤਰਨਾਕ ਹੈ ਅਤੇ ਇਸ ਨੂੰ ਰੋਕਣ ਲਈ ਸਮਾਜਕ ਮੁਹਿੰਮ ਚਲਾਉਣੀ ਬਹੁਤ ਜ਼ਰੂਰੀ ਹੈ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਨੇ ਦੱਸਿਆ ਕਿ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਸਮੇਂ-ਸਮੇਂ 'ਤੇ ਪਿੰਡਾਂ, ਮਹੱਲਿਆਂ ਅਤੇ ਸਕੂਲਾਂ ਵਿੱਚ ਸੈਮੀਨਾਰ, ਰੈਲੀਆਂ ਅਤੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਂਦੇ ਹਨ। ਅਮਲੀ ਅਸੀਂ ਕਹਿਣ ਨਹੀਂ ਦੇਣਾ, ਨਸ਼ਾ ਪੰਜਾਬ ਵਿੱਚ ਰਹਿਣ ਨਹੀਂ ਦੇਣਾ ਦੇ ਨਾਅਰਿਆਂ ਗੂੰਜ ਪੂਰੀ ਰੈਲੀ ਵਿੱਚ ਰਹੀ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਅਤੇ ਇਸ ਲਈ ਸਮਾਜ ਦੇ ਹਰ ਵਰਗ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਪ੍ਰੋਗਰਾਮ ਦੇ ਬਾਅਦ ਨਸ਼ਿਆਂ ਵਿਰੁੱਧ ਇੱਕ ਵੱਡੀ ਜਾਗਰੂਕਤਾ ਰੈਲੀ ਕੱਢੀ ਗਈ ਜੋ ਨਹਿਰੂ ਪਾਰਕ ਤੋਂ ਸ਼ੁਰੂ ਹੋ ਕੇ ਸਰਹੰਦੀ ਗੇਟ ਤੱਕ ਗਈ। ਰੈਲੀ ਦੌਰਾਨ ਭਾਗ ਲੈਣ ਵਾਲਿਆਂ ਨੇ ਨਸ਼ਿਆਂ ਦੇ ਖਿਲਾਫ਼ ਨਾਅਰੇ ਲਗਾਏ ਅਤੇ ਲੋਕਾਂ ਨੂੰ ਇਸ ਬੁਰਾਈ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਦੇਵ ਰਾਜ, ਲਖਵਿੰਦਰ ਸਿੰਘ, ਸੋਢੀ, ਪਾਰਕ ਦੇ ਸਾਇਰ ਟੋਨੀ, ਡਿੰਪੀ, ਖੰਨਾ ਸਮੇਤ ਕਈ ਹੋਰ ਸੈਰ ਪ੍ਰੇਮੀਆਂ ਨੇ ਰੈਲੀ ਵਿੱਚ ਭਾਗ ਲਿਆ ਅਤੇ ਨਸ਼ਾ ਮੁਕਤ ਸਮਾਜ ਬਣਾਉਣ ਲਈ ਸੰਕਲਪ ਲਿਆ। ਰੈਲੀ ਦੇ ਅੰਤ ਵਿੱਚ ਹਾਜ਼ਰ ਲੋਕਾਂ ਨੇ ਇਹ ਕਸਮ ਖਾਧੀ ਕਿ ਉਹ ਖੁਦ ਨਸ਼ਾ ਨਹੀਂ ਕਰਨਗੇ ਅਤੇ ਨਾ ਹੀ ਕਿਸੇ ਹੋਰ ਨੂੰ ਕਰਨ ਦੇਣਗੇ।

# ਅੰਬੇਡਕਰ ਸਮਾਜ ਪਾਰਟੀ ਪੰਜਾਬ ਵੱਲੋਂ ਲੁਧਿਆਣਾ ਵਿੱਚ ਸੰਗਠਨਾਤਮਕ ਮੀਟਿੰਗ ਆਯੋਜਿਤ



**ਲੁਧਿਆਣਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬੇਦਕਰ ਸਮਾਜ ਪਾਰਟੀ ਦੀ ਪੰਜਾਬ ਇਕਾਈ ਵੱਲੋਂ ਗਿੱਲ ਸਟੇਸ਼ਨ ਨੇੜੇ ਗਲੋਬਲ ਸਿਟੀ, ਲੁਧਿਆਣਾ ਵਿੱਚ ਇੱਕ ਮਹੱਤਵਪੂਰਨ ਸੰਗਠਨਾਤਮਕ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੀ ਅਗਵਾਈ ਰਾਸ਼ਟਰੀ ਪ੍ਰਧਾਨ ਭਾਈ ਤੇਜ ਸਿੰਘ ਅਤੇ ਸੀਨੀਅਰ ਸੂਬਾ ਪ੍ਰਧਾਨ ਜੈਜੋਤ ਸਿੰਘ ਗਰੋਵਰ ਨੇ ਕੀਤੀ।

ਮੀਟਿੰਗ ਦਾ ਮੁੱਖ ਉਦੇਸ਼ ਪੰਜਾਬ ਭਰ ਵਿੱਚ ਪਾਰਟੀ ਦੀ ਸੰਗਠਨਾਤਮਕ ਢਾਂਚੇ ਨੂੰ ਮਜ਼ਬੂਤ ਕਰਨਾ ਸੀ। ਇਸ ਦੌਰਾਨ ਸੂਬਾ ਵਿੰਗ, ਮਹਿਲਾ ਵਿੰਗ ਅਤੇ ਜ਼ਿਲ੍ਹਾ ਵਿੰਗ ਦੇ ਨਵੇਂ ਨਿਯੁਕਤ ਮੈਂਬਰਾਂ ਨੂੰ ਅਧਿਕਾਰਿਕ ਪਹਿਚਾਣ ਪੱਤਰ ਅਤੇ ਨਿਯੁਕਤੀ ਪੱਤਰ ਵੰਡੇ ਗਏ।

ਸੰਬੋਧਨ ਕਰਦੇ ਹੋਏ ਜੈਜੋਤ ਸਿੰਘ ਗਰੋਵਰ ਨੇ ਕਿਹਾ ਕਿ ਪਾਰਟੀ ਦਾ ਮਕਸਦ ਐੱਸਸੀ/ਐੱਸਟੀ/ਓਬੀਸੀ ਵਰਗਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਅਤੇ ਸਮਾਜਿਕ ਨਿਆਂ ਨੂੰ ਯਕੀਨੀ ਬਣਾਉਣਾ ਹੈ।

ਉਨ੍ਹਾਂ ਨੇ ਨਵੇਂ ਅਹੁਦੇਦਾਰਾਂ ਨੂੰ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਸਰਗਰਮ ਹੋ ਕੇ ਲੋਕਾਂ ਨੂੰ ਸੰਵਿਧਾਨਕ ਅਧਿਕਾਰਾਂ ਅਤੇ ਸਰਕਾਰੀ ਭਲਾਈ ਯੋਜਨਾਵਾਂ ਬਾਰੇ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ।

ਮੀਟਿੰਗ ਦੇ ਅੰਤ 'ਤੇ ਪੰਜਾਬ ਭਰ ਵਿੱਚ ਸੰਗਠਨਾਤਮਕ ਗਤੀਵਿਧੀਆਂ ਤੇਜ਼ ਕਰਨ ਅਤੇ ਸਮਾਜਿਕ ਸਮਾਨਤਾ, ਸਨਮਾਨ ਅਤੇ ਨਿਆਂ ਲਈ ਸੰਘਰਸ਼ ਜਾਰੀ ਰੱਖਣ ਦਾ ਸੰਕਲਪ ਲਿਆ ਗਿਆ।

# ਸਰਕਾਰ ਤੁਰੰਤ ਲਾਗੂ ਕਰੇ ਬੇਅਦਬੀ ਰੋਕੂ ਕਾਨੂੰਨ: ਭਾਈ ਗੁਰਪ੍ਰੀਤ ਸਿੰਘ

**ਸਮਾਣਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

509 ਦਿਨਾਂ ਤੋਂ ਸਮਾਣੇ ਦੇ 400 ਫੁੱਟ ਉੱਚੇ ਟਾਵਰ ਤੇ ਬੈਠੇ ਸੰਘਰਸ਼ ਕਰ ਰਹੇ ਭਾਈ ਗੁਰਜੀਤ ਸਿੰਘ ਦੇ ਹੱਕ ਵਿੱਚ ਗੁਰਦਾਸਪੁਰ ਸ਼ਹਿਰ ਅੰਦਰ ਕੱਢੇ ਗਏ ਸਰਬ ਧਰਮ ਬੇਅਦਬੀ ਹੋ ਮੋਟਰਸਾਈਕਲ ਮਾਰਚ ਦੌਰਾ ਖਾਲਸਾ ਪੰਥ ਅਤੇ ਸਨਾਤਨ ਧਰਮ ਦਾ ਸੁੰਦਰ ਸੁਮੇਲ ਦੇਖਣ ਨੂੰ ਮਿਲਿਆ, ਜਿਸ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਇਲਾਕੇ ਦੇ ਹਿੰਦੂ-ਸਿੱਖ ਆਗੂਆਂ ਨੇ ਸ਼ਮੂਲੀਅਤ ਕੀਤੀ। ਸਮਾਣਾ ਟਾਵਰ ਮੋਰਚੇ ਦੇ ਕੋਆਰਡੀਨੇਟਰ ਭਾਈ ਗੁਰਪ੍ਰੀਤ ਸਿੰਘ ਦੀ ਅਗਵਾਈ ਅਤੇ ਜ਼ਿਲ੍ਹੇ ਦੀਆਂ ਧਾਰਮਿਕ ਅਤੇ ਕਿਸਾਨੀ ਜਥੇਬੰਦੀਆਂ ਦੇ ਭਰਵੇਂ ਸਹਿਯੋਗ ਨਾਲ ਗੁਰਦੁਆਰਾ ਸੰਤ ਬਾਬਾ ਟਹਿਲ ਸਿੰਘ ਤੋਂ ਆਰੰਭ ਹੋ ਕੇ ਸ਼ਹਿਰ ਦੇ ਬਾਜ਼ਾਰਾਂ ਵਿੱਚੋਂ ਗੁਜ਼ਰਦਾ ਹੋਇਆ ਮਾਈ ਕਾ ਤਾਲ ਮੰਦਰ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਪੰਜਾਬ ਸਰਕਾਰ ਮਿਸਾਲ ਸਜ਼ਾ ਦਾ ਕਾਨੂੰਨ ਦਬੀਆਂ ਦੇ ਦੋਸ਼ੀਆਂ ਲਈ ਤੁਰੰਤ ਲਾਗੂ ਕਰੇ ਦੀਆਂ ਨਾਮਵਰ ਹਸਤੀਆਂ ਨੇ ਮਿਲ ਕੇ ਅਦਿਤਯ ਗੁਪਤਾ ਜੀਏ ਰਾਹੀਂ ਮੁੱਖ



ਮੰਤਰੀ ਪੰਜਾਬ ਲਈ ਮੰਗ ਪੱਤਰ ਦਿੱਤਾ ਗਿਆ।

ਜਿਸ ਵਿੱਚ ਬੇਅਦਬੀਆਂ ਰੋਕੋ ਸਟੇਟ ਐਕਟ ਨੂੰ ਤੁਰੰਤ ਲਾਗੂ ਕਰਨ ਦੀ ਜੋਰਦਾਰ ਸ਼ਬਦਾਂ ਵਿੱਚ ਮੰਗ ਕੀਤੀ ਗਈ। ਇਸ ਮਾਰਚ ਵਿੱਚ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਜ਼ਿਲ੍ਹਾ ਪ੍ਰਧਾਨ ਇੰਦਰਪਾਲ ਸਿੰਘ, ਨਿਸ਼ਕਾਮ ਕੀਰਤਨੀ ਜਥੇ ਦੇ ਭਾਈ ਜੀਤ ਸਿੰਘ ਗੁਰਦਾਸਪੁਰ, ਭਾਈ ਦਿਲਬਾਗ ਸਿੰਘ ਬਟਾਲਾ, ਸ੍ਰੀ ਸਨਾਤਨ ਜਾਗਰਨ ਮੰਚ ਤੋਂ ਪਾਵਨ ਸ਼ਰਮਾ, ਕਥਾ ਵਾਚਕ ਭਰਤ ਤ੍ਰਿਵੇਦੀ ਜੀ, ਵਪਾਰ ਮੰਡਲ ਪ੍ਰਧਾਨ ਦਰਸ਼ਨ ਮਹਾਜਨ, ਬਾਬਾ ਨਰਿੰਦਰ ਜੀ, ਅਮਿਤ ਮਹਾਜਨ, ਰਵੀ ਮਹਾਜਨ, ਰਾਜੇਸ਼ ਅਗਰਵਾਲ, ਦਲਜੀਤ ਕੁਮਾਰ, ਗੁਰੂ ਨਾਭਾ ਦਾ ਸਭਾ ਤੋਂ ਯੁਧਵੀਰ, ਸਤਿੰਦਰ ਸਿੰਘ, ਨਵਰੂਪ ਸਿੰਘ, ਰਣਜੀਤ ਸਿੰਘ, ਬਲਾਕ ਸੰਮਤੀ ਮੈਂਬਰ ਸੁਖਮਿੰਦਰ ਸਿੰਘ, ਜੈਪਾਲ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਰਵੇਲ ਸਿੰਘ ਸਹਾਇਪੁਰੀ, ਮਨਜੀਤ ਸਿੰਘ ਸਹਾਇਪੁਰ, ਮੇਜਰ ਸਿੰਘ ਰੋੜਾਂਵਾਲੀ, ਪਰਮਿੰਦਰ ਸਿੰਘ, ਅਵਤਾਰ ਸਿੰਘ ਮੁਸਤਫਾਬਾਦ, ਅਜੀਤ ਸਿੰਘ, ਭੁਪਿੰਦਰ ਸਿੰਘ ਗੋਸਲ, ਠੇਕੇਦਾਰ ਗੁਰਮੁਖ ਸਿੰਘ, ਪ੍ਰਿੰਸੀਪਲ ਜਸਵੰਤ ਸਿੰਘ ਸੈਣੀ, ਸੁਖਵਿੰਦਰ ਸਿੰਘ, ਰਜਿੰਦਰ ਸਿੰਘ, ਹਰਵਿੰਦਰ ਸਿੰਘ, ਬਰਿੰਦਰ ਸਿੰਘ ਪਵਿੱਤਰ ਪ੍ਰੀਤ ਸਿੰਘ ਭੱਲਾ, ਬੀਬੀ ਸੁਖਬੀਰ ਕੌਰ, ਪਰਮਜੀਤ ਕੌਰ, ਵਰਿੰਦਰ ਕੌਰ, ਰਾਜਵੰਤ ਕੌਰ ਨੇ ਵੱਡੇ ਜਥਿਆਂ ਸਮੇਤ ਹਾਜ਼ਰੀ ਭਰੀ।

# ਸ਼ਹੀਦੀ ਦਲ ਇੰਟਰਨੈਸ਼ਨਲ ਵੱਲੋਂ ਤੇ ਗੁਰੂ ਪੰਥ ਦੀ ਹਾਜ਼ਰੀ ’ਚ ਗੁਰਪ੍ਰੀਤ ਸਿੰਘ ਰਾਜਾ ਨੂੰ ਗਤਕਾ ਉਸਤਾਦੀ ਦੀ ਉਪਾਧੀ ਨਾਲ ਨਿਵਾਜਿਆ

**ਕੌਮੀ ਪਤ੍ਰਿਕਾ**
**ਕ੍ਰਿਸ਼ਨ ਸਿੰਘ ਦੁਸਾਂਝ**

ਅੰਮ੍ਰਿਤਸਰ ਸਾਹਿਬ, 24 ਫਰਵਰੀ- ਸ਼ਹੀਦੀ ਦਲ ਇੰਟਰਨੈਸ਼ਨਲ ਗਤਕਾ ਅਖਾੜਾ ਵੇਰਕਾ ਵੱਲੋਂ



ਇਕ ਧਾਰਮਿਕ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਪਿੰਡ ਅਲਕੜਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਉਸਤਾਦ ਗੁਰਦੇਵ ਸਿੰਘ ਜੀ ਪ੍ਰਧਾਨ ਸ਼ਹੀਦੀ ਦਲ ਇੰਟਰਨੈਸ਼ਨਲ ਵੱਲੋਂ ਗੁਰੂ ਪੰਥ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਗਤਕਾ ਮਾਸਟਰ ਗੁਰਪ੍ਰੀਤ ਸਿੰਘ ਨੂੰ ਗਤਕਾ ਉਸਤਾਦ ਦੀ ਉਪਾਧੀ ਨਾਲ ਨਿਵਾਜਿਆ ਗਿਆ। ਇਸ ਸਮਾਗਮ ਵਿਚ ਬਾਬਾ ਹਰਜਿੰਦਰ ਸਿੰਘ ਜੀ ਅਲਕੜੇ ਵਾਲੇ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ। ਇਸ ਮੌਕੇ ਗਤਕਾ ਉਸਤਾਦੀ ਦੀ ਉਪਾਧੀ ਨਾਲ ਨਿਵਾਜੇ ਗਤਕਾ ਮਾਸਟਰ ਗੁਰਪ੍ਰੀਤ ਸਿੰਘ ਰਾਜਾ ਨੇ ਉਸਤਾਦ ਗੁਰਦੇਵ ਸਿੰਘ ਜੀ ਪ੍ਰਧਾਨ ਸ਼ਹੀਦੀ ਦਲ ਇੰਟਰਨੈਸ਼ਨਲ, ਬਾਬਾ ਹਰਜਿੰਦਰ ਸਿੰਘ ਜੀ ਅਲਕੜੇ ਵਾਲਿਆ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਪੰਜਾਬ ਦੀ ਧਰਤੀ ਉੱਤੇ ਸਿੱਖ ਮਰਯਾਦਾ, ਸ਼ਾਸਤਰ ਵਿੱਦਿਆ ਅਤੇ ਰੂਹਾਨੀ ਪਰੰਪਰਾਵਾਂ ਨੂੰ ਜਿਊਂਦਾ ਰੱਖਣ ਵਾਲੀ ਪ੍ਰਾਚੀਨ ਕਲਾ ਗਤਕਾ ਨਾਲ ਜੁੜੇ ਇਕ ਮਹੱਤਵਪੂਰਨ ਸਮਾਗਮ ਦੌਰਾਨ ਦਲ ਪੰਥ ਅਤੇ ਸਮੂਹ ਸੰਗਤ ਦੀ ਹਾਜ਼ਰੀ ਵਿੱਚ ਉਨ੍ਹਾਂ ਨੂੰ ਉਸਤਾਦੀ ਦਸਤਾਰ ਨਾਲ ਸਨਮਾਨਿਤ ਕੀਤਾ ਗਿਆ ਅਤੇ ਗਤਕਾ ਉਸਤਾਦ ਦੀ ਉਪਾਧੀ ਨਾਲ ਨਿਵਾਜਿਆ ਗਿਆ। ਇਹ ਸਮਾਗਮ ਬੜੀ ਹੀ ਸ਼ਰਧਾ, ਅਦਬ ਅਤੇ ਖੁਸ਼ੀ ਦੇ ਮਾਹੌਲ ਵਿੱਚ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਗਤਕਾ ਪ੍ਰੇਮੀ, ਉਸਤਾਦ, ਸਿੱਖਿਆਰਥੀ ਅਤੇ ਧਾਰਮਿਕ ਸ਼ਖਸੀਅਤਾਂ ਨੇ ਹਾਜ਼ਰੀ ਭਰੀ। ਸਮਾਗਮ ਦੀ ਸ਼ੁਰੂਆਤ ਗੁਰੂ ਸਾਹਿਬ ਦੀ ਬਾਣੀ ਦੇ ਪਾਠ ਅਤੇ ਅਰਦਾਸ ਨਾਲ ਹੋਈ, ਜਿਸ ਉਪਰੰਤ ਗਤਕਾ ਟੀਮਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਪੇਸ਼ ਕੀਤੇ ਗਏ। ਨੌਜਵਾਨਾਂ ਵੱਲੋਂ ਕੀਤੇ ਗਏ ਗਤਕੇ ਦੇ ਪ੍ਰਦਰਸ਼ਨ ਅਤੇ ਜੋਸ਼ ਨੇ ਹਾਜ਼ਰ ਸੰਗਤ ਨੂੰ ਰੋਮਾਂਚਿਤ ਕਰ ਦਿੱਤਾ। ਇਸ ਮੌਕੇ ਉੱਚ ਦਰਜੇ ਦੇ ਉਸਤਾਦਾਂ ਅਤੇ ਦਲ ਪੰਥ ਦੇ ਸਿੰਘਾਂ ਵੱਲੋਂ ਗਤਕੇ ਦੀ ਮਹੱਤਤਾ ਅਤੇ ਇਸ ਦੀ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਭੂਮਿਕਾ ਬਾਰੇ ਵੀ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਇਹ ਮੌਕਾ ਬਹੁਤ ਹੀ ਭਾਵੁਕ ਅਤੇ ਮਾਣ ਭਰਿਆ ਹੈ। ਇਸ ਮੌਕੇ . ਗੁਰਪ੍ਰੀਤ ਸਿੰਘ ਰਾਜਾ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਅਦਾ ਕਰਦਿਆਂ ਕਿਹਾ ਕਿ ਇਹ ਸਨਮਾਨ ਸਿਰਫ਼ ਇਕ ਵਿਅਕਤੀ ਦਾ ਨਹੀਂ, ਸਗੋਂ ਪੂਰੇ ਦਲ ਪੰਥ, ਉਸਤਾਦਾਂ ਅਤੇ ਸੰਗਤ ਦੀ ਕਿਰਪਾ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਇਹ ਉਪਾਧੀ ਉਨ੍ਹਾਂ ਲਈ ਇਕ ਵੱਡੀ ਜ਼ਿੰਮੇਵਾਰੀ ਹੈ ਅਤੇ ਉਹ ਗਤਕਾ ਵਿਦਿਆ ਨੂੰ ਹੋਰ ਅੱਗੇ ਵਧਾਉਣ ਅਤੇ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਲਈ ਹਮੇਸ਼ਾਂ ਯਤਨਸ਼ੀਲ ਰਹਿਣਗੇ। ਇਸ ਮੌਕੇ ਗੁਰਦੇਵ ਸਿੰਘ ਜੀ ਪ੍ਰਧਾਨ ਸ਼ਹੀਦੀ ਦਲ ਇੰਟਰਨੈਸ਼ਨਲ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਗਤਕਾ ਸਿਰਫ਼ ਇਕ ਖੇਡ ਨਹੀਂ, ਸਗੋਂ ਸਿੱਖ ਕੌਮ ਦੀ ਸ਼ਾਨ ਅਤੇ ਵਿਰਾਸਤ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਜਵਾਨਾਂ ਨੂੰ ਗਤਕਾ ਸਿੱਖਣ ਲਈ ਪ੍ਰੇਰਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ, ਤਾਂ ਜੋ ਉਹ ਆਪਣੀ ਪਰੰਪਰਾ ਨਾਲ ਜੁੜੇ ਰਹਿਣ ਅਤੇ ਆਪਣੇ ਅੰਦਰ ਸਰੀਰਕ ਤੇ ਮਾਨਸਿਕ ਤਾਕਤ ਦਾ ਵਿਕਾਸ ਕਰ ਸਕਣ। ਸਮਾਗਮ ਦੇ ਅੰਤ ਵਿੱਚ ਸਮੂਹ ਸੰਗਤ ਵੱਲੋਂ ਨਵੇਂ ਨਿਵਾਜੇ ਗਏ ਗਤਕਾ ਉਸਤਾਦ ਗੁਰਪ੍ਰੀਤ ਸਿੰਘ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ।

### ਨਿਪਾਹ ਵਾਇਰਸ ਨੇ ਲਈ ਪਹਿਲੀ ਜਾਨ; ਨਰਸ ਦੀ ਹਸਪਤਾਲ ’ਚ ਮੌਤ

ਕੋਲਕਾਤਾ 24 ਫਰਵਰੀ। ਪੱਛਮੀ ਬੰਗਾਲ ਵਿੱਚ ਨਿਪਾਹ ਵਾਇਰਸ ਦਾ ਖੌਫ ਵਧ ਗਿਆ ਹੈ। ਉੱਤਰੀ 24 ਪਰਗਨਾ ਜ਼?ਲ੍ਹੇ ਦੇ ਬਾਰਾਸਾਤ ਸਥਿਤ ਇੱਕ ਹਸਪਤਾਲ ਵਿੱਚ ਵੀਰਵਾਰ ਨੂੰ ਇਸ ਵਾਇਰਸ ਨਾਲ ਸੰਕਰਮਿਤ ਇੱਕ ਨਰਸ ਦੀ ਮੌਤ ਹੋ ਗਈ। ਰਾਜ ਵਿੱਚ ਨਿਪਾਹ ਕਾਰਨ ਮੌਤ ਹੋਣ ਦਾ ਇਹ ਪਹਿਲਾ ਮਾਮਲਾ ਹੈ। ਹਸਪਤਾਲ ਦੇ ਸੂਤਰਾਂ ਅਨੁਸਾਰ, ਮ੍ਰਿਤਕ ਨਰਸ ਲੰਬੇ ਸਮੇਂ ਤੋਂ ਕ੍ਰਿਟੀਕਲ ਕੇਅਰ ਯੂਨਿਟ () ਵਿੱਚ ਭਰਤੀ ਸੀ ਅਤੇ ਫੇਫੜਿਆਂ ਵਿੱਚ ਮੁੜ ਇਨਫੈਕਸਨ ਹੋਣ ਕਾਰਨ ਉਸ ਦੀ ਹਾਲਤ ਵਿਗੜ ਗਈ ਸੀ। ਇਸ ਵੇਲੇ ਇੱਕ ਹੋਰ ਨਰਸ ਵੀ ਉਸੇ ਹਸਪਤਾਲ ਵਿੱਚ ਸੰਕਰਮਿਤ ਪਾਈ ਗਈ ਹੈ, ਜਿਸ ਨੂੰ ਸਖਤ ਡਾਕਟਰੀ ਨਿਗਰਾਨੀ ਹੇਠ ਰੱਖਿਆ ਗਿਆ ਹੈ। ਸਿਹਤ ਵਿਭਾਗ ਨੇ ਸੰਕਰਮਿਤ ਨਰਸਾਂ ਦੇ ਸੰਪਰਕ ਵਿੱਚ ਆਏ ਲੋਕਾਂ ਦੀ ਭਾਲ ( ) ਸ਼ੁਰੂ ਕਰ ਦਿੱਤੀ ਹੈ, ਹਾਲਾਂਕਿ ਹੁਣ ਤੱਕ ਹੋਰ ਸਾਰੇ ਟੈਸਟ ਨੈਗੇਟਿਵ ਆਏ ਹਨ। ਨਿਪਾਹ ਇੱਕ ਖਤਰਨਾਕ ਵਾਇਰਸ ਹੈ ਜੋ ਮੁੱਖ ਤੌਰ ’ਤੇ ‘ਫਰੂਟ ਬੈਟ’ (ਚਮਗਿੱਦੜਾਂ) ਵੱਲੋਂ ਜੂਠੇ ਕੀਤੇ ਫਲਾਂ ਰਾਹੀਂ ਫੈਲਦਾ ਹੈ। ਇਸ ਦੇ ਮੁੱਖ ਲੱਛਣਾਂ ਵਿੱਚ ਤੇਜ ਬੁਖਾਰ, ਸਿਰਦਰਦ, ਉਲਟੀਆਂ ਅਤੇ ਸਾਹ ਲੈਣ ਵਿੱਚ ਤਕਲੀਫ ਸਾਮਲ ਹੈ। ਗੰਭੀਰ ਸਥਿਤੀ ਵਿੱਚ ਮਰੀਜ 24 ਤੋਂ 48 ਘੰਟਿਆਂ ਅੰਦਰ ਕੋਮਾ ਵਿੱਚ ਜਾ ਸਕਦਾ ਹੈ। ਮਾਹਿਰਾਂ ਅਨੁਸਾਰ ਇਸ ਦੀ ਮੌਤ ਦਰ 50 ਤੋਂ 60 ਪ੍ਰਤੀਸਤ ਤੱਕ ਹੈ ਅਤੇ ਫਿਲਹਾਲ ਇਸਦਾ ਕੋਈ ਪ੍ਰਮਾਣਿਤ ਇਲਾਜ ਜਾਂ ਵੈਕਸੀਨ ਉਪਲਬਧ ਨਹੀਂ ਹੈ।

## ਪੰਜਾਬ ਸਰਕਾਰ ਸਿੱਖਿਆ ਦੇ ਮੌਲਿਕ ਅਧਿਕਾਰ ਨੂੰ ਜ਼ਮੀਨੀ ਪੱਧਰ ’ਤੇ ਲਾਗੂ ਨਹੀਂ ਕਰ ਸਕੀ: ਬ੍ਰਿਸ ਭਾਨ ਬੁਜਰਕ

ਦਿੜ੍ਹਬਾ ਮੰਡੀ 24 ਫਰਵਰੀ। ਪੰਜਾਬ ਸਰਕਾਰ ਆਰ.ਟੀ. ਈ. ਐਕਟ ਸਿੱਖਿਆ ਦੇ ਮੌਲਿਕ ਅਧਿਕਾਰ ਨੂੰ ਜ਼ਮੀਨੀ ਪੱਧਰ ’ਤੇ ਲਾਗੂ ਕਰਨ ਵਿੱਚ ਅਸਫਲ ਰਹੀ ਹੈ। ਜਦੋਂ ਨਿੱਜੀ ਸਕੂਲਾਂ ਉੱਤੇ 25 ਫੀਸਦੀ ਰਾਖਵਾਂਕਰਨ ਦੇਣ ਲਈ ਦਬਾਅ ਪਾਇਆ ਜਾ ਰਿਹਾ ਹੈ, ਦੂਸਰੇ ਪਾਸੇ ਬਣਦੇ ਨਿਯਮਾਂ ਦੇ ਮੁਤਾਬਕ ਪੰਜਾਬ ਸਰਕਾਰ ਵੱਲੋਂ ਨਿੱਜੀ ਸਕੂਲਾਂ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਖਰਚਾ ਨਹੀਂ ਦਿੱਤਾ ਜਾ ਰਿਹਾ, ਜਦੋਂਕਿ ਡੇਢ ਲੱਖ ਤੋਂ ਵੱਧ ਬੱਚੇ ਮੁਢਲੀ ਸਿੱਖਿਆ ਤੋਂ ਵਾਂਝੇ ਘੁੰਮ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਰ.ਟੀ.ਆਈ. ਮਾਹਰ ਅਤੇ ਸਮਾਜ ਸੇਵੀ ਬ੍ਰਿਸ ਭਾਨ ਬੁਜਰਕ ਨੇ ਕੀਤਾ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਮੌਲਿਕ ਅਧਿਕਾਰ ਆਰ.ਟੀ.ਈ. ਨੂੰ ਪੰਜਾਬ ਸਰਕਾਰ ਲਾਗੂ ਕਰਨ ਵਿੱਚ ਅਸਫਲ ਰਹੀ ਹੈ ਕਿਉਂਕਿ ਪ੍ਰਤੀ ਵਿਦਿਆਰਥੀ ਦਾ ਪ੍ਰਤੀ ਸਾਲ ਦੇ ਹਿਸਾਬ ਨਾਲ ਤਕਰੀਬਨ 25 ਹਜਾਰ ਰੁਪਏ ਆਰ.ਟੀ.ਈ.ਦੇ ਤਹਿਤ ਨਿੱਜੀ ਸਕੂਲਾਂ ਨੂੰ ਦੇਣਾ ਹੁੰਦਾ ਹੈ, ਪਰ ਪੰਜਾਬ ਸਰਕਾਰ ਅਤੇ ਇਸ ਦੀ ਅਫਸਰਸ਼ਾਹੀ ਵੱਲੋਂ ਸਿਰਫ ਖਾਨਾਪੂਰਤੀ ਹੀ ਕੀਤੀ ਜਾ ਰਹੀ ਹੈ, ਕਿਉਂਕਿ ਪੇਂਡੂ ਖੇਤਰਾਂ ਵਿਚ ਚੱਲ ਰਹੇ ਨਿੱਜੀ ਸਕੂਲ ਮਾਲਕਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਉਨ੍ਹਾਂ ਨੂੰ 25 ਹਜ਼ਾਰ ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਖਰਚਾ ਦੇਵੇ ਤਾਂ ਉਹ 25 ਪ੍ਰਤੀਸ਼ਤ ਦੀ ਬਜਾਏ 100 ਪ੍ਰਤੀਸ਼ਤ ਬੱਚਿਆਂ ਨੂੰ ਫਰੀ ’ਚ ਪੜ੍ਹਾਉਣ ਲਈ ਤਿਆਰ ਹਨ। ਉਨ੍ਹਾਂ ਨੂੰ ਪੇਂਡੂ ਖੇਤਰਾਂ ਵਿੱਚੋਂ 10- 12 ਹਜ਼ਾਰ ਰੁਪਏ ਤੋਂ ਵੱਧ ਦਾ ਖਰਚ ਨਹੀਂ ਮਿਲਦਾ ਜਦੋਂਕਿ ਨਿਯਮਾਂ ਦੇ ਮੁਤਾਬਿਕ ਆਰ.ਟੀ.ਈ. ਦੇ ਤਹਿਤ 25 ਹਜਾਰ ਰੁਪਏ ਪ੍ਰਤੀ ਬੱਚੇ ਦਾ ਖਰਚਾ ਸਰਕਾਰ ਨੂੰ ਦੇਣਾ ਪੈਣਾ ਹੈ। ਜਿਸ ਕਰਕੇ ਪੰਜਾਬ ਹਰਿਆਣਾ ਹਾਈਕੋਰਟ ਨੂੰ ਦਿਖਾਉਣ ਲਈ ਸਿੱਖਿਆ ਵਿਭਾਗ ਵੱਲੋਂ ਇਕ ਪੋਰਟਲ ਤਿਆਰ ਕਰਕੇ ਉਸ ਉੱਤੇ ਬੱਚਿਆਂ ਦੀ ਜਿਹੜੀ ਸੂਚੀ ਪਾਈ ਜਾ ਰਹੀ ਹੈ। ਉਸ ਦਾ ਅਸਲ ’ਚ ਸਿੱਖਿਆ ਦੇ ਮੌਲਿਕ ਅਧਿਕਾਰ ਨਾਲ ਕੋਈ ਸਬੰਧ ਨਹੀਂ ਹੈ। ਬ੍ਰਿਸ ਭਾਨ ਬੁਜਰਕ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਅਧਿਕਾਰ ਨੂੰ ਲਾਗੂ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਸਿੱਖਿਆ ਵਿਭਾਗ ਦੇ ਅਫਸਰਾਂ ਅਤੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਮੌਲਿਕ ਅਧਿਕਾਰ ਦੇ ਨਾਂ ਤੇ ਸਿਰਫ ਇਕ ਖਾਨਾਪੂਰਤੀ ਹੀ ਕੀਤੀ ਜਾ ਰਹੀ ਹੈ। ਕਿਉਂਕਿ ਸਰਕਾਰ ਇਸ ਐਕਟ ਦੇ ਤਹਿਤ ਪ੍ਰਤੀ ਬੱਚੇ ਦਾ ਨਿਰਧਾਰਤ ਕੀਤਾ ਖਰਚਾ ਨਹੀਂ ਦੇ ਸਕਦੀ।



# ਪੁਲਸ ਦੀ ਕਾਰਵਾਈ ਕਿਸਾਨਾਂ ਦੇ ਲੋਕਤੰਤਰੀ ਅਧਿਕਾਰਾਂ ’ਤੇ ਸ਼ਰਮਨਾਕ ਹਮਲਾ : ਸੁਖਪਾਲ ਖਹਿਰਾ

ਚੰਡੀਗੜ੍ਹ/ਜਲੰਧਰ 24 ਫਰਵਰੀ। ਸੀਨੀਅਰ ਕਾਂਗਰਸ ਆਗੂ ਅਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਬੀਕੇਯੂ (ਉਗਰਾਹਾਂ) ਦੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ ’ਤੇ ਪੰਜਾਬ ਪੁਲਸ ਵੱਲੋਂ ਕੀਤੇ ਗਏ ਬਲ ਪ੍ਰਯੋਗ ਦੀ ਸਖਤ ਨਿੰਦਾ ਕਰਦੇ ਹੋਏ ਇਸਨੂੰ ਕਿਸਾਨ ਭਾਈਚਾਰੇ ਦੇ ਲੋਕਤੰਤਰੀ ਅਧਿਕਾਰਾਂ ’ਤੇ ਸ਼ਰਮਨਾਕ ਅਤੇ ਗੈਰ-ਸੰਵਿਧਾਨਕ ਹਮਲਾ ਕਰਾਰ ਦਿੱਤਾ। ਖਹਿਰਾ ਨੇ ਕਿਹਾ ਕਿ ਇਹ ਬਹੁਤ ਹੀ ਦੁੱਖਦਾਈ ਹੈ ਕਿ ਕਿਸਾਨਾਂ ਦੀਆਂ ਜਾਇਜ਼ ਮੰਗਾਂ ’ਤੇ ਗੱਲਬਾਤ ਕਰਨ ਅਤੇ ਉਨ੍ਹਾਂ ਦੀਆਂ ਅਸਲ ਸਮੱਸਿਆਵਾਂ ਦਾ ਹੱਲ ਲੱਭਣ ਦੀ ਬਜਾਏ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਲਾਠੀਚਾਰਜ, ਗ੍ਰਿਫ਼ਤਾਰੀਆਂ ਅਤੇ ਡਰਾਉਣ-ਧਮਕਾਉਣ ਦਾ ਰਾਹ ਅਪਣਾਇਆ। ਉਨ੍ਹਾਂ ਕਿਹਾ, “ਇਹ ਕਾਰਵਾਈ ਆਮ ਆਦਮੀ ਪਾਰਟੀ ਸਰਕਾਰ ਦੀ ਕਿਸਾਨ ਵਿਰੋਧੀ ਸੋਚ ਅਤੇ ਨੀਅਤ ਨੂੰ ਬੇਨਕਾਬ ਕਰਦੀ ਹੈ, ਜਿਸ ਨੇ ਪੰਜਾਬ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਬਣੇ ਕਿਸਾਨ ਵਰਗ ਨਾਲ ਧੋਖਾ ਕੀਤਾ ਹੈ। ਉਨ੍ਹਾਂ ਅੱਗੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ’ਚ ਬੈਠੇ ਆਪਣੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਇਸ਼ਾਰਿਆਂ ’ਤੇ ਕੰਮ ਕਰ ਰਹੇ ਹਨ ਅਤੇ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਉਣ ਲਈ ਦਮਨਕਾਰੀ ਤਰੀਕੇ ਅਪਣਾ ਰਹੇ ਹਨ। ਖਹਿਰਾ ਨੇ ਕਿਹਾ, “ਲੋਕਤਾਂਤਰਿਕ ਪ੍ਰਦਰਸ਼ਨਾਂ ਨੂੰ ਕੁਚਲਣ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਵਧ ਰਹੀ ਪ੍ਰਵਿਰਤੀ ਇਸਦੀ ਅਸਹਿਨਸ਼ੀਲਤਾ ਅਤੇ ਤਾਨਾਸ਼ਾਹੀ ਰਵੱਈਏ ਨੂੰ ਦਰਸਾਉਂਦੀ ਹੈ। ਖਹਿਰਾ ਨੇ ਕਿਹਾ ਕਿ ਹਾਲ ਹੀ ਵਿੱਚ ਅਧਿਆਪਕਾਂ, ਕਿਸਾਨਾਂ ਅਤੇ ਹੋਰ ਕਰਮਚਾਰੀ ਯੂਨੀਅਨਾਂ ਸਮੇਤ ਵੱਖ-ਵੱਖ ਪ੍ਰਦਰਸ਼ਨਕਾਰੀ ਸੰਗਠਨਾਂ ਖ਼?ਲਾਫ਼ ਪੁਲਸ ਦੀ ਵਾਰ-ਵਾਰ ਹੋ ਰਹੀ ਜ਼ਿਆਦਤੀ ਇਹ ਸਪਸ਼ਟ ਕਰਦੀ ਹੈ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਪੰਜਾਬ ਨੂੰ ਇੱਕ ਪੁਲਸ ਸਟੇਟ ਵਿੱਚ ਤਬਦੀਲ ਕਰ ਦਿੱਤਾ ਹੈ, ਜਿੱਥੇ ਕਿਸੇ ਨੂੰ ਵੀ ਸਰਕਾਰ ਦੀ ਆਲੋਚਨਾ ਕਰਨ ਜਾਂ ਅਸਹਿਮਤੀ ਪ੍ਰਗਟ ਕਰਨ ਦੀ ਆਜ਼ਾਦੀ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ, “ਸ਼ਾਂਤਮਈ ਅਤੇ ਜਾਇਜ਼ ਪ੍ਰਦਰਸ਼ਨਾਂ ਦੀਆਂ ਆਵਾਜ਼ਾਂ ਨੂੰ ਬਲ ਦੇ ਜ਼ਰੀਏ ਦਬਾਉਣਾ ਲੋਕਤੰਤਰ ਲਈ ਖ਼ਤਰਨਾਕ ਹੈ ਅਤੇ ਇਹ ਸ਼ਾਂਤਮਈ ਅੰਦੋਲਨ ਦੇ ਸੰਵਿਧਾਨਕ ਅਧਿਕਾਰਾਂ ਨੂੰ ਕਮਜ਼ੋਰ ਕਰਦਾ ਹੈ। ਖਹਿਰਾ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਨੂੰ ਕਿਸਾਨ ਅੰਦੋਲਨਾਂ ਦੀ ਮਾਣਯੋਗ ਪਰੰਪਰਾ ਰਹੀ ਹੈ ਅਤੇ ਸ਼ਾਂਤਮਈ ਪ੍ਰਦਰਸ਼ਨਾਂ ਨੂੰ ਪੁਲਸ ਬਲ ਨਾਲ ਕੁਚਲਣ ਦੀ ਕੋਈ ਵੀ ਕੋਸ਼ਿਸ਼ ਕਿਸਾਨ ਭਾਈਚਾਰੇ ਵਿੱਚ ਗੁੱਸੇ ਅਤੇ ਅਣਭਰੋਸੇ ਨੂੰ ਹੋਰ ਵਧਾਏਗੀ। ਉਨ੍ਹਾਂ ਕਿਹਾ, “ਕਿਸਾਨ ਅਪਰਾਧੀ ਨਹੀਂ ਹਨ; ਉਹ ਸਾਡੇ ਅੰਨਦਾਤਾ ਹਨ ਅਤੇ ਉਨ੍ਹਾਂ ਨਾਲ ਸਤਿਕਾਰ, ਨਿਆਂਏ ਅਤੇ ਅਰਥਪੂਰਨ ਗੱਲਬਾਤ ਹੋਣੀ ਚਾਹੀਦੀ ਹੈ, ਨਾ ਕਿ ਲਾਠੀਆਂ ਅਤੇ ਬੈਰੀਕੇਡ। ਭੁਲੱਥ ਦੇ ਵਿਧਾਇਕ ਨੇ ਮੰਗ ਕੀਤੀ ਕਿ ਗ੍ਰਿਫ਼ਤਾਰ ਕੀਤੇ ਗਏ ਸਾਰੇ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਉਨ੍ਹਾਂ ਖ਼?ਲਾਫ਼ ਦਰਜ ਸਾਰੇ ਮਾਮਲੇ ਤੁਰੰਤ ਵਾਪਸ ਲਏ ਜਾਣ ਅਤੇ ਉਨ੍ਹਾਂ ਦੇ ਮਸਲਿਆਂ ਦੇ ਹੱਲ ਲਈ ਸਰਕਾਰ ਵੱਲੋਂ ਜਲਦ ਤੋਂ ਜਲਦ ਰਚਨਾਤਮਕ ਅਤੇ ਗੰਭੀਰ ਸੰਵਾਦ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ।



# ਸੁਖਜਿੰਦਰ ਰੰਧਾਵਾ ਵੱਲੋਂ ਵਿਕਾਸ ਕਾਰਜਾਂ ਦਾ ਜਾਇਜ਼ਾ, ਕੇਂਦਰੀ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਦੇ ਦਿੱਤੇ ਨਿਰਦੇਸ਼

**ਕੌਮੀ ਪਤ੍ਰਿਕਾ**

ਗੁਰਦਾਸਪੁਰ 24 ਫਰਵਰੀ। ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਦੇ ਸਮੂਹ ਵਿਭਾਗੀ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦਾ ਮੁੱਖ ਉਦੇਸ਼ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣਾ ਅਤੇ ਇਨ੍ਹਾਂ ਦਾ ਲਾਭ ਅਸਲ ਲੋੜਵੰਦਾਂ ਤੱਕ ਪਹੁੰਚਾਉਣਾ ਯਕੀਨੀ ਬਣਾਉਣਾ ਸੀ। ਮੀਟਿੰਗ ਦੌਰਾਨ ਮਨਰੇਗਾ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਸਵੱਛ ਭਾਰਤ ਮਿਸ਼ਨ ਅਤੇ ਸਿਹਤ ਵਿਭਾਗ ਨਾਲ ਸਬੰਧਤ ਕੇਂਦਰੀ ਸਕੀਮਾਂ ਦੀ ਮੌਜੂਦਾ ਸਥਿਤੀ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਰੰਧਾਵਾ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਵਿੱਚ ਪੂਰੀ ਪਾਰਦਰਸ਼ਤਾ ਵਰਤੀ ਜਾਵੇ ਅਤੇ ਅਧੂਰੇ ਪਏ ਪ੍ਰੋਜੈਕਟਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਕੇਂਦਰ ਸਰਕਾਰ ਵੱਲੋਂ ਭੇਜੇ ਗਏ ਫੰਡਾਂ ਦੀ ਵਰਤੋਂ ਸਹੀ ਥਾਂ ਅਤੇ ਲੋਕਾਂ ਦੀ ਸਹੂਲਤ ਲਈ ਹੋਣੀ ਚਾਹੀਦੀ ਹੈ ਤਾਂ ਜੋ ਜ਼ਿਲ੍ਹੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਸਕੇ। ਐੱਮ.ਪੀ. ਰੰਧਾਵਾ ਨੇ ਅਧਿਕਾਰੀਆਂ ਨੂੰ ਕਿਹਾ ਕਿ ਦਫ਼ਤਰਾਂ ਵਿੱਚ ਆਉਣ ਵਾਲੇ ਆਮ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਪਹਿਲ ਦੇ ਆਧਾਰ ’ਤੇ ਕੀਤਾ ਜਾਵੇ। ਸਾਡਾ ਮੁੱਖ ਮਕਸਦ ਰਾਜਨੀਤੀ ਤੋਂ ਉੱਪਰ ਉੱਠ ਕੇ ਗੁਰਦਾਸਪੁਰ ਦੇ ਹਰ ਨਾਗਰਿਕ ਤੱਕ ਸਰਕਾਰੀ ਸਹੂਲਤਾਂ ਪਹੁੰਚਾਉਣਾ ਹੈ। ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਰੰਧਾਵਾ ਨੇ ਵਿਸ਼ੇਸ਼ ਤੌਰ ’ਤੇ ਸੜਕਾਂ ਦੀ ਮੁਰੰਮਤ, ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਅਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਬੰਧਤ ਵਿਭਾਗਾਂ ਨੂੰ ਨਵੇਂ ਪ੍ਰਸਤਾਵ ਤਿਆਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਉਹ ਖੁਦ ਸਮੇਂ-ਸਮੇਂ ’ਤੇ ਇਨ੍ਹਾਂ ਕੰਮਾਂ ਦੀ ਨਿਗਰਾਨੀ ਕਰਦੇ ਰਹਿਣਗੇ। ਇਸ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਸਮੇਤ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀ ਹਾਜ਼ਰ ਸਨ।



# ਮਾਤਾ ਵੈਸ਼ਨੋ ਦੇਵੀ ਮੰਦਰ ਦੀ ਸੁਰੱਖਿਆ ਨੂੰ ਲੈ ਕੇ ਸਖ਼ਤ ਨਿਰਦੇਸ਼, ਨਿਯਮ ਤੋੜਨ ਵਾਲਿਆਂ ਖ਼ਿਲਾਫ਼ ਹੋਵੇਗੀ ਸਖ਼ਤ ਕਾਰਵਾਈ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 24 ਫਰਵਰੀ। ਮਾਤਾ ਵੈਸ਼ਨੋ ਦੇਵੀ ਨੂੰ ਆਦਿਸ਼ਕਤੀ ਮਾਂ ਦੁਰਗਾ ਦਾ ਇੱਕ ਪ੍ਰਮੁੱਖ ਸਰੂਪ ਮੰਨਿਆ ਜਾਂਦਾ ਹੈ, ਜਿਨ੍ਹਾਂ ਦਾ ਪ੍ਰਾਚੀਨ ਮੰਦਰ ਜੰਮੂ-ਕਸ਼ਮੀਰ ਦੇ ਤ੍ਰਿਕੁਟ ਪਰਬਤ ਦੀ ਕੁਦਰਤੀ ਗੁਫਾ ਵਿੱਚ ਸਥਿਤ ਹੈ। ਹਰ ਸਾਲ ਵੱਡੀ ਗਿਣਤੀ ਵਿੱਚ ਸ਼ਰਧਾਲੂ ਇੱਥੇ ਦਰਸ਼ਨਾਂ ਲਈ ਆਉਂਦੇ ਹਨ। ਮੰਦਰ ਦੇ ਭਵਨ, ਗਰਭਗ੍ਰਹਿ ਅਤੇ ਪਵਿੱਤਰ ਗੁਫਾ ਵਿੱਚ ਫੋਟੋ ਖਿੱਚਣ ਅਤੇ ਵੀਡੀਓ ਬਣਾਉਣ ਦੀ ਸਖ਼ਤ ਮਨਾਹੀ ਹੈ। ਇਸਦੇ ਬਾਵਜੂਦ ਵੀ ਕਈ ਲੋਕ ਨਿਯਮ ਤੋੜ ਕੇ ਵੀਡੀਓ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਹਾਲ ਹੀ ’ਚ ਇਕ ਕੰਟੈਂਟ ਕ੍ਰਿਏਟਰ ਕੁੜੀ ਨੇ ਹਿਡਨ ਕੈਮਰੇ ਨਾਲ ਮੰਦਰ ਦੇ ਭਵਨ ਦੀ ਵੀਡੀਓ ਬਣਾਈ ਅਤੇ ਸੋਸ਼ਲ ਮੀਡੀਆ ’ਤੇ ਵਾਇਰਲ ਕਰ ਦਿੱਤੀ। ਇਸ ਘਟਨਾ ਤੋਂ ਬਾਅਦ ਪੁਲਸ ਅਤੇ ਮਾਤਾ ਵੈਸ਼ਨੋ ਦੇਵੀ ਸ਼?ਰਾਈਨ ਬੋਰਡ ਦੇ ਸੁਰੱਖਿਆ ਸਟਾਫ ਨੇ ਨਵਾਂ ਨਿਰਦੇਸ਼ ਜਾਰੀ ਕੀਤਾ ਹੈ। ਹਾਲ ਹੀ ਵਿੱਚ ਇੱਕ ਕੰਟੈਂਟ ਕ੍ਰਿਏਟਰ ਕੁੜੀ ਨੇ ਆਪਣੇ ਚਸ਼ਮੇ ਵਿੱਚ ਲੁਕਵੇਂ (ਹਿਡਨ) ਕੈਮਰੇ ਦੀ ਵਰਤੋਂ ਕਰਕੇ ਮੰਦਰ ਦੇ ਭਵਨ ਦੀ ਵੀਡੀਓ ਬਣਾਈ ਅਤੇ ਇਸਨੂੰ ਸੋਸ਼ਲ ਮੀਡੀਆ ’ਤੇ ਵਾਇਰਲ ਕਰ ਦਿੱਤਾ। ਵੀਡੀਓ ਵਾਇਰਲ ਹੋਣ ਤੋਂ ਤੁਰੰਤ ਬਾਅਦ ਸ਼੍ਰੀ ਮਾਤਾ ਵੈਸ਼ਨੋ ਦੇਵੀ ਸ਼੍ਰਾਈਨ ਬੋਰਡ ਨੇ ਪੁਲਸ ਵਿੱਚ ਉਸ ਕੁੜੀ ਵਿਰੁੱਧ ਐਫ.ਆਈ.ਆਰ. ਦਰਜ ਕਰਵਾਈ ਹੈ। ਸ਼੍ਰਾਈਨ ਬੋਰਡ ਅਤੇ ਪੁਲਿਸ ਹੁਣ ਲੋਕਾਂ ਨੂੰ ਸਾਫ਼ ਚੇਤਾਵਨੀ ਦੇ ਰਹੇ ਹਨ ਕਿ ਮੰਦਰ ਵਿੱਚ ਨਿਯਮ ਤੋੜਨਾ ਭਾਰੀ ਪੈ ਸਕਦਾ ਹੈ। ਇਸ ਘਟਨਾ ਤੋਂ ਬਾਅਦ ਪੁਲਿਸ ਅਤੇ ਸ਼੍ਰਾਈਨ ਬੋਰਡ ਦੇ ਸੁਰੱਖਿਆ ਸਟਾਫ ਨੇ ਨਵੇਂ ਨਿਰਦੇਸ਼ ਜਾਰੀ ਕੀਤੇ ਹਨ। ਹੁਣ ਮੰਦਰ ਵਿੱਚ ਤਿੰਨ-ਪੱਧਰੀ ਸੁਰੱਖਿਆ ਜਾਂਚ ਕੀਤੀ ਜਾ ਰਹੀ ਹੈ। ਕਟੜਾ ਤੋਂ ਲੈ ਕੇ ਮੰਦਰ ਤੱਕ ਹਰ ਸ਼ਰਧਾਲੂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ। ਜੇਕਰ ਕੋਈ ਸ਼ਰਧਾਲੂ ਗੁਪਤ ਕੈਮਰੇ ਜਾਂ ਕਿਸੇ ਵੀ ਇਲੈਕਟ?ਰਾਨਿਕ ਯੰਤਰ ਨਾਲ ਮੰਦਰ ਵਿੱਚ ਪਾਇਆ ਜਾਂਦਾ ਹੈ, ਤਾਂ ਉਸ ਨੂੰ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੰਦਰ ਪ੍ਰਸ਼ਾਸਨ ਅਨੁਸਾਰ, ਇਹ ਪਾਬੰਦੀ ਮੰਦਰ ਦੀ ਸੁਰੱਖਿਆ, ਮਰਿਆਦਾ ਅਤੇ ਸ਼ਰਧਾਲੂਆਂ ਦੀ ਪ੍ਰਾਈਵੇਸੀ ਨੂੰ ਧਿਆਨ ਵਿੱਚ ਰੱਖ ਕੇ ਲਗਾਈ ਗਈ ਹੈ। ਇਹ ਨਿਯਮ ਸਾਰਿਆਂ ਲਈ ਬਰਾਬਰ ਹਨ ਅਤੇ ਇੱਥੋਂ ਤੱਕ ਕਿ ਵੀ.ਆਈ.ਪੀ. ਅਤੇ ਵੀ.ਵੀ.ਆਈ.ਪੀ. ਸ਼ਰਧਾਲੂਆਂ ਨੂੰ ਵੀ ਭਵਨ ਦੇ ਅੰਦਰ ਵੀਡੀਓ ਜਾਂ ਫੋਟੋ ਬਣਾਉਣ ਦੀ ਇਜਾਜ਼ਤ ਨਹੀਂ ਹੈ। ਸ਼੍ਰਾਈਨ ਬੋਰਡ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਮੰਦਰ ਦੀ ਪਵਿੱਤਰਤਾ ਅਤੇ ਸੁਰੱਖਿਆ ਦਾ ਸਨਮਾਨ ਕਰਨ ਅਤੇ ਫੋਟੋ ਜਾਂ ਵੀਡੀਓ ਬਣਾਉਣ ਤੋਂ ਗੁਰੇਜ਼ ਕਰਨ।



## ਹਿਮਾਚਲ: ਕਬਾੜ ਦੇ ਕਾਰੋਬਾਰ ਨੂੰ ਲੈ ਕੇ ਦੋ ਗੁੱਟਾਂ ਵਿਚਕਾਰ ਖੂਨੀ ਝੜਪ; ਸ਼ਰੇਆਮ ਚੱਲੀਆਂ ਗੋਲੀਆਂ

ਨੈਸ਼ਨਲ ਡੈਸਕ 24 ਫਰਵਰੀ। ਉਦਯੋਗਿਕ ਲਾਂਘਾ ਨਾਲਾਗੜ੍ਹ ਦੇ ਨੰਗਲ ਖੇਤਰ ਵਿੱਚ ਉਸ ਸਮੇਂ ਹਫੜਾ-ਦਫੜੀ ਮਚ ਗਈ ਜਦੋਂ ਕਬਾੜ ਦੇ ਕਾਰੋਬਾਰ ਨਾਲ ਜੁੜੇ 2 ਗੁੱਟਾਂ ਵਿਚਾਲੇ ਸ਼ੁਰੂ ਹੋਇਆ ਵਿਵਾਦ ਟਕਰਾਅ ਖੂਨੀ ਟਕਰਾਅ ਵਿੱਚ ਬਦਲ ਗਿਆ। ਇਸ ਤੋਂ ਬਾਅਦ ਤਾੜ-ਤਾੜ ਗੋਲੀਆਂ ਚਲਾਈਆਂ ਗਈਆਂ। ਦੱਸ ਦੇਈਏ ਕਿ ਇਸ ਝਗੜੇ ਦੀ ਚੰਗਿਆੜੀ ਇੱਕ ਮਾਮੂਲੀ ਬਹਿਸ ਨਾਲ ਸ਼ੁਰੂ ਹੋਈ ਸੀ, ਜਿਸ ਨੂੰ ਦੇਖਦੇ ਹੀ ਦੇਖਦੇ ਮਾਹੌਲ ਗੋਲੀਆਂ ਚੱਲਣ ਵਾਲਾ ਬਣ ਗਿਆ। ਇਸ ਵਾਰਦਾਤ ਨਾਲ ਸਾਰਾ ਇਲਾਕਾ ਹਿੱਲ ਗਿਆ। ਦੋ ਸਮੂਹਾਂ ਵਿਚਕਾਰ ਉਦਯੋਗਿਕ ਰਹਿੰਦ-ਖੂੰਹਦ (ਸਕ੍ਰੈਪ) ਦੇ ਇਕਰਾਰਨਾਮੇ ਅਤੇ ਲੈਣ-ਦੇਣ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਚਸ਼ਮਦੀਦਾਂ ਦੇ ਅਨੁਸਾਰ, ਨੰਗਲ ਵਿੱਚ ਦੋਵੇਂ ਧਿਰਾਂ ਇੱਕ ਦੂਜੇ ਦੇ ਸਾਹਮਣੇ ਆ ਗਈਆਂ, ਜਿਨ੍ਹਾਂ ਵਲੋਂ ਇਸ ਦੌਰਾਨ ਗਰਮਾ-ਗਰਮ ਸ਼ਬਦਾਂ ਦੀ ਵਰਤੋਂ ਕੀਤੀ ਗਈ। ਜ਼ੁਬਾਨੀ ਗੱਲਬਾਤ ਜਲਦੀ ਹੀ ਝਗੜੇ ਵਿੱਚ ਬਦਲ ਗਈ। ਇਸ ਤੋਂ ਬਾਅਦ ਹਥਿਆਰਾਂ ਨਾਲ ਲੈਸ ਵਿਅਕਤੀਆਂ ਨੇ ਤਾੜ-ਤਾੜ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਬੱਦੀ ਦੇ ਪੁਲਸ ਸੁਪਰਡੈਂਟ ਵਿਨੋਦ ਧੀਮਾਨ ਨਿੱਜੀ ਤੌਰ ’ਤੇ ਵੱਡੀ ਪੁਲਸ ਫੋਰਸ ਨਾਲ ਘਟਨਾ ਸਥਾਨ ’ਤੇ ਪਹੁੰਚੇ। ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ। ਪੁਲਸ ਨੇ ਪੂਰੇ ਇਲਾਕੇ ਨੂੰ ਘੇਰ ਲਿਆ ਅਤੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਰਾਹਤ ਦੀ ਇੱਕੋ ਇੱਕ ਗੱਲ ਇਹ ਹੈ ਕਿ ਹੁਣ ਤੱਕ ਉਪਲਬਧ ਜਾਣਕਾਰੀ ਦੇ ਅਨੁਸਾਰ, ਗੋਲੀਬਾਰੀ ਵਿੱਚ ਕਿਸੇ ਵੀ ਜਾਨੀ ਨੁਕਸਾਨ ਦੀ ਪੁਸ਼ਟੀ ਨਹੀਂ ਹੋਈ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਵਾਂ ਪਾਸਿਆਂ ਦੇ ਮੁੱਖ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲੈਣ ਦੀ ਪ੍ਰਕਿਰਿਆ ਜਾਰੀ ਹੈ। ਇਲਾਕੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਵਾਧੂ ਪੁਲਸ ਬਲ ਤਾਇਨਾਤ ਕੀਤੇ ਗਏ ਹਨ। ਵਿਵਾਦ ਦੀ ਜੜ੍ਹ ਤੱਕ ਜਾਣ ਲਈ ਸਕ੍ਰੈਪ ਲੈਣ-ਦੇਣ ਦੇ ਰਿਕਾਰਡਾਂ ਦੀ ਵੀ ਜਾਂਚ ਕੀਤੀ ਜਾ ਸਕਦੀ ਹੈ। ਐਸਪੀ ਵਿਨੋਦ ਧੀਮਾਨ ਨੇ ਸਪੱਸ਼ਟ ਕੀਤਾ ਹੈ ਕਿ ਕਾਨੂੰਨ ਆਪਣੇ ਹੱਥਾਂ ਵਿੱਚ ਲੈਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਗੋਲੀਬਾਰੀ ਦੀ ਘਟਨਾ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

### ਸ਼ਮਸ਼ਾਨਘਾਟ ਦੀ ਕੰਧ ’ਤੇ ਚਿੱਟੇ ਦਾ ਸੇਵਨ ਕਰਦਾ ਮੁੰਡਾ ਕਾਬੂ

ਲੁਧਿਆਣਾ 24 ਫਰਵਰੀ। ਚਿੱਟੇ ਦਾ ਸੇਵਨ ਕਰਦੇ ਇਕ ਨਸ਼ੇੜੀ ਨੂੰ ਥਾਣਾ ਡਵੀਜ਼ਨ ਨੰਬਰ 3 ਦੀ ਪੁਲਸ ਨੇ ਕਾਬੂ ਕੀਤਾ ਹੈ। ਨਸ਼ੇੜੀ ਦੀ ਪਛਾਣ ਨੀਰਜ ਕੁਮਾਰ ਨਿਵਾਸੀ ਬਾਬ ਥਾਨ ਸਿੰਘ ਚੌਕ ਦੇ ਰੂਪ ਵਿਚ ਹੋਈ ਹੈ। ਜ਼ਿਕਰਯੋਗ ਹੈ ਕਿ ਗਊਸ਼ਾਲਾ ਰੋਡ, ਸ਼ਮਸ਼ਾਨ ਘਾਟ ਦੀ ਕੰਧ ਨਸ਼ਾ ਕਰਨ ਵਾਲੇ ਨਸ਼ੇੜੀਆਂ ਦਾ ਅੱਡਾ ਬਣ ਚੁੱਕੀ ਹੈ। ਥਾਣਾ ਡਵੀਜ਼ਨ ਨੰਬਰ 3 ਦੇ ਇਲਾਕੇ ਵਿਚ ਨਸ਼ਾ ਕਰਨ ਵਾਲੇ ਜ਼ਿਆਦਾਤਰ ਨਸ਼ੇੜੀ ਇਸੇ ਸਥਾਨ ਦਾ ਇਸਤੇਮਾਲ ਕਰਦੇ ਹਨ। ਫਿਲਹਾਲ ਪੁਲਸ ਨੇ ਨਸ਼ੇੜੀ ਨੀਰਜ ਨੂੰ ਕਾਬੂ ਕਰਕੇ ਉਸ ਤੋਂ ਇਕ ਲਾਈਟਰ, ਸਿਲਵਰ ਪੇਪਰ ਅਤੇ 10 ਰੁਪਏ ਦਾ ਮੁੜਿਆ ਹੋਇਆ ਨੋਟ ਬਰਾਮਦ ਕਰਕੇ ਐੱਨ.ਡੀ.ਪੀ.ਐੱਸ. ਐਕਟ ਦੇ ਅਧੀਨ ਕੇਸ ਦਰਜ ਕਰ ਲਿਆ ਹੈ।

## ਟਰਾਈਸਿਟੀ ਰਿੰਗ ਰੋਡ ਪ੍ਰੋਜੈਕਟ ਲਈ 1,463.95 ਕਰੋੜ ਦੀ ਮਨਜ਼ੂਰੀ ’ਤੇ ਅਸ਼ਵਨੀ ਸ਼ਰਮਾ ਵੱਲੋਂ ♦$ ਮੋਦੀ ਦਾ ਧੰਨਵਾਦ

**ਏਜੰਸੀਆਂ**

ਚੰਡੀਗੜ੍ਹ 24 ਫਰਵਰੀ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਟ?ਰਾਈਸਿਟੀ ਰਿੰਗ ਰੋਡ ਪ੍ਰੋਜੈਕਟ ਦੇ ਤਹਿਤ ਨੈਸ਼ਨਲ ਹਾਈਵੇ -2051



(ਅੰਬਾਲਾ-ਚੰਡੀਗੜ੍ਹ ਸੈਕਸ਼ਨ ਤੋਂ ਜ਼ੀਰਕਪੁਰ ਬਾਈਪਾਸ) ’ਤੇ 6-ਲੇਨ ਗ੍ਰੀਨਫੀਲਡ ਸਪੁਰ ਦੇ ਨਿਰਮਾਣ ਲਈ ?1,463.95 ਕਰੋੜ ਦੀ ਮਨਜ਼ੂਰੀ ਦੇਣ ’ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਜੀ ਦਾ ਦਿਲੋਂ ਧੰਨਵਾਦ ਕੀਤਾ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਹ ਇਤਿਹਾਸਕ ਪ੍ਰੋਜੈਕਟ ਟ?ਰਾਈਸਿਟੀ ਖੇਤਰ ਚੰਡੀਗੜ੍ਹ, ਮੋਹਾਲੀ ਤੇ ਪੰਚਕੁਲਾ ਨੂੰ ਭਾਰੀ ਟ?ਰੈਫਿਕ ਜਾਮ ਤੋਂ ਵੱਡੀ ਰਾਹਤ ਪ੍ਰਦਾਨ ਕਰੇਗਾ। ਇਸ ਨਾਲ ਨਾ ਸਿਰਫ਼ ਆਵਾਜਾਈ ਸੁਗਮ ਹੋਵੇਗੀ, ਸਗੋਂ ਖੇਤਰ ਦੀ ਆਰਥਿਕ ਗਤੀਵਿਧੀਆਂ ਨੂੰ ਵੀ ਨਵੀਂ ਰਫ਼ਤਾਰ ਮਿਲੇਗੀ। ਉਨ੍ਹਾਂ ਨੇ ਕਿਹਾ ਕਿ ਇਸ 6-ਲੇਨ ਗ੍ਰੀਨਫੀਲਡ ਸਪੁਰ ਦੇ ਨਿਰਮਾਣ ਨਾਲ ਹਿਮਾਚਲ ਪ੍ਰਦੇਸ਼ (ਖਾਸ ਕਰਕੇ ਸ਼ਿਮਲਾ ) ਤੱਕ ਤੇਜ਼ ਅਤੇ ਨਿਰਵਿਘਨ ਕਨੈਕਟੀਵਿਟੀ ਯਕੀਨੀ ਬਣੇਗੀ। ਸੜਕ ਸੁਰੱਖਿਆ ਵਿੱਚ ਵਾਧਾ ਹੋਵੇਗਾ ਅਤੇ ਪ੍ਰਦੂਸ਼ਣ ਵਿੱਚ ਕਮੀ ਆਵੇਗੀ, ਜਿਸ ਨਾਲ ਲੋਕਾਂ ਦੀ ਜ਼ਿੰਦਗੀ ਹੋਰ ਸੁਖਦਾਈ ਬਣੇਗੀ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਦੀ ਇਹ ਸੁਗਾਤ ਪੰਜਾਬ ਦੀ ਤਰੱਕੀ ਨੂੰ ਇੱਕ ਨਵੀਂ ਗਤੀ ਦੇਵੇਗੀ। ਉਨ੍ਹਾਂ ਨੇ ਕਿਹਾ ਕਿ ਜਦੋਂ ਪੰਜਾਬ ਵਿੱਚ ‘ਡਬਲ ਇੰਜਣ’ ਵਾਲੀ ਭਾਜਪਾ ਸਰਕਾਰ ਬਣੇਗੀ, ਤਾਂ ਵਿਕਾਸ ਦੀ ਇਹ ਰਫ਼ਤਾਰ ਕਈ ਗੁਣਾ ਵੱਧ ਜਾਵੇਗੀ ਅਤੇ ਸਾਡਾ ਪੰਜਾਬ ਸਹੀ ਮਾਇਨਿਆਂ ਵਿੱਚ ਇੱਕ ‘ਵਿਕਸਿਤ ਪੰਜਾਬ’ ਬਣੇਗਾ।

# ਪੰਜਾਬ ’ਚ ਬਦਲਿਆ ਮੌਸਮ ਦਾ ਮਿਜਾਜ਼, ਖੇਤੀ ਮਾਹਿਰਾਂ ਨੇ ਕਿਸਾਨਾਂ ਨੂੰ ਚੌਕਸ ਰਹਿਣ ਦੀ ਕੀਤੀ ਅਪੀਲ

**ਕੌਮੀ ਪਤ੍ਰਿਕਾ**

ਗੁਰਦਾਸਪੁਰ 24 ਫਰਵਰੀ। ਫਰਵਰੀ ਮਹੀਨੇ ਦਾ ਅੱਧਾ ਮਹੀਨਾ ਬੀਤਣ ਤੋਂ ਬਾਅਦ ਹੁਣ ਮੌਸਮ ਨੇ ਅਚਾਨਕ ਤੇਜ਼ੀ ਨਾਲ ਆਪਣਾ ਰੁਖ ਬਦਲਣਾ ਸ਼ੁਰੂ ਕਰ ਦਿੱਤਾ ਹੈ, ਜਿਸ ਦੇ ਚਲਦਿਆਂ ਇਲਾਕੇ ’ਚ ਸਰਦੀ ਦੀ ਪਕੜ ਕਮਜ਼ੋਰ ਪੈਣ ਲੱਗੀ ਹੈ ਅਤੇ ਦਿਨ ਦਿਹਾੜੇ ਗਰਮਾਹਟ ਸਪੱਸ਼ਟ ਤੌਰ ’ਤੇ ਮਹਿਸੂਸ ਹੋ ਰਹੀ ਹੈ। ਅੱਜ ਗੁਰਦਾਸਪੁਰ ਖੇਤਰ ’ਚ ਦਿਨ ਦਾ ਤਾਪਮਾਨ ਕਰੀਬ 27 ਡਿਗਰੀ ਸੈਂਟੀਗ੍ਰੇਡ ਤੱਕ ਪਹੁੰਚ ਗਿਆ, ਜਦਕਿ ਰਾਤ ਦਾ ਤਾਪਮਾਨ ਵੀ 11 ਡਿਗਰੀ ਸੈਂਟੀਗ੍ਰੇਡ ਤੋਂ ਉਪਰ ਦਰਜ ਕੀਤਾ ਗਿਆ ਹੈ। ਇਸ ਤਬਦੀਲੀ ਕਾਰਨ ਲੋਕਾਂ ਨੂੰ ਹੁਣ ਸਰਦੀ ਦੇ ਭਾਰੀ ਕੱਪੜਿਆਂ ਤੋਂ ਵੱਡੀ ਹੱਦ ਤੱਕ ਮੁਕਤੀ ਮਿਲ ਗਈ ਹੈ ਅਤੇ ਦਿਨ ਦੇ ਸਮੇਂ ਲੋਕ ਗਰਮ ਕੱਪੜੇ ਪਾਉਣ ਤੋਂ ਗੁਰੇਜ਼ ਕਰ ਰਹੇ ਹਨ। ਮੌਸਮ ’ਚ ਆਈ ਇਸ ਗਰਮੀ ਦਾ ਸਿੱਧਾ ਅਸਰ ਬਨਸਪਤੀ ਅਤੇ ਖੇਤੀਬਾੜੀ ’ਤੇ ਵੀ ਨਜ਼ਰ ਆ ਰਿਹਾ ਹੈ। ਠੰਡ ਦੀ ਮਾਰ ਕਾਰਨ ਸੁੱਕ ਚੁੱਕਾ ਘਾਹ ਅਤੇ ਫਸਲਾਂ ਦੇ ਪੱਤੇ ਹੁਣ ਮੁੜ ਨਿਕਲਣੇ ਸ਼ੁਰੂ ਹੋ ਗਏ ਹਨ ਅਤੇ ਜ਼ਿਆਦਾਤਰ ਫ਼ਲਦਾਰ ਪੌਦੇ ਤੇ ਖੇਤਾਂ ’ਚ ਖੜੀਆਂ ਫਸਲਾਂ ਧੁੱਪ ਨਾਲ ਹਰਿਆਲੀ ਅਤੇ ਤਾਜ਼ਗੀ ਨਾਲ ਮਹਿਕਣ ਲੱਗੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਕੁਝ ਹੱਦ ਤੱਕ ਰਾਹਤ ਮਹਿਸੂਸ ਹੋ ਰਹੀ ਹੈ। ਦੂਜੇ ਪਾਸੇ ਮੌਸਮ ਦੇ ਇਸ ਅਚਾਨਕ ਬਦਲਾਅ ਨੇ ਖੇਤੀ ਮਾਹਿਰਾਂ ਦੀ ਚਿੰਤਾ ਵੀ ਵਧਾ ਦਿੱਤੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਫਸਲਾਂ ਦਾ ਨਿਰੰਤਰ ਨਿਰੀਖਣ ਕਰਨਾ ਬਹੁਤ ਜ਼ਰੂਰੀ ਹੈ, ਖ਼ਾਸ ਕਰ ਕੇ ਕਣਕ ਦੀ ਫਸਲ ਨੂੰ ਇਸ ਸਮੇਂ ਵੱਖ-ਵੱਖ ਸੰਭਾਵਿਤ ਸਮੱਸਿਆਵਾਂ ਤੋਂ ਬਚਾਉਣ ਲਈ ਪੂਰੀ ਚੌਕਸੀ ਵਰਤੀ ਜਾਵੇ। ਮਾਹਿਰਾਂ ਨੇ ਸਪੱਸ਼ਟ ਕੀਤਾ ਹੈ ਕਿ ਹਾਲ ਦੀ ਘੜੀ ਕਿਸਾਨਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਅਤੇ ਨਾ ਹੀ ਕਿਸੇ ਫਸਲ ’ਤੇ ਕਿਸੇ ਗੰਭੀਰ ਬਿਮਾਰੀ ਦੀ ਪੁਸ਼ਟੀ ਹੋਈ ਹੈ, ਪਰ ਜਿਸ ਤਰ੍ਹਾਂ ਤਾਪਮਾਨ ਲਗਾਤਾਰ ਵਧ ਰਿਹਾ ਹੈ, ਉਸ ਨੂੰ ਦੇਖਦਿਆਂ ਫਸਲ ਵੱਲ ਧਿਆਨ ਰੱਖਣਾ ਬਹੁਤ ਲਾਜ਼ਮੀ ਹੈ। ਖਾਸ ਕਰ ਕੇ ਇਨ੍ਹਾਂ ਦਿਨਾਂ ’ਚ ਕਣਕ ਦੀ ਫਸਲ ਨੂੰ ਪੀਲੀ ਕੁੰਗੀ ਤੋਂ ਬਚਾਉਣ ਲਈ ਸੁਚੇਤ ਰਹਿਣ ਦੀ ਲੋੜ ਦੱਸੀ ਗਈ ਹੈ, ਕਿਉਂਕਿ ਪੰਜਾਬ ’ਚ ਹਰ ਸਾਲ ਇਸ ਬਿਮਾਰੀ ਦਾ ਸ਼ੁਰੂਆਤੀ ਹਮਲਾ ਨੀਮ ਪਹਾੜੀ ਖੇਤਰਾਂ ਜਿਵੇਂ ਰੋਪੜ, ਅਨੰਦਪੁਰ ਸਾਹਿਬ, ਨੂਰਪੁਰ ਬੇਦੀ, ਗੜ੍ਹਸ਼ੰਕਰ, ਨਵਾਂ ਸ਼ਹਿਰ, ਬਲਾਚੌਰ, ਹੁਸ਼ਿਆਰਪੁਰ, ਮਾਹਿਲਪੁਰ, ਮੁਕੇਰੀਆ, ਗੁਰਦਾਸਪੁਰ, ਡੇਰਾ ਬਾਬਾ ਨਾਨਕ, ਰਮਦਾਸ, ਕਲਾਨੌਰ ਅਤੇ ਪਠਾਨਕੋਟ ਆਦਿ ਇਲਾਕਿਆਂ ਤੋਂ ਹੁੰਦਾ ਹੈ। ਇਸ ਬਿਮਾਰੀ ’ਚ ਕਣਕ ਦੇ ਪੱਤਿਆਂ ਉੱਤੇ ਪੀਲੇ ਰੰਗ ਦੀਆਂ ਧਾਰੀਆਂ ਬਣਨ ਅਤੇ ਹਲਦੀਨੁਮਾ ਧੂੜਾ ਨਿਕਲਣ ਰਾਹੀਂ ਪਹਿਚਾਣ ਕੀਤੀ ਜਾਂਦੀ ਹੈ ਅਤੇ ਇਹ ਧੂੜਾ ਹਵਾ ਦੇ ਨਾਲ ਨੇੜਲੇ ਖੇਤਾਂ ’ਚ ਫੈਲ ਕੇ ਬਿਮਾਰੀ ਨੂੰ ਦੂਰ ਤੱਕ ਫੈਲਾ ਦਿੰਦਾ ਹੈ। ਖੇਤੀ ਮਾਹਿਰਾਂ ਅਨੁਸਾਰ ਨੀਮ ਪਹਾੜੀ ਖੇਤਰਾਂ ’ਚ ਕਣਕ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਹਾਲ ਹੀ ’ਚ ਰੋਪੜ ਦੇ ਚੰਦਪੁਰ ਬੇਲਾ ਅਤੇ ਗੁਰਦਾਸਪੁਰ ਦੇ ਕੁਝ ਪਿੰਡਾਂ ’ਚ ਇਕ-2 ਥਾਵਾਂ ’ਤੇ ਐੱਚ ਡੀ 3386, ਪੀ ਬੀ ਡਬਲਯੂ 872 ਅਤੇ ਪੀ ਬੀ ਡਬਲਯੂ 826 ਕਿਸਮਾਂ ’ਤੇ ਪੀਲੀ ਕੁੰਗੀ ਦੇ ਸ਼ੁਰੂਆਤੀ ਲੱਛਣ ਵੇਖੇ ਗਏ ਹਨ। ਕਿਸਾਨਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਜੇਕਰ ਫਸਲ ’ਚ ਅਜਿਹੇ ਲੱਛਣ ਨਜ਼ਰ ਆਉਣ ਤਾਂ ਤੁਰੰਤ ਆਪਣੇ ਨੇੜਲੇ ਖੇਤੀਬਾੜੀ ਦਫ਼ਤਰ, ਕ੍ਰਿਸ਼ੀ ਵਿਗਿਆਨ ਕੇਂਦਰ, ਫਾਰਮ ਸਲਾਹਕਾਰ ਸੇਵਾ ਕੇਂਦਰ ਜਾਂ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਸੰਪਰਕ ਕੀਤਾ ਜਾਵੇ, ਤਾਂ ਜੋ ਸਮੇਂ ਸਿਰ ਕਦਮ ਚੁੱਕ ਕੇ ਫਸਲ ਨੂੰ ਵੱਡੇ ਨੁਕਸਾਨ ਤੋਂ ਬਚਾਇਆ ਜਾ ਸਕੇ।

